ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 64 | 29 March to 4 April, 2023 | Ph.: (510) 240-5949 | Email: asrtimes@gmail.com

# ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨ ਰਿਹਾਅ ਨਾ ਕੀਤੇ ਤਾਂ ਖ਼ਾਲਸਾ ਵਹੀਰ ਆਰੰਭ ਕੀਤੀ ਜਾਵੇਗੀ : ਜਥੇਦਾਰ ਹਰਪ੍ਰੀਤ ਸਿੰਘ

## ਸਿੱਖ ਜਥੇਬੰਦੀਆਂ ਦੀ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਵਿਚਾਰ ਕਰਨ ਲਈ ਹੋਈ ਮੀਟਿੰਗ ਵਿੱਚ ਕੀਤਾ ਐਲਾਨ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸ੍ਰੀ ਅਕਾਲ ਤਖਤ ਵਿਖੇ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਸਭਾ ਸੁਸਾਇਟੀਆਂ ਅਤੇ ਨਿਹੰਗ ਜਥੇਬੰਦੀਆਂ ਦੇ ਪ੍ਰਤੀਨਿਧਾਂ ਦੀ ਪੰਜਾਬ ਦੇ ਮੌਜੂਦਾ ਹਾਲਾਤ ਅਤੇ ਸਿੱਖ ਨੌਜਵਾਨਾਂ ਦੀ ਫ਼ੜੋ-ਫ਼ੜੀ ਦੇ ਮੁੱਦੇ ਨੂੰ ਵਿਚਾਰਨ ਲਈ ਕੀਤੀ ਗਈ ਮੀਟਿੰਗ ਦੌਰਾਨ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜਥੇਦਾਰ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਨੂੰ ਅਲਟੀਮੇਟਮ ਦਿੰਦੇ ਹੋਏ ਗ੍ਰਿਫ਼ਤਾਰ ਕੀਤੇ ਸਾਰੇ ਬੇਕਸੂਰ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਤਾੜਨਾ ਕੀਤੀ ਹੈ। ਅਜਿਹਾ ਨਾ ਹੋਣ 'ਤੇ ਖਾਲਸਾ ਵਹੀਰ ਆਰੰਭ ਕਰਨ ਦਾ ਐਲਾਨ ਕੀਤਾ, ਜੋ ਪਿੰਡ-ਪਿੰਡ ਅਤੇ ਘਰ-ਘਰ ਜਾ ਕੇ ਲੋਕਾਂ ਅੱਗੇ ਸਰਕਾਰ ਦੇ (ਬਾਕੀ ਸਫ਼ਾ 29 'ਤੇ)



### ਸਿੱਖਾਂ 'ਤੇ ਕੀ ਪ੍ਰਭਾਵ ਪਾਵੇਗਾ ਜਥੇਦਾਰ ਸਾਹਿਬ ਦਾ ਸੰਦੇਸ਼



ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਪੰਜਾਬ ਪੁਲਿਸ ਵੱਲੋਂ ਫੜੇ ਗਏ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਨ ਦੇ ਪੰਜਾਬ ਸਰਕਾਰ ਨੂੰ ਦਿਤੇ ਅਲਟੀਮੇਟਮ ਕਾਰਨ ਗ੍ਰਿਫਤਾਰ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ ਆਸ ਦੀ ਕਿਰਨ ਦਿਖਾਈ ਦੇਣ ਲੱਗੀ ਹੈ ਕਿ ਸ਼ਾਇਦ ਹੁਣ ਉਹਨਾਂ ਦੇ ਨਿਰਦੋਸ਼ ਪੁੱਤਰ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਆ ਜਾਣ। ਇਸ ਤੋਂ ਇਲਾਵਾ ਆਮ ਸਿੱਖਾਂ ਵਿੱਚ ਵੀ ਜਥੇਦਾਰ ਸਾਹਿਬ ਦੇ ਇਸ ਬਿਆਨ ਦਾ ਕਾਫੀ ਪ੍ਰਭਾਵ ਵੇਖਿਆ ਜਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ 'ਤੇ ਜਦੋਂ ਵੀ ਕੋਈ ਸਮੱਸਿਆ ਆਉਂਦੀ ਹੈ ਤਾਂ ਵੱਡੀ ਗਿਣਤੀ ਸਿੱਖ ਮੁੱਖ ਤੌਰ 'ਤੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲ ਆਸ ਭਰੀਆਂ ਨਜ਼ਰਾਂ ਨਾਲ ਵੇਖਦੇ ਹਨ ਅਤੇ ਸਿੱਖਾਂ ਵਿੱਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਹਰ ਹੁਕਮ ਨੂੰ ਬਹੁਤ ਸਤਿਕਾਰ ਦਿਤਾ ਜਾਂਦਾ ਹੈ। ਹੁਣ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਦੇ ਪੱਖ ਵਿੱਚ ਆਉਣ ਕਾਰਨ ਇਹਨਾਂ ਪਰਿਵਾਰਾਂ ਨੂੰ ਕਾਫੀ ਹੌਸਲਾ ਮਿਲਿਆ ਹੈ।

### ਜਥੇਦਾਰ ਜੀ, ਜੇ ਤੁਸੀਂ ਅਲਟੀਮੇਟਮ ਹੀ ਦੇਣਾ ਹੈ ਤਾਂ ਬੇਅਦਬੀ ਅਤੇ ਗ਼ਾਇਬ ਹੋਏ ਸਰੂਪਾਂ ਬਾਰੇ ਜਾਰੀ ਕਰੋ: ਮਾਨ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗ੍ਰਿਫਤਾਰ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਨ ਸਬੰਧੀ ਦਿਤੇ ਅਲਟੀਮੇਟਮ 'ਤੇ ਆਪਣੀ ਪ੍ਰਤੀਕਿਰਿਆ ਕਰਦਿਆਂ ਕਿਹਾ ਹੈ ਕਿ ਜਥੇਦਾਰ ਸਾਹਿਬ ਅਲਟੀਮੇਟਮ ਬੇਅਦਬੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਾਇਬ ਹੋਏ ਸਰੂਪਾਂ ਲਈ ਜਾਰੀ ਕਰਨ।

ਮੁੱਖ ਮੰਤਰੀ ਨੇ ਟਵੀਟ ਕਰਕੇ ਕਿਹਾ ਕਿ "ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ, ਸਭ ਨੂੰ ਪਤਾ ਹੈ ਤੁਸੀਂ ਅਤੇ ਐਸ ਜੀ ਪੀ ਸੀ ਬਾਦਲਾਂ ਦਾ ਪੱਖ ਪੂਰਦੇ ਰਹੇ ਹੋ। ਇਤਿਹਾਸ ਵੇਖੋ, ਕਈ ਜਥੇਦਾਰਾਂ ਨੂੰ ਬਾਦਲਾਂ ਨੇ ਆਪਣੇ ਸੁਆਰਥ ਲਈ ਵਰਤਿਆ। ਚੰਗਾ ਹੁੰਦਾ ਜੇ ਤੁਸੀਂ ਅਲਟੀਮੇਟਮ ਬੇਅਦਬੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਲਈ ਜਾਰੀ ਕਰਦੇ, ਨਾ ਕਿ ਹਸਦੇ ਵਸਦੇ ਲੋਕਾਂ ਨੂੰ ਭੜਕਾਉਣ ਲਈ।"

### ਆਓ ਰਲ ਮਿਲ ਕੇ ਪੰਜਾਬ ਨੂੰ ਬਚਾਈਏ : ਗਿ. ਹਰਪ੍ਰੀਤ ਸਿੰਘ

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਂਅ ਸ਼ੋਸਲ ਮੀਡੀਆ 'ਤੇ ਪਾਈ ਗਈ ਪੋਸਟ ਤੋਂ ਬਾਅਦ ਇਸ ਦਾ ਜਵਾਬ ਦਿੰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੁੱਖ ਮੰਤਰੀ ਨੂੰ ਆਖਿਆ ਕਿ ਜਿਵੇਂ ਉਹ (ਮੁੱਖ ਮੰਤਰੀ) ਪੰਜਾਬ ਦੀ ਨੁਮਾਇੰਦਗੀ ਕਰਦੇ ਹਨ। ਉਸੇ ਤਰਾਂ ਉਹ ਵੀ ਆਪਣੀ ਕੌਮ ਦੇ ਨਿਮਾਣੇ ਜਿਹੇ ਨੁਮਾਇੰਦੇ ਹਨ। ਉਹਨਾਂ ਨੂੰ ਵੀ ਆਪਣੀ ਕੌਮ ਦੇ ਨਿਰਦੋਸ਼ ਨੌਜਵਾਨਾਂ ਦੇ ਹੱਕ ਦੀ ਗਲ ਕਰਨ ਦਾ ਅਧਿਕਾਰ ਹੈ ਤੇ ਇਹ ਉਹਨਾਂ ਦਾ ਫਰਜ਼ ਵੀ ਹੈ। ਉਹਨਾਂ ਮੁੱਖ ਮੰਤਰੀ ਨੂੰ ਕਿਹਾ ਕਿ "ਤੁਸੀਂ ਠੀਕ ਕਿਹਾ ਹੈ ਕਿ ਅਕਸਰ ਭੋਲੇ ਭਾਲੇ ਧਾਰਮਿਕ ਲੋਕਾਂ ਨੂੰ ਰਾਜਸੀ ਲੋਕ ਵਰਤ ਜਾਂਦੇ ਹਨ ਪਰ ਮੈਂ ਇਸ ਪੱਖੋਂ ਪੂਰਾ ਸੁਚੇਤ ਹਾਂ। ਤੁਸੀਂ ਆਪਣਾ ਧਿਆਨ ਰੱਖੋ, ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ, ਪੰਜਾਬ ਨੂੰ (ਬਾਕੀ ਸਫ਼ਾ 29 'ਤੇ)

### ਗਿ. ਹਰਪ੍ਰੀਤ ਸਿੰਘ ਦਾ ਟਵਿੱਟਰ ਅਕਾਊਂਟ ਭਾਰਤ 'ਚ ਬੰਦ

ਚੰਡੀਗੜ੍ਹ : ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਟਵਿੱਟਰ ਅਕਾਊਂਟ ਭਾਰਤ ਵਿੱਚ ਬੰਦ ਕਰ ਦਿਤਾ ਗਿਆ ਹੈ।

### ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਚਾਰਾਜੋਈ ਵਾਸਤੇ ਵਕੀਲਾਂ ਦੇ ਪੈਨਲ ਦਾ ਐਲਾਨ

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਦੇ ਜਬਰ ਦਾ ਸ਼ਿਕਾਰ ਹੋਏ ਸਿੱਖ ਨੌਜਵਾਨਾਂ ਅਤੇ ਜਿਨ੍ਹਾਂ ਨੌਜਵਾਨਾਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ ਲਗਾਇਆ ਗਿਆ ਹੈ, ਨੂੰ ਰੱਦ ਕਰਵਾਉਣ ਲਈ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਚਾਰਾਜੋਈ ਵਾਸਤੇ ਵਕੀਲਾਂ ਦੇ ਪੈਨਲ ਦਾ ਵੀ ਐਲਾਨ ਕੀਤਾ ਗਿਆ ਹੈ।

### ਸਿੱਖਾਂ ਦੀ ਸ਼ਾਖ ਨੂੰ ਖੋਰਾ ਲਾਉਣ ਵਾਲਿਆਂ ਨੂੰ ਕਾਨੂੰਨੀ ਨੋਟਿਸ ਭੇਜੇ ਜਾਣ

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੋਸ਼ ਲਾਇਆ ਕਿ ਸਰਕਾਰਾਂ ਦੀ ਇਸ ਕਾਰਵਾਈ ਨੇ ਸਿੱਖਾਂ ਦੇ ਕਿਰਦਾਰ ਦਾ ਘਾਣ ਕਰਨ ਦਾ ਯਤਨ ਕੀਤਾ ਹੈ। ਅਜਿਹਾ ਸਭ ਕੁਝ ਸਾਜ਼ਿਸ਼ ਤਹਿਤ ਕੀਤਾ ਗਿਆ ਹੈ। ਇਸੇ ਸਾਜ਼ਿਸ਼ ਹੇਠ ਨੈਸ਼ਨਲ ਮੀਡੀਆ ਨੇ ਸਿੱਖਾਂ ਦੀ ਸਾਖ਼ ਨੂੰ ਖੋਰਾ ਲਾਉਣ ਦਾ ਯਤਨ ਕੀਤਾ ਹੈ। ਇਹ ਗੰਭੀਰ ਮਾਮਲਾ ਹੈ ਅਤੇ ਇਸ ਦਾ ਜਵਾਬ ਉਸੇ ਢੰਗ ਨਾਲ ਦੇਣ ਦੀ ਲੋੜ ਹੈ।

## ਐਨ.ਐਸ.ਏ. ਵਰਗੀਆਂ ਧਾਰਾਵਾਂ ਖ਼ਤਮ ਕਰਾਉਣ ਲਈ ਸ਼੍ਰੋਮਣੀ ਕਮੇਟੀ ਕਰੇ ਚਾਰਾਜੋਈ : ਡਾ. ਸੁਖਪ੍ਰੀਤ ਸਿੰਘ ਉਦੋਕੇ

ਇਸ ਮੀਟਿੰਗ ਵਿੱਚ ਉੱਘੇ ਸਿੱਖ ਇਤਿਹਾਸਕਾਰ ਡਾ: ਸੁਖਪ੍ਰੀਤ ਸਿੰਘ ਉਦੋਕੇ ਨੇ ਸਿੱਖ ਕੌਮ ਦੀ ਚੜ੍ਹਦੀ ਕਲਾ ਨੂੰ ਬਣਾਈ ਰੱਖਣ ਤੇ ਸਿੱਖ ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਨਿਮਰਤਾ ਸਹਿਤ ਆਪਣੇ ਸੁਝਾਅ ਦਿੱਤੇ ਜਿਸ ਵਿੱਚ ਉਹਨਾਂ ਨੇ ਕਿਹਾ:

1:-ਕੁੱਝ ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਦੇ ਫ਼ੋਨਾਂ ਵਿੱਚੋਂ ਸਰਕਾਰ-ਏ-ਖ਼ਾਲਸਾ ਅਤੇ ਸਿੱਖ ਰਿਆਸਤਾਂ ਦੇ ਵੱਖ ਵੱਖ ਝੰਡੇ ਬਰਾਮਦ ਹੋਏ ਹਨ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਇਸ ਬਾਰੇ ਮੀਡੀਏ ਵਿੱਚ ਇਸ ਤਰ੍ਹਾਂ ਪੇਸ਼ ਕੀਤਾ ਕਿ ਸਿੱਖ ਨੌਜਵਾਨਾਂ ਕੋਲ਼ੋਂ ਖਾਲਿਸਤਾਨ ਦੇ ਝੰਡੇ ਅਤੇ ਸਾਹਿਤ ਬਰਾਮਦ ਹੋਇਆ ਹੈ। ਇਥੋਂ ਤੱਕ ਕਿ ਜੋ ਕੁੱਝ ਉਨ੍ਹਾਂ ਕੋਲੋਂ ਬਰਾਮਦ ਕੀਤਾ ਗਿਆ ਅਤੇ ਜਿਸ ਬਾਰੇ ਕੂੜ ਪ੍ਰਚਾਰ ਕੀਤਾ ਜਾ ਰਿਹਾ ਉਹ ਸਭ ਕੁੱਝ ਤਾਂ ਬਹੁਤ ਸਾਰੀਆਂ ਵੈਬ ਸਾਈਟਾਂ ਉਪਰ ਉਪਲਬਧ ਹੈ ਅਤੇ ਕਿਸੇ ਰੂਪ ਵਿੱਚ ਗ਼ੈਰਕਨੂੰਨੀ ਨਹੀਂ ਹੈ। ਇਸ ਬਾਰੇ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਮਾਣੇ ਗਏ ਸਿੱਖ ਰਾਜ ਦੇ ਚਿੰਨ੍ਹਾਂ ਅਤੇ ਨਿਸ਼ਾਨਾ ਨੂੰ ਆਧਾਰ ਬਣਾ ਕੇ ਸਿੱਖ ਨੌਜਵਾਨਾਂ ਨੂੰ ਹਿਰਾਸਤ ਵਿੱਚ ਨਹੀਂ ਲਿਆ ਜਾ ਸਕਦਾ ਅਤੇ ਇਸ ਸਿੱਖ ਤਵਾਰੀਖ ਦੇ ਤੱਥ ਸਾਂਝੇ ਕਰਨ ਤੋਂ ਕਿਸੇ ਨੂੰ ਨਹੀਂ ਰੋਕਿਆ ਜਾ ਸਕਦਾ। ਜਥੇਦਾਰ ਅਕਾਲ ਤਖਤ ਨੂੰ ਮੀਡੀਏ ਦੀ ਹਾਜ਼ਰੀ ਵਿੱਚ ਇਹ ਪੱਖ ਸਪੱਸ਼ਟ ਕਰਨਾ ਚਾਹੀਦਾ ਹੈ।



2:-ਇਸ ਸਾਰੇ ਵਰਤਾਰੇ ਅਤੇ ਸਿੱਖ ਨੌਜਵਾਨਾਂ ਦੀਆਂ ਗੈਰ ਕਨੂੰਨੀ ਹਿਰਾਸਤਾਂ ਦੇ ਖ਼ਿਲਾਫ਼ ਬਾਬਾ ਸ਼ਿੰਦਰ ਸਿੰਘ ਜੀ ਵੱਲੋਂ ਹਰੀਕੇ ਹੈੱਡ ਉੱਪਰ ਸ਼ਾਂਤਮਈ ਧਰਨਾ ਲਗਾਇਆ ਗਿਆ ਸੀ ਜਿਸ ਨੂੰ ਬਹੁਤ ਹੀ ਤਸ਼ੱਦਦ ਅਤੇ ਹਿੰਸਕ ਰੂਪ ਵਿੱਚ ਪੁਲਿਸ ਵਲੋਂ ਖਿੰਡਾਇਆ ਗਿਆ। 66 ਦੇ ਕਰੀਬ ਐਫ. ਆਈ. ਆਰ. ਦਰਜ ਕੀਤੀਆਂ ਗਈਆਂ ਅਤੇ ਗੱਡੀਆਂ ਤੱਕ ਦੀ ਭੰਨ-ਤੋੜ ਕਰਦਿਆਂ ਸੰਗਤ ਉੱਪਰ ਭਾਰੀ ਤਸ਼ੱਦਦ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਜਥੇਦਾਰ ਅਕਾਲ ਤਖਤ ਸਾਹਿਬ ਦਾ ਫ਼ਰਜ ਬਣਦਾ ਹੈ ਕਿ ਉਹ ਇਸ ਸਾਰੇ ਘਟਨਾਕ੍ਰਮ ਦੀ ਜਾਂਚ ਕਰਵਾਈ ਜਾਵੇ ਅਤੇ ਕਾਨੂੰਨੀ ਮਦਦ ਕੀਤੀ ਜਾਵੇ।

3:-ਜਿਹੜੇ ਸਿੱਖ ਨੌਜਵਾਨਾਂ ਉੱਪਰ ਐਨ. ਐਸ. ਏ. ਲੱਗਾ ਕੇ ਉਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਤੋਂ ਬਾਹਰ ਭੇਜਿਆ ਗਿਆ ਹੈ ਉਨ੍ਹਾਂ ਨੂੰ ਪੰਜਾਬ ਲਿਆਉਣ ਦੇ ਕਨੂੰਨੀ ਯਤਨ ਕੀਤੇ ਜਾਣ ਅਤੇ ਇਹ ਐਨ. ਐਸ. ਏ. ਵਰਗੀਆਂ ਧਾਰਾਵਾਂ ਖਤਮ ਕਰਾਉਣ ਦੀ ਚਾਰਾਜੋਈ ਕੀਤੀ ਜਾਵੇ।

4:-ਜਿਹੜੇ ਨੌਜਵਾਨਾਂ ਉੱਪਰ ਐਨ. ਐਸ. ਏ. (ਬਾਕੀ ਸਫ਼ਾ 29 'ਤੇ)

# ‘ਕਹੀਂ ਯੇ ਅੰਮ੍ਰਿਤਪਾਲ ਤੋ ਨਹੀਂ’?

## ’ਚ ਰੁਲ ਗਏ ਨੇ ਕਈ ਅਹਿਮ ਮੁੱਦੇ





- ਪੁਲਿਸ ਵੱਲੋਂ ਸਿੱਖ ਨੌਜਵਾਨਾਂ ਦੀ ਫੜੋ ਫੜੀ ਨੇ ਫੈਲਾਈ ਦਹਿਸ਼ਤ
- ਪੁਲਿਸ ਦੀ ਸਖ਼ਤੀ ਨੇ ਵਧਾਈ ਸਿੱਖ ਮਾਪਿਆਂ ਦੀ ਚਿੰਤਾ
- ਰਾਸ਼ਟਰੀ ਮੀਡੀਆ ਦੀ ਭਰਮਾਊ ਬਿਆਨਬਾਜ਼ੀ ਦਾ ਜਵਾਬ ਦੇਣ ਵਿੱਚ ਅਸਮਰਥ ਕਿਉਂ ਰਿਹਾ ਹੈ ਪੰਜਾਬੀ ਮੀਡੀਆ ?
- ਪੰਜਾਬ ਦੀ ਅਸਲੀ ਸਥਿਤੀ ਨੂੰ ਦਿਖਾਉਣ ਤੋਂ ਇਨਕਾਰੀ ਕਿਉਂ ਹੈ ਕੁਝ ਕੁ ਪੰਜਾਬੀ ਮੀਡੀਆ ?
- ਰਾਸ਼ਟਰੀ ਚੈਨਲਾਂ ਵੱਲੋਂ ਸਿਰਜਿਆ ਜਾ ਰਿਹਾ ਹੈ ਸਿੱਖਾਂ ਸੰਬੰਧੀ ਦਹਿਸ਼ਤ ਦਾ ਮਾਹੌਲ
- ਆਪਰੇਸ਼ਨ ਅੰਮ੍ਰਿਤਪਾਲ ਨੇ ਪੰਜਾਬੀਆਂ ਨੂੰ 1984 ਦੇ ਦੁਖਾਂਤ ਦੀ ਯਾਦ ਦਿਵਾਈ

ਪਟਿਆਲਾ/ਏ.ਟੀ.ਨਿਊਜ਼ :ਪੰਜਾਬ ਵਿੱਚ ਸਰਕਾਰ ਅਤੇ ਪੁਲਿਸ ਵੱਲੋਂ ਸ਼ੁਰੂ ਕੀਤਾ ਹੋਇਆ ਆਪਰੇਸ਼ਨ ਅੰਮ੍ਰਿਤਪਾਲ ਪਿਛਲੇ ਕਈ ਦਿਨਾਂ ਤੋਂ ਸੁਰਖੀਆਂ ਵਿੱਚ ਹੈ। ਇਸ ਅਪਰੇਸ਼ਨ ਦੌਰਾਨ ਪੰਜਾਬੀਆਂ ਦੇ ਵੱਡੇ ਅਤੇ ਮਹੱਤਵਪੂਰਨ ਮਸਲੇ ਰੁਲ ਗਏ ਹਨ।

ਇਸ ਸਮੇਂ ਬੇਰੁਜ਼ਗਾਰੀ, ਨਸ਼ੇ, ਮਹਿੰਗਾਈ, ਸਰਕਾਰੀ ਦਫਤਰਾਂ ਵਿੱਚ ਫੈਲਿਆ ਭ੍ਰਿਸ਼ਟਾਚਾਰ, ਬਰਸਾਤ ਕਾਰਨ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਹੋਈ ਕਣਕ ਅਤੇ ਹੋਰ ਫਸਲਾਂ ਦਾ ਖਰਾਬ ਹੋਣਾ, ਖੂਨ ਪੀਣੀਆਂ ਸੜਕਾਂ, ਅਮਨ ਕਾਨੂੰਨ ਦੀ ਵਿਗੜ ਰਹੀ ਸਥਿਤੀ, ਜ਼ਮੀਨ ਹੇਠਲੇ ਪਾਣੀ ਦਾ ਪੱਧਰ ਨੀਂਵਾ ਹੋਣਾ, ਦਰਿਆਈ ਪਾਣੀਆਂ ਦਾ ਮਸਲਾ, ਆਮਦਨੀ ਦੇ ਸਰੋਤ ਘੱਟ ਹੋਣੇ, ਲੁੱਟ ਖੋਹ ਦੀਆਂ ਘਟਨਾਵਾਂ ਵਿੱਚ ਹੋ ਰਿਹਾ ਵਾਧਾ, ਪਰਵਾਸ ਕਾਰਨ ਖਾਲੀ ਹੋ ਰਿਹਾ ਪੰਜਾਬ, ਮਸਾਲਿਆਂ ਨਾਲ ਪਕਾਈਆਂ ਸਬਜ਼ੀਆਂ ਅਤੇ ਫਲ, ਆਵਾਜਾਈ ਵਿੱਚ ਆਪਾ ਧਾਪੀ ਦਾ ਮਾਹੌਲ, ਨੌਜਵਾਨਾਂ ਵਿੱਚ ਵੱਧ ਰਿਹਾ ਤਨਾਓ, ਪ੍ਰਾਈਵੇਟ ਸਕੂਲਾਂ ਤੇ ਕਾਲਜਾਂ ਦੀਆਂ ਭਾਰੀ ਫੀਸਾਂ ਸਮੇਤ ਪੰਜਾਬੀਆਂ ਦੇ ਅਨੇਕਾਂ ਹੋਰ ਮੁੱਖ ਮਸਲੇ ਹਨ, ਜੋ ਕਿ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਅਪਰੇਸ਼ਨ ਅੰਮ੍ਰਿਤਪਾਲ ਕਾਰਨ ਅਣਗੋਲੇ ਹੋ ਕੇ ਰਹਿ ਗਏ ਹਨ।

ਇਸੇ ਰੌਲੇ ਗੋਲੇ ਵਿੱਚ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਦੀ ਜ਼ਮਾਨਤ ਦਾ ਮਾਮਲਾ, ਬਾਬੇ ਬੌਹੜ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬੀਆਂ ਦੇ ਨਾਮ ਲਿਖੇ ਦੋ ਪੰਨਿਆਂ ਦੇ ਪੱਤਰ ਵਾਲਾ ਪੈਂਤੜਾ, ਵਿਧਾਨ ਸਭਾ ਦਾ ਬਜਟ ਸ਼ੈਸ਼ਨ, ਜੀ 20 ਸੰਮੇਲਨ ਦੀਆਂ ਪ੍ਰਾਪਤੀਆਂ, ਨਵਜੋਤ ਸਿੰਘ ਸਿੱਧੂ ਦੀ ਰਿਹਾਈ ਵਰਗੇ ਕਈ ਮੁੱਦੇ ਵੀ ਅਣਗੌਲੇ ਰਹਿ ਗਏ ਹਨ।

ਇਸ ਦੌਰਾਨ ਪੰਜਾਬ ਵਿੱਚ ਜਿਸ ਤਰੀਕੇ ਨਾਲ ਪੰਜਾਬ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਦੀ ਫੜੋ ਫੜੀ ਕੀਤੀ ਜਾ ਰਹੀ ਹੈ,ਉਸ ਨੇ ਸਿੱਖ ਪਰਿਵਾਰਾਂ ਵਿੱਚ ਸਹਿਮ ਦਾ ਮਾਹੌਲ ਪੈਦਾ ਕਰ ਦਿਤਾ ਹੈ। ਦੂਜੇ ਪਾਸੇ ਵੱਖ- ਵੱਖ ਰਾਸ਼ਟਰੀ ਨਿਊਜ਼ ਚੈਨਲਾਂ ਵੱਲੋਂ ਜਿਸ ਤਰੀਕੇ ਨਾਲ ਅੰਮ੍ਰਿਤਪਾਲ ਦਾ ਨਾਮ ਲੈ ਕੇ ਦਹਿਸ਼ਤ ਦਾ ਮਾਹੌਲ ਸਿਰਜਿਆ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹਰ ਸਿੱਖ ਨੂੰ ਜਿਸ ਤਰੀਕੇ ਨਾਲ ਅੰਮ੍ਰਿਤਪਾਲ ਦਾ ਸਾਥੀ ਅਤੇ ਦੇਸ਼ ਵਿਰੋਧੀ ਜਾਂ ਅੱਤਵਾਦੀ ਹੋਣ ਬਾਰੇ ਭਰਮ ਪੈਦਾ ਕੀਤਾ ਜਾ ਰਿਹਾ ਹੈ, ਉਸਨੇ ਵੀ ਕਈ ਸਵਾਲ ਖੜੇ ਕਰ ਦਿਤੇ ਹਨ। ਵੱਖ- ਵੱਖ ਰਾਸ਼ਟਰੀ ਚੈਨਲਾਂ ਵੱਲੋਂ ਵਾਰ ਵਾਰ ‘ਕਹੀਂ ਯੇ ਅੰਮ੍ਰਿਤਪਾਲ ਤੋ ਨਹੀਂ’ ਕਹਿ ਕੇ ਜਿਸ ਤਰੀਕੇ ਨਾਲ ਹਰ ਸਿੱਖ ਨੌਜਵਾਨ ਵੱਲ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਿਆ ਜਾ ਰਿਹਾ ਹੈ ਅਤੇ ਸਿੱਖ ਵਿਰੋਧੀ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ, ਉਸ ਦੇ ਵੀ ਕਈ ਡੂੰਘੇ ਅਰਥ ਹਨ।



ਪੰਜਾਬ ਸਰਕਾਰ ਦਾ ਸਾਰਾ ਧਿਆਨ ਆਪਰੇਸ਼ਨ ਅੰਮ੍ਰਿਤਪਾਲ ਵੱਲ ਹੋਣ ਕਾਰਨ ਪੰਜਾਬੀਆਂ ਦੇ ਇਹਨਾਂ ਮੁੱਖ ਮਸਲਿਆਂ ਨੂੰ ਹੱਲ ਕਰਨ ਲਈ ਸਰਕਾਰੀ ਪੱਧਰ ’ਤੇ ਕੋਈ ਠੋਸ ਕਾਰਵਾਈ ਨਹੀਂ ਹੋ ਰਹੀ, ਜਿਸ ਕਾਰਨ ਪੰਜਾਬੀਆਂ ਦੇ ਇਹ ਮਸਲੇ ਠੰਡੇ ਬਸਤੇ ਵਿੱਚ ਪੈ ਗਏ ਹਨ। ਪੰਜਾਬੀਆਂ ਦੇ ਇਹਨਾਂ ਮੁੱਖ ਮਸਲਿਆਂ ਵਿਚੋਂ ਕੁਝ ਮਸਲੇ ਅਜਿਹੇ ਹਨ, ਜਿਹਨਾਂ ਦਾ ਆਪਸ ਵਿੱਚ ਵੀ ਸਬੰਧ ਹੈ। ਜਿਵੇਂ ਬੇਰੁਜ਼ਗਾਰੀ ਕਾਰਨ ਹੀ ਨੌਜਵਾਨ ਤਨਾਓ ਦਾ ਸ਼ਿਕਾਰ ਹੋ ਰਹੇ ਹਨ ਅਤੇ ਤਨਾਓ ਤੋਂ ਬਚਣ ਲਈ ਉਹ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ। ਆਮਦਨ ਘੱਟ ਹੋਣ ਕਾਰਨ ਅਤੇ ਮਹਿੰਗਾਈ ਵਿੱਚ ਵਾਧੇ ਕਾਰਨ ਆਮ ਲੋਕਾਂ ਦੇ ਘਰਾਂ ਦਾ ਬਜਟ ਹਿਲ ਗਿਆ ਹੈ ਅਤੇ ਘਰੇਲੂ ਰਸੋਈ ਦਾ ਬਜਟ ਤਾਂ ਬੁਰੀ ਤਰਾਂ ਡਾਵਾਂਡੋਲ ਹੋ ਚੁੱਕਿਆ ਹੈ।

ਪੰਜਾਬ ਵਿੱਚ ਜਦੋਂ ਵਿਧਾਨ ਸਭਾ ਚੋਣਾਂ ਹੋਈਆਂ ਸਨ ਤਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹਰ ਖੇਤਰ ਵਿੱਚ ਬਦਲਾਓ ਲਿਆਉਣ ਦਾ ਵਾਅਦਾ ਕੀਤਾ ਸੀ, ਆਮ ਆਦਮੀ ਪਾਰਟੀ ’ਤੇ ਵਿਸ਼ਵਾਸ਼ ਕਰਦਿਆਂ ਪੰਜਾਬੀਆਂ ਨੇ ਬਹੁਗਿਣਤੀ ਵਿੱਚ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆ ਗਈ। ਇਸ ਸਰਕਾਰ ਵੱਲੋਂ ਚੋਣਾਂ ਮੌਕੇ ਪੰਜਾਬੀਆਂ ਨਾਲ ਕੀਤੇ ਗਏ ਵਾਅਦਿਆਂ ਅਤੇ ਦਿਤੀਆਂ ਗਈਆਂ ਗਾਰੰਟੀਆਂ ਵਿੱਚੋਂ ਕੁਝ ਨੂੰ ਪੂਰਾ ਕਰਨ ਦਾ ਯਤਨ ਵੀ ਕੀਤਾ ਗਿਆ ਪਰ ਇਹ ਸਰਕਾਰ ਅਜੇ ਤਕ ਪੰਜਾਬੀਆਂ ਦੇ ਮੁੱਖ ਮਸਲੇ ਹੱਲ ਕਰਨ ਵਿੱਚ ਕਾਮਯਾਬ ਨਹੀਂ ਹੋਇਆ। ਇਸਦਾ ਇਕ ਕਾਰਨ ਇਸ ਸਰਕਾਰ ਦੇ ਕਾਰਜਕਾਲ ਨੂੰ ਅਜੇ ਸਿਰਫ ਇਕ ਸਾਲ ਪੂਰਾ ਹੋਣ ਦਾ ਸਮਾਂ ਹੋਣਾ ਵੀ ਮੰਨਿਆ ਜਾ ਸਕਦਾ ਹੈ। ਕਿਸੇ ਵੀ ਸਰਕਾਰ ਦੀ ਕਾਰਗੁਜਾਰੀ ਦਾ ਲੇਖਾ ਜੋਖਾ ਕਰਨ ਲਈ ਇਕ ਸਾਲ ਦਾ ਸਮਾਂ ਕਾਫੀ ਘੱਟ ਹੁੰਦਾ ਹੈ ਅਤੇ ਹਰ ਸਰਕਾਰ ਦੀ ਪੰਜ ਸਾਲ ਦੀ ਕਾਰਗੁਜਾਰੀ ਨੂੰ ਵੇਖ ਕੇ ਹੀ ਉਸਦਾ ਲੇਖਾ ਜੋਖਾ ਕੀਤਾ ਜਾਂਦਾ ਹੈ। ਇਸ ਕਰਕੇ ਆਮ ਆਦਮੀ ਪਾਰਟੀ ਕੋਲ ਅਜੇ ਚਾਰ ਸਾਲ ਦਾ ਸਮਾਂ ਪਿਆ ਹੈ, ਜਿਸ ਕਰਕੇ ਪੰਜਾਬੀਆਂ ਨੂੰ ਅਜੇ ਵੀ ਆਸ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਉਹਨਾਂ ਦੇ ਮੁੱਖ ਮਸਲਿਆਂ ਨੂੰ ਜ਼ਰੂਰ ਹਲ ਕਰੇਗੀ। ਭਾਵੇਂ ਕਿ ਪੰਜਾਬ ਦੀ ਆਪ ਸਰਕਾਰ ਵੱਲੋਂ ਪੰਜਾਬੀਆਂ ਦੇ ਮੁੱਖ ਮਸਲੇ ਹੱਲ ਕਰਨ ਲਈ ਯਤਨ ਵੀ ਕੀਤੇ ਜਾ ਰਹੇ ਹਨ ਪਰ ਇਸ ਸਮੇਂ ਪੰਜਾਬ ਵਿੱਚ ਸਰਕਾਰ ਸਮੇਤ ਸਭ ਦਾ ਧਿਆਨ ਆਪਰੇਸ਼ਨ ਅੰਮ੍ਰਿਤਪਾਲ ਵੱਲ ਹੋਣ ਕਾਰਨ ਪੰਜਾਬੀਆਂ ਦੇ (ਬਾਕੀ ਸਫ਼ਾ 29 ’ਤੇ)

### ਪੁਲਿਸ ਅੱਗੇ ਆਤਮ ਸਮਰਪਣ ਕਰੇ ਅੰਮ੍ਰਿਤਪਾਲ ਸਿੰਘ : ਜਥੇਦਾਰ ਗਿ. ਹਰਪ੍ਰੀਤ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਗੌੜੇ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਨੂੰ ਪੁਲਿਸ ਅੱਗੇ ਆਤਮ ਸਮਰਪਣ ਕਰਨ ਅਤੇ ਜਾਂਚ ਵਿੱਚ ਸਹਿਯੋਗ ਕਰਨ ਲਈ ਕਿਹਾ ਹੈ। ਜੱਥੇਦਾਰ ਨੇ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ ਕਿ ਦੁਨੀਆ ਭਰ ਦੇ ਸਿੱਖ ਹੈਰਾਨ ਹਨ ਕਿ ਭਾਰੀ ਪੁਲਿਸ ਫੋਰਸ ਹੋਣ ਦੇ ਬਾਵਜੂਦ ਉਸਨੂੰ ਕਿਵੇਂ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ।

### ਨੇਪਾਲ ’ਚ ਲੁਕਿਆ ਹੈ ਅੰਮ੍ਰਿਤਪਾਲ ਸਿੰਘ: ਭਾਰਤੀ ਦੂਤਘਰ ਦਾ ਦਾਅਵਾ

ਕਾਠਮੰਡੂ ਸਥਿਤ ਭਾਰਤੀ ਦੂਤਘਰ ਨੇ ਦਾਅਵਾ ਕੀਤਾ ਹੈ ਕਿ ਫ਼ਰਾਰ ਅੰਮ੍ਰਿਤਪਾਲ ਸਿੰਘ ਇਸ ਸਮੇਂ ਨੇਪਾਲ ਵਿੱਚ ਲੁਕਿਆ ਹੋਇਆ ਹੈ ਅਤੇ ਕਾਠਮੰਡੂ ਸਥਿਤ ਭਾਰਤੀ ਦੂਤਘਰ ਨੇ ਦੇਸ਼ ਦੀਆਂ ਸਰਕਾਰੀ ਏਜੰਸੀਆਂ ਨੂੰ ਬੇਨਤੀ ਕੀਤੀ ਹੈ ਕਿ ਜੇ ਉਹ ਭੱਜਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ। ਮਿਸ਼ਨ ਨੇ ਇਹ ਦਾਅਵਾ ਵਿਦੇਸ਼ ਮੰਤਰਾਲੇ ਦੇ ਅਧੀਨ ਕੌਂਸਲਰ ਸੇਵਾਵਾਂ ਵਿਭਾਗ ਨੂੰ ਲਿਖੇ ਪੱਤਰ ਵਿੱਚ ਕੀਤਾ ਹੈ।

## ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਹੁਣ ਪੰਜਾਬ ਪੁਲਿਸ ਦੇ ਰਾਡਾਰ ’ਤੇ

ਚੰਡੀਗੜ੍ਹ/ਏ.ਟੀ.ਨਿਊਜ਼: ਖਾਲਿਸਤਾਨੀ ਹਮਦਰਦ ਅੰਮ੍ਰਿਤਪਾਲ ਸਿੰਘ ਦੀ ਭਾਲ ਵਿੱਚ ਪੰਜਾਬ ਪੁਲਿਸ ਉਸ ਦੇ ਨਜ਼ਦੀਕੀਆਂ ’ਤੇ ਕਾਰਵਾਈ ਕਰ ਰਹੀ ਹੈ। ਇਸ ਸੂਚੀ ਵਿੱਚ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਵੀ ਹੈ, ਜੋ ਕਿ ਯੂਕੇ ਤੋਂ ਇੱਕ ਐਨਆਰਆਈ ਹੈ, ਜਿਸ ਨੇ ਇਸ ਸਾਲ ਫਰਵਰੀ ਵਿੱਚ ਅੰਮ੍ਰਿਤਪਾਲ ਸਿੰਘ ਨਾਲ ਵਿਆਹ ਕੀਤਾ ਸੀ। ਵਿਆਹ ਤੋਂ ਬਾਅਦ ਕਿਰਨਦੀਪ ਪੰਜਾਬ ਆ ਗਈ ਅਤੇ ਹੁਣ ਅੰਮ੍ਰਿਤਪਾਲ ਸਿੰਘ ਦੇ ਜੱਦੀ ਪਿੰਡ ਜੱਲੂਪੁਰ ਖੇੜਾ ਵਿੱਚ ਰਹਿੰਦੀ ਹੈ। ਉਸ ਦੇ ਪਰਿਵਾਰ ਦੀਆਂ ਜੜ੍ਹਾਂ ਜਲੰਧਰ ਤੋਂ ਦੱਸੀਆਂ ਜਾਂਦੀਆਂ ਹਨ।

**ਕਿਰਨਦੀਪ ਪੰਜਾਬ ਪੁਲਿਸ ਦੇ ਰਾਡਾਰ ’ਤੇ ਕਿਉਂ ?**

ਪੁਲਿਸ ਬੀਤੇ ਦਿਨ ਅੰਮ੍ਰਿਤਪਾਲ ਦੇ ਪਿੰਡ ਜੱਲੂਪੁਰ ਖੇੜਾ ਵਿਖੇ ਉਸ ਦੀ ਪਤਨੀ ਕਿਰਨਦੀਪ ਕੌਰ ਤੋਂ ਕਥਿਤ ਵਿਦੇਸ਼ੀ ਫੰਡਿੰਗ ਅਤੇ ਅੰਮ੍ਰਿਤਪਾਲ ਦੀਆਂ ਗਤੀਵਿਧੀਆਂ ਦੇ ਸਬੰਧ ਵਿੱਚ ਪੁੱਛਗਿੱਛ ਕਰਨ ਗਈ ਸੀ।ਪੁਲਿਸ ਨੇ ਹਾਲਾਂਕਿ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਘੰਟਾ ਚੱਲੀ ਪੁੱਛਗਿੱਛ ਦੇ ਵੇਰਵੇ ਨਹੀਂ ਦਿੱਤੇ ਹਨ।



ਇਕ ਰਿਪੋਰਟ ਅਨੁਸਾਰ, ਇਹ ਵੀ ਦੱਸਿਆ ਗਿਆ ਕਿ ਅੰਮ੍ਰਿਤਪਾਲ ਦੀ ਫੰਡਿੰਗ ਵਿਧੀ ਦਾ ਪਤਾ ਲਗਾਉਣ ਲਈ ਕਿਰਨਦੀਪ ਅਤੇ ਅੰਮ੍ਰਿਤਪਾਲ ਸਿੰਘ ਦੇ ਹੋਰ ਪਰਿਵਾਰਕ ਮੈਂਬਰਾਂ ਦੇ ਬੈਂਕ ਖਾਤਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

**ਅੱਤਵਾਦੀ ਫੰਡਿੰਗ ਦਾ ਸਰੋਤ :** ਇੱਕ ਵੱਖਵਾਦੀ ਲਹਿਰ ਨੂੰ ਚਲਾਉਣ ਲਈ ਵੱਡੀ ਮਾਤਰਾ ਵਿੱਚ ਫੰਡਿੰਗ ਦੀ ਲੋੜ ਹੁੰਦੀ ਹੈ, ਪੰਜਾਬ ਪੁਲਿਸ ਨੂੰ ਸ਼ੱਕ ਹੈ ਕਿ ਯੂਕੇ ਵਿੱਚ ਸਿੱਖ ਵੱਖਵਾਦੀ ਧੜੇ ਅੰਮ੍ਰਿਤਪਾਲ ਦੇ ਭਾਰਤ ਵਿੱਚ ਫੰਡਿੰਗ ਦੇ ਪਿੱਛੇ ਹਨ। ਦੱਸ ਦਈਏ ਕਿ ਬ੍ਰਿਟੇਨ ’ਚ ਰਹਿੰਦੇ 7 ਲੱਖ ਪੰਜਾਬੀ ਨਾਗਰਿਕਾਂ ’ਚੋਂ ਕਾਫੀ ਗਿਣਤੀ ਖਾਲਿਸਤਾਨੀ ਲਹਿਰ ਦੇ ਸਮਰਥਨ ’ਚ ਹਨ।

ਯੂਕੇ ਸਰਕਾਰ ਦੇ ਕਮਿਸ਼ਨ ਫਾਰ ਕਾਊਂਟਰਿੰਗ ਐਕਸਟ੍ਰੀਮਜ਼ਮ ਦੀ ਰਿਪੋਰਟ ਅਨੁਸਾਰ, ਯੂਕੇ ਵਿੱਚ ਖਾਲਿਸਤਾਨੀ ਹਮਦਰਦ ਯੂਕੇ ਵਿੱਚ ਵੱਖ-ਵੱਖ ਤਿਮਾਹੀਆਂ ਤੋਂ ਫੰਡਾਂ ਦਾ ਪ੍ਰਬੰਧ ਕਰਦੇ ਹਨ ਅਤੇ ਉਨ੍ਹਾਂ ਨੂੰ ਸਮਝਦਾਰੀ ਨਾਲ ਭਾਰਤ ਭੇਜਦੇ ਹਨ।

ਇਸੇ ਕਾਰਨ ਪੰਜਾਬ ਪੁਲਿਸ ਵੱਲੋਂ ਕਿਰਨਦੀਪ ਕੌਰ ਦੇ ਬੈਂਕ ਖਾਤਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

**ਅੰਮ੍ਰਿਤਪਾਲ ਸਿੰਘ ਦੇ ਤਾਜ਼ਾ ਖਰਚੇ** :ਪੰਜਾਬ ਪੁਲਿਸ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਹਾਲ ਹੀ ਵਿੱਚ ਨਵੀਆਂ SUV ਖਰੀਦੀਆਂ ਹਨ।

ਉਸ ਨੇ ਵਿਦੇਸ਼ੀ ਸਰੋਤਾਂ ਤੋਂ ਮਿਲੇ ਪੈਸਿਆਂ ਤੋਂ ਗੈਰ-ਕਾਨੂੰਨੀ ਹਥਿਆਰਾਂ ਤੋਂ ਇਲਾਵਾ 35 ਬੁਲੇਟਪਰੂਫ ਜੈਕਟਾਂ ਵੀ ਖਰੀਦੀਆਂ ਸਨ।

# ਸੈਕਰਾਮੈਂਟੋ, ਕੈਲੀਫੋਰਨੀਆ ਵਿੱਚ ਸਜਾਏ ਗਏ ਨਗਰ ਕੀਰਤਨ 'ਚ ਹਜ਼ਾਰਾਂ ਸੰਗਤਾਂ ਦਾ ਇਕੱਠ



## ਸ਼ਰਾਰਤੀ ਅਨਸਰਾਂ ਵੱਲੋਂ ਪਾਇਆ ਗਿਆ ਖਲਲ







ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) : ਸਿੱਖ ਸੋਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵਿਖੇ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿੱਚ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਵਿੱਚ ਕਰੀਬ ਦੋ ਹਫਤਿਆਂ ਤੋਂ ਪੰਜਾਬ ਚੋਂ ਆਏ ਵੱਖ ਵੱਖ ਕੀਰਤਨ ਤੇ ਕਥਾਵਾਚਕ ਜੱਥਿਆਂ ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ ਹੋਰਾਂ ਨੇ ਪਹੁੰਚ ਕੇ ਸੰਗਤਾਂ ਨੂੰ ਕਥਾ, ਕੀਰਤਨ ਅਤੇ ਗੁਰਬਾਣੀ ਨਾਲ ਨਿਹਾਲ ਕੀਤਾ।

ਇਸ ਦੌਰਾਨ ਸ਼ੁੱਕਰਵਾਰ ਨੂੰ ਨਗਰ ਕੀਰਤਨ ਤੋਂ ਪਹਿਲਾਂ ਭਾਰੀ ਆਤਿਸ਼ਵਾਜ਼ੀ ਹੋਈ ਅਤੇ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਬਦਲੇ ਗਏ ਅਤੇ ਸ਼ਾਮ ਦੇ ਕੀਰਤਨ ਦਰਬਾਰ ਹੋਏ। ਸ਼ਨੀਵਾਰ ਨੂੰ ਸਵੇਰੇ ਅੰਮ੍ਰਿਤ ਸੰਚਾਰ ਕੀਤਾ ਗਿਆ, ਜਿਸ ਵਿੱਚ ਸੈਂਕੜੇ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਸ਼ਾਮਾਂ ਦੇ ਦੀਵਾਨ ਵਿੱਚ ਵੱਖ-ਵੱਖ ਸਿੱਖ ਆਗੂਆਂ ਨੇ ਆਪਣੀਆਂ ਤਕਰੀਰਾਂ ਰਾਹੀਂ ਪੰਜਾਬ ਦੀ ਮੌਜੂਦਾ ਸਥਿਤੀ ਪ੍ਰਤੀ ਚਿੰਤਾ ਜ਼ਾਹਰ ਕੀਤੀ ਤੇ ਇਸ ਸਥਿਤੀ ਲਈ ਸਥਾਨਕ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਇਹ ਅਪੀਲਾਂ ਵੀ ਕੀਤੀਆਂ ਕਿ ਸਿੱਖ ਨੌਜਵਾਨਾਂ ਦੀ ਫੜੋ ਫੜਾਈ ਬੰਦ ਹੋਵੇ ਅਤੇ ਫੜੇ ਗਏ ਨੌਜਵਾਨਾਂ ਨੂੰ ਸਰਕਾਰ ਰਿਹਾਅ ਕਰੇ। ਕੁੱਝ ਬੁਲਾਰਿਆਂ ਨੇ ਭਾਈ ਅੰਮ੍ਰਿਤਪਾਲ ਸਿੰਘ ਬਾਰੇ ਜਿਕਰ ਕਰਦਿਆਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਬਾਰੇ ਪੰਜਾਬ ਤੇ ਕੇਂਦਰ ਸਰਕਾਰ ਡਰਾਮਾ ਕਰ ਰਹੀ ਹੈ ਅਸਲ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਪੁਲਿਸ ਹਿਰਾਸਤ ਵਿੱਚ ਹੈ। ਉਹਨਾਂ ਨੇ ਭਗਵੰਤ ਮਾਨ ਸਰਕਾਰ ਨੂੰ ਤਾੜਨਾ ਕੀਤੀ ਕਿ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਤੇ ਹਿਰਾਸਤ ਵਿੱਚ ਲਏ ਸਿੱਖ ਨੌਜਵਾਨਾਂ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਸਰਕਾਰਾਂ ਨੂੰ ਸਿੱਟੇ ਭੁਗਤਨੇ ਪੈਣਗੇ। ਸਾਰੇ ਬੁਲਾਰਿਆਂ ਨੇ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਦੇ ਪ੍ਰਬੰਧਕਾਂ ਨੂੰ ਇਸ ਪਹਿਲੇ ਨਗਰ ਕੀਰਤਨ ਆਯੋਜਨ ਕਰਨ 'ਤੇ ਵਧਾਈਆਂ ਵੀ ਦਿਤੀਆਂ। ਇਨ੍ਹਾਂ ਬੁਲਾਰਿਆਂ ਵਿੱਚ ਅਮਰੀਕਨ ਅਧਿਕਾਰੀਆਂ ਤੋਂ ਇਲਾਵਾ ਸਿੱਖ ਆਗੂਆਂ ਵਿਚੋਂ ਮੁੱਖ ਤੌਰ 'ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ , ਅਤੇ ਪ੍ਰਧਾਨ ਭਾਈ ਸੰਤ ਸਿੰਘ ਹੋਠੀ, ਅਜੂਬਾ ਸਿਟੀ ਤੋਂ ਗੁਰਨਾਮ ਸਿੰਘ ਪੰਮਾ ਅਤੇ ਮੁਖਤਿਆਰ ਚੀਮਾ ਤੋਂ ਇਲਾਵਾ ਯੁਨਾਇਟਡ ਨੇਸ਼ਨ ਵਿੱਚ ਸਿੱਖਾਂ ਬਾਰੇ ਗੱਲ ਰੱਖਣ ਵਾਲੇ ਹੋਰ ਕਈ ਸਿੱਖ ਆਗੂਆਂ ਨੇ ਆਪੋ ਆਪਣੇ ਵਿਚਾਰ ਰੱਖੇ।

ਨਗਰ ਕੀਰਤਨ ਵਾਲੇ ਦਿਨ ਰਾਗੀ ਤੇ ਕਥਾਕਾਰਾਂ ਵੱਲੋਂ ਮਨੋਹਰ ਕੀਰਤਨ ਕੀਤਾ ਗਿਆ । ਇਸ ਦੌਰਾਨ ਭਾਰੀ ਸੰਗਤਾਂ ਨੇ ਸਵੇਰ ਦੇ ਦੀਵਾਨ ਵਿੱਚ ਹਾਜ਼ਰੀ ਲਗਾਈ।ਇਸ ਤੋਂ ਬਾਅਦ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਦੇਹ ਨੂੰ ਸੁੰਦਰ ਫਲੋਟ ਵਿੱਚ ਸਜਾਇਆ ਗਿਆ। ਨਗਰ ਕੀਰਤਨ ਵਿੱਚ ਕਰੀਬ 12 ਹਜ਼ਾਰ ਤੋਂ ਉਪਰ ਸੰਗਤਾਂ ਨੇ ਸ਼ਮੂਲੀਅਤ ਕੀਤੀ ਤੇ ਵੱਖ ਵੱਖ ਹੋਰ ਫਲੋਟ ਵੀ ਨਗਰ ਕੀਰਤਨ ਵਿੱਚ ਸ਼ਾਮਿਲ ਹੋਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਪੁਲਿਸ ਸਿਕਿਊਰਟੀ ਅਤੇ ਪ੍ਰਾਈਵੇਟ ਸਿਕਿਊਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ।

ਨਗਰ ਕੀਰਤਨ ਦੌਰਾਨ ਸ਼ਰਾਰਤੀ ਅਨਸਰ ਵਲੋਂ ਖਲਲ: ਭਾਵੇਂ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸਿਕਿਉਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ ਪਰ ਫੇਰ ਵੀ ਬਾਹਰੋਂ ਆਏ ਸ਼ਰਾਰਤੀ ਅਨਸਰਾਂ ਵੱਲੋਂ ਪੁਰ ਸਕੂਨ ਚਲ ਰਹੇ ਧਾਰਮਿਕ ਸਮਾਗਮ ਵਿੱਚ ਖਲਲ ਪਾਇਆ ਗਿਆ। ਇਹ ਮੰਦਭਾਗਾ ਹੈ ਕਿ ਕੁਝ ਕੁ ਗੁੰਮਰਾਹ ਲੋਕਾਂ ਨੇ ਧਾਰਮਿਕ ਸਮਾਗਮ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਸੀ। ਮਿਲੀ ਜਾਣਕਾਰੀ ਅਨੁਸਾਰ ਇਹ ਝਗੜਾ ਬਾਹਰੋਂ ਆਏ ਦੋ ਧੜਿਆ ਵਿਚਕਾਰ ਹੋਇਆ ਤੇ ਇਸ ਦੌਰਾਨ ਗੋਲੀ ਚੱਲਣ ਨਾਲ ਦੋ ਵਿਅਕਤੀ ਜ਼ਖਮੀ ਹੋਏ। ਪਤਾ ਲੱਗਾ ਹੈ ਕਿ ਇਸ ਗੋਲਾਬਾਰੀ ਵਿੱਚ ਇੰਦਰਰਾਜ ਸਿੰਘ ਉਰਫ਼ ਫ਼ੌਜੀ ਤੇ ਤਨਵੀਰ ਸਿੰਘ ਉਰਫ਼ ਤਰਨੀ ਜ਼ਖਮੀ ਹੋ ਗਏ। ਇਸ ਮੌਕੇ ਇੰਦਰਰਾਜ ਸਿੰਘ ਫ਼ੌਜੀ ਦੇ ਗਲੇ ਵਿੱਚ ਗੋਲੀ ਲੱਗੀ ਜਦੋਂ ਕਿ ਤਨਵੀਰ ਸਿੰਘ ਤਰਨੀ ਦੇ ਲੱਕ ਵਿੱਚ ਗੋਲੀ ਵੱਜੀ ਦਸੀ ਜਾਂਦੀ ਹੈ। ਇਥੇ ਇਹ ਵੀ ਵਰਣਨਯੋਗ ਹੈ ਕਿ ਇਨ੍ਹਾਂ ਧੜਿਆਂ ਨੇ ਸਟਾਕਟਨ ਗੁਰਦੁਆਰੇ ਦੇ ਸਮਾਗਮ ਦੌਰਾਨ ਵੀ ਗੋਲਾਬਾਰੀ ਕੀਤੀ ਸੀ। ਗੰਭੀਰ ਜ਼ਖਮੀ ਹੋਏ ਇੰਦਰਰਾਜ ਫੌਜੀ ਕੋਲੋ ਪਹਿਲਾ (ਬਾਕੀ ਸਫ਼ਾ 29 'ਤੇ)

## ਟਰੰਪ ਨੇ ਵਜਾਇਆ ਚੋਣ ਬਿਗਲ

### ਆਪਣੇ ਸਮਰਥਕਾਂ ਨਾਲ ਗੱਲ ਕਰਨ ਲਈ ਰੱਖੀ ਗਈ ਇੱਕ ਰੈਲੀ ਵਿੱਚ ਆਪਣੇ ਕਾਰਜਕਾਲ ਦੀਆਂ ਪ੍ਰਾਪਤੀਆਂ ਗਿਣਵਾਈਆਂ



ਵਾਕੋ (ਟੈਕਸਾਸ),ਏ.ਟੀ. ਨਿਊਜ਼ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 25 ਮਾਰਚ, 2023 ਨੂੰ ਵਾਕੋ, ਟੈਕਸਾਸ, ਯੂਐਸ ਵਿੱਚ ਇੱਕ ਸਮਾਗਮ ਵਿੱਚ 2024 ਦੀਆਂ ਚੋਣਾਂ ਵਿੱਚ ਰਾਸ਼ਟਰਪਤੀ ਲਈ ਆਪਣੀ ਉਮੀਦਵਾਰੀ ਦਾ ਐਲਾਨ ਕਰਨ ਤੋਂ ਬਾਅਦ ਆਪਣੇ ਸਮਰਥਕਾਂ ਨਾਲ ਗੱਲ ਕਰਨ ਲਈ ਰੱਖੀ ਗਈ ਇੱਕ ਰੈਲੀ ਵਿੱਚ ਸ਼ਾਮਲ ਹੋਏ। ਟਰੰਪ ਦੀ ਵਧਦੀ ਬਿਆਨਬਾਜ਼ੀ ਨੇ ਘੱਟੋ ਘੱਟ ਉਸਦੀ ਆਪਣੀ ਪਾਰਟੀ ਦੇ ਅੰਦਰੋਂ ਕੁਝ ਨੂੰ ਦੂਰ ਕਰ ਦਿੱਤਾ ਹੈ।

ਇਸ ਮੌਕੇ ਟਰੰਪ ਨੇ ਦੇਸ਼ ਨੂੰ ਢਾਹੁਣ ਦੀ ਕੋਸ਼ਿਸ਼ ਕਰਨ ਵਾਲੀਆਂ ਸ਼ੈਤਾਨੀ ਸ਼ਕਤੀਆਂ ਦੀ ਗੱਲ ਕੀਤੀ, ਜਿਸ ਨੂੰ ਉਸਨੇ ਕਿਹਾ ਸੀ ਕਿ ਕਾਨੂੰਨੀ ਅਥਾਹ ਕੁੰਡ ਵਿੱਚ ਡਿੱਗਣ ਦਾ ਖ਼ਤਰਾ ਹੈ ਜਦੋਂ ਤੱਕ ਉਸਨੂੰ ਵ੍ਹਾਈਟ ਹਾਊਸ ਵਿੱਚ ਵਾਪਸ ਨਹੀਂ ਭੇਜਿਆ ਜਾਂਦਾ। ਟਰੰਪ ਨੇ ਸੰਯੁਕਤ ਰਾਜ ਨੂੰ ਇੱਕ ਅਸਫਲ ਰਾਜ ਦੇ ਰੂਪ ਵਿੱਚ ਦਰਸਾਇਆ ਜਿਸਦੀ ਆਰਥਿਕਤਾ ਫ੍ਰੀਫਾਲ ਵਿੱਚ ਸੀ।

ਟਰੰਪ ਨੇ ਪੁਰਾਣੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਅਤੇ ਅਤਿਅੰਤ ਦੋਸ਼ਾਂ ਅਤੇ ਨਾਮ-ਕਾਲ ਵੱਲ ਵਾਪਸ ਜਾਣ ਦਾ ਸਮਾਂ ਵੀ ਲੱਭਿਆ ਜੋ ਉਸ ਦੇ ਰਾਸ਼ਟਰਪਤੀ ਦੇ ਕਾਰਜਕਾਲ ਦੀ ਵਿਸ਼ੇਸ਼ਤਾ ਸਨ।

ਕਈ ਵਾਰ ਟਰੰਪ ਨੇ ਝੂਠੇ ਦਾਅਵੇ ਨੂੰ ਦੁਹਰਾਇਆ ਕਿ 2020 ਵਿੱਚ ਉਸਦੀ ਚੋਣ ਹਾਰ ਡੈਮੋਕਰੇਟਸ ਦੁਆਰਾ ਆਯੋਜਿਤ ਇੱਕ ਪ੍ਰਣਾਲੀਗਤ ਧੋਖਾਧੜੀ ਕਾਰਨ ਸੀ। ਉਸਨੇ ਕੁਝ ਅਮਰੀਕੀ ਅਧਿਕਾਰੀਆਂ ਅਤੇ ਸੀਨੀਅਰ ਅਮਰੀਕੀ ਸਿਆਸਤਦਾਨਾਂ, ਜਿਸ ਵਿੱਚ ਸੈਨੇਟ ਦੇ ਰਿਪਬਲਿਕਨ ਨੇਤਾ ਮਿਚ ਮੈਕਕੋਨੇਲ ਵੀ ਸ਼ਾਮਲ ਹਨ, ਨੂੰ ਚੀਨ ਜਾਂ ਰੂਸ ਨਾਲੋਂ ਅਮਰੀਕਾ ਲਈ ਇੱਕ ਵੱਡਾ ਖ਼ਤਰਾ ਦੱਸਿਆ ਅਤੇ ਮਾਰਕਸਵਾਦੀਆਂ ਅਤੇ ਕਮਿਊਨਿਸਟਾਂ ਨਾਲ ਲੜਨ ਦਾ ਦਾਅਵਾ ਕੀਤਾ।

ਟਰੰਪ ਨੇ ਕਿਹਾ ਕਿ ਜਾਂ ਤਾਂ ਡੀਪ ਸਟੇਟ ਅਮਰੀਕਾ ਨੂੰ ਤਬਾਹ ਕਰ ਦਿੰਦਾ ਹੈ ਜਾਂ ਅਸੀਂ ਡੀਪ ਸਟੇਟ ਨੂੰ ਤਬਾਹ ਕਰ ਦਿੰਦੇ ਹਾਂ।

ਟਰੰਪ ਦੇ ਭਾਸ਼ਣ ਤੋਂ ਪਹਿਲਾਂ ਬੋਲਦੇ ਹੋਏ ਮੈਟ ਸ਼ੋਮਬਰਗ ਨੇ ਕਿਹਾ ਕਿ ਉਹ ਮੰਨਦਾ ਹੈ ਕਿ ਰੈਲੀ 2024 ਦੀ ਦੌੜ ਲਈ ਉਸਦੇ ਸਮਰਥਕਾਂ ਨੂੰ ਉਤਸ਼ਾਹਤ ਕਰਨ ਦਾ ਇੱਕ ਤਰੀਕਾ ਸੀ।

ਵਾਸ਼ਿੰਗਟਨ ਵਿੱਚ ਇੱਕ ਰਿਪਬਲਿਕਨ ਰਣਨੀਤੀਕਾਰ ਰੌਨ ਬੋਨਜਿਅਨ ਨੇ ਕਿਹਾ ਕਿ ਟਰੰਪ ਬਿਨਾਂ ਜਾਲ ਦੇ ਉੱਚੇ ਤਾਰ 'ਤੇ ਚੱਲ ਰਹੇ ਹਨ। ਉਹਨਾਂ ਕਿਹਾ ਕਿ ਉਸ ਕੋਲ ਗੁਆਉਣ ਲਈ ਕੁਝ ਨਹੀਂ ਹੈ ਅਤੇ ਉਹ ਸਮਰਥਨ ਰੈਲੀ ਕਰਨ ਲਈ ਖਤਰਨਾਕ ਨਤੀਜਿਆਂ ਨੂੰ ਖਤਰੇ ਵਿੱਚ ਪਾਉਣ ਲਈ ਤਿਆਰ ਹੈ।

## ਅਮਰੀਕਾ ਦੇ ਸਕੂਲ 'ਚ ਗੋਲੀਬਾਰੀ ਦੌਰਾਨ 3 ਬੱਚਿਆਂ ਸਮੇਤ 6 ਦੀ ਮੌਤ

### ਨੌਜਵਾਨ ਸ਼ੱਕੀ ਲੜਕੀ ਦੀ ਗੋਲੀ ਮਾਰ ਕੇ ਹੱਤਿਆ



ਕੈਲੀਫੋਰਨੀਆ/ਏ.ਟੀ.ਨਿਊਜ਼ :- ਅਮਰੀਕਾ ਦੇ ਟੈਨੇਸੀ ਵਿੱਚ ਸੋਮਵਾਰ ਸਵੇਰੇ ਇੱਕ ਪ੍ਰਾਈਵੇਟ ਸਕੂਲ ਵਿੱਚ ਹੋਈ ਗੋਲੀਬਾਰੀ ਵਿੱਚ ਘੱਟੋ-ਘੱਟ ਤਿੰਨ ਬੱਚਿਆਂ ਅਤੇ ਤਿੰਨ ਬਾਲਗਾਂ ਦੀ ਮੌਤ ਹੋ ਗਈ। ਪੁਲਿਸ ਨੇ ਸ਼ੂਟਰ ਨੂੰ ਗੋਲੀ ਮਾਰ ਦਿੱਤੀ, ਜੋ ਕਿ ਇੱਕ ਅੱਲੜ੍ਹ ਕੁੜੀ ਜਾਪਦੀ ਸੀ। ਪੁਲਿਸ ਨੇ ਦੱਸਿਆ ਕਿ ਸ਼ੂਟਰ ਕੋਲ ਘੱਟੋ-ਘੱਟ ਦੋ ਅਰਧ-ਆਟੋਮੈਟਿਕ ਰਾਈਫਲਾਂ ਅਤੇ ਇੱਕ ਹੈਂਡਗਨ ਸੀ।

ਨੈਸ਼ਵਿਲ ਫਾਇਰ ਡਿਪਾਰਟਮੈਂਟ ਦੇ ਬੁਲਾਰੇ ਨੇ ਦੱਸਿਆ ਕਿ ਸੋਮਵਾਰ ਨੂੰ ਨੈਸ਼ਵਿਲ ਦੇ ਇੱਕ ਨਿੱਜੀ ਕ੍ਰਿਸ਼ਚੀਅਨ ਸਕੂਲ ਵਿੱਚ ਦੋ ਅਸਾਲਟ-ਸਟਾਈਲ ਰਾਈਫਲਾਂ ਅਤੇ ਇੱਕ ਪਿਸਤੌਲ ਨਾਲ ਇੱਕ ਮਹਿਲਾ ਨਿਸ਼ਾਨੇਬਾਜ਼ ਨੇ ਤਿੰਨ ਵਿਦਿਆਰਥੀਆਂ ਅਤੇ ਤਿੰਨ ਬਾਲਗਾਂ ਦੀ ਹੱਤਿਆ ਕਰ ਦਿੱਤੀ। ਪੁਲਿਸ ਦੀ ਗੋਲੀ ਲੱਗਣ ਨਾਲ ਸ਼ੱਕੀ ਕੁੜੀ ਦੀ ਵੀ ਮੌਤ ਹੋ ਗਈ।ਇਹ ਘਟਨਾ ਪ੍ਰੀਸਕੂਲ ਤੋਂ ਛੇਵੀਂ ਜਮਾਤ ਤੱਕ ਦੇ ਲਗਭਗ 200 ਵਿਦਿਆਰਥੀਆਂ ਲਈ ਇੱਕ ਪ੍ਰੈਸਬੀਟੇਰੀਅਨ ਸਕੂਲ, ਦ ਕੌਵੈਂਟ ਸਕੂਲ ਵਿੱਚ ਵਾਪਰੀ।

ਇਹ ਹੱਤਿਆਵਾਂ ਉਦੋਂ ਹੋਈਆਂ ਹਨ ਜਦੋਂ ਦੇਸ਼ ਦੇ ਆਲੇ-ਦੁਆਲੇ ਦੇ ਭਾਈਚਾਰੇ ਸਕੂਲੀ ਹਿੰਸਾ ਦੇ ਦੌਰ ਤੋਂ ਜੂਝ ਰਹੇ ਹਨ, ਜਿਸ ਵਿੱਚ ਪਿਛਲੇ ਸਾਲ ਯੂਵਾਲਡੇ, ਟੈਕਸਾਸ ਵਿੱਚ ਇੱਕ ਐਲੀਮੈਂਟਰੀ ਸਕੂਲ ਵਿੱਚ ਕਤਲੇਆਮ ਵੀ ਸ਼ਾਮਲ ਹੈ।

ਇਕ ਵੀਡੀਓ ਵਿੱਚ ਰਾਈਫਲਾਂ, ਭਾਰੀ ਵੇਸਟਾਂ ਅਤੇ ਹੈਲਮੇਟਾਂ ਵਾਲੇ ਪੁਲਿਸ ਅਧਿਕਾਰੀ ਸੋਮਵਾਰ ਸਵੇਰੇ ਸਕੂਲ ਦੀ ਪਾਰਕਿੰਗ ਵਾਲੀ ਥਾਂ ਅਤੇ ਇਮਾਰਤ ਦੇ ਘਾਹ ਵਾਲੇ ਘੇਰੇ ਦੇ ਆਲੇ ਦੁਆਲੇ ਘੁੰਮਦੇ ਵੇਖੇ ਜਾ ਸਕਦੇ ਹਨ। ਡਬਲਯੂਟੀਵੀਐਫ ਦੇ ਹੈਲੀਕਾਪਟਰ ਫੁਟੇਜ ਵਿੱਚ ਅਫਸਰਾਂ ਨੂੰ ਕੈਂਪਸ ਅਤੇ ਨੇੜਲੀ ਸੜਕ ਦੇ ਵਿਚਕਾਰ ਜੰਗਲੀ ਖੇਤਰ ਦੇ ਆਲੇ ਦੁਆਲੇ ਦੇਖਦੇ ਹੋਏ ਵੀ ਦਿਖਾਇਆ ਗਿਆ ਹੈ।ਸਕੂਲ ਦੀ ਵੈੱਬਸਾਈਟ ਦੇ ਅਨੁਸਾਰ, ਕੋਵੈਂਟ ਸਕੂਲ ਦੀ ਸਥਾਪਨਾ 2001 ਵਿੱਚ ਕੋਵੈਂਟ ਪ੍ਰੈਸਬੀਟੇਰੀਅਨ ਚਰਚ ਦੇ ਇੱਕ ਮੰਤਰਾਲੇ ਵਜੋਂ ਕੀਤੀ ਗਈ ਸੀ। ਇਹ ਸਕੂਲ ਡਾਊਨਟਾਊਨ ਨੈਸ਼ਵਿਲ ਦੇ ਬਿਲਕੁਲ ਦੱਖਣ ਵਿੱਚ ਅਮੀਰ ਗ੍ਰੀਨ ਹਿੱਲ ਇਲਾਕੇ ਵਿੱਚ ਸਥਿਤ ਹੈ, ਵੈੱਬਸਾਈਟ ਅਨੁਸਾਰ ਗ੍ਰੇਡ ਸਕੂਲ ਵਿੱਚ 33 ਅਧਿਆਪਕ ਹਨ।

## ਕੈਲੀਫੋਰਨੀਆ ਦੇ ਗੁਰਦੁਆਰੇ 'ਚ ਗੋਲੀਬਾਰੀ, 2 ਵਿਅਕਤੀ ਗੰਭੀਰ ਜ਼ਖਮੀ



ਕੈਲੀਫੋਰਨੀਆ : ਕੈਲੀਫੋਰਨੀਆ ਦੇ ਸੈਕਰਾਮੈਂਟੋ ਵਿੱਚ ਇਕ ਗੁਰਦੁਆਰੇ ਵਿੱਚ ਹੋਈ ਗੋਲੀਬਾਰੀ ਵਿੱਚ ਦੋ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਦੱਸਿਆ ਕਿ ਗੋਲੀਬਾਰੀ ਕਿਸੇ ਨਫ਼ਰਤ ਅਪਰਾਧ ਨਾਲ ਸਬੰਧਤ ਨਹੀਂ ਹੈ ਅਤੇ ਇੱਕ ਦੂਜੇ ਨੂੰ ਜਾਣਨ ਵਾਲੇ ਆਦਮੀਆਂ ਵਿਚਕਾਰ ਗੋਲੀਬਾਰੀ ਹੈ। ਇਹ ਗੋਲੀਬਾਰੀ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੋਸਾਇਟੀ ਵਿੱਚ ਹੋਈ।

# ਆਰਥਿਕ ਮੰਦੀ ਨੇ ਤਬਾਹ ਕੀਤਾ ਪਾਕਿਸਤਾਨ

## ਸਿਆਸੀ ਉਥਲ ਪੁਥਲ, ਆਰਥਿਕ ਸੰਕਟ, ਕੁਦਰਤੀ ਆਫ਼ਤਾਂ, ਰੂਸ ਤੇ ਯੂਕ੍ਰੇਨ ਜੰਗ ਬਣੇ ਪਾਕਿਸਤਾਨ ਦੀ ਆਰਥਿਕ ਮੰਦੀ ਦੇ ਵੱਡੇ ਕਾਰਨ

- ਪਾਕਿਸਤਾਨ ਵਿੱਚ ਕਿਸੇ ਵੀ ਪ੍ਰਧਾਨ ਮੰਤਰੀ ਨੇ ਪੂਰੇ ਪੰਜ ਸਾਲ ਪੂਰੇ ਨਹੀਂ ਕੀਤੇ
- ਪਾਕਿਸਤਾਨ ਦੀ ਆਰਮੀ ਦੀ ਸਹਿਮਤੀ ਨਾਲ ਹੀ ਹੁੰਦੀ ਹੈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੀ ਚੋਣ
- ਕਈ ਵਾਰ ਫ਼ੌਜੀ ਰਾਜ ਪਲਟਾ ਵੀ ਹੋ ਚੁਕਿਆ ਹੈ ਪਾਕਿਸਤਾਨ ਵਿੱਚ
- ਅਮਰੀਕਾ ਨਾਲ ਨੇੜਤਾ ਕਰਕੇ ਪਾਕਿਸਤਾਨ ਨੇ ਦੁਸ਼ਮਣ ਬਣਾਏ ਕਈ ਦੇਸ਼



ਪਾਕਿਸਤਾਨ: ਇਸ ਸਮੇਂ ਪਾਕਿਸਤਾਨ ਬਹੁਤ ਭਾਰੀ ਮੰਦੀ ਦਾ ਸਾਹਮਣਾ ਕਰ ਰਿਹਾ ਹੈ। ਹਰ ਇੱਕ ਦੇਸ਼ ਦੇ ਲਈ ਮੰਦੀ ਦਾ ਦੌਰ ਬੜਾ ਮਾੜਾ ਸਾਬਿਤ ਹੁੰਦਾ ਹੈ। ਹਰ ਇੱਕ ਦੇਸ਼ ਦੀ ਆਰਥਿਕਤਾ ਬਹੁਤ ਮਜ਼ਬੂਤ ਹੋਣੀ ਚਾਹੀਦੀ ਹੈ ਤਾਂ ਕਿ ਉਹ ਆਰਥਿਕ ਮੰਦੀ ਦਾ ਸਾਹਮਣਾ ਦ੍ਰਿੜਤਾ ਨਾਲ ਕਰ ਸਕੇ। ਪਾਕਿਸਤਾਨ ਵਿੱਚ ਆਈ ਮੰਦੀ ਦੇ ਪਿੱਛੇ ਵੀ ਕਈ ਕਾਰਨ ਹੋ ਸਕਦੇ ਹਨ, ਜਿਹਨਾਂ ਵਿੱਚ ਸਿਆਸੀ ਉਥਲ ਪੁੱਥਲ, ਆਰਥਿਕ ਸੰਕਟ ਅਤੇ ਕੁਦਰਤੀ ਆਫਤਾਂ ਮੁੱਖ ਹਨ।

ਸਿਆਸੀ ਉਥਲ ਪੁੱਥਲ : 1947 ਤੋਂ ਲੈ ਕੇ ਹੁਣ ਤਕ ਪਾਕਿਸਤਾਨ ਵਿੱਚ 23 ਪ੍ਰਧਾਨ ਮੰਤਰੀ ਬਣੇ ਹਨ, ਪਰ ਹੈਰਾਣੀ ਦੀ ਗਲ ਇਹ ਹੈ ਕਿ ਪਾਕਿਸਤਾਨ ਵਿੱਚ ਕਿਸੇ ਵੀ ਪ੍ਰਧਾਨ ਮੰਤਰੀ ਨੇ ਪੂਰੇ ਪੰਜ ਸਾਲ ਪੂਰੇ ਨਹੀਂ ਕੀਤੇ। ਇਹ ਵੀ ਇੱਕ ਵੱਡਾ ਕਾਰਨ ਪਾਕਿਸਤਾਨ ਵਿੱਚ ਸਿਆਸੀ ਉਥਲ ਪੁਥਲ ਦਾ ਮੰਨਿਆ ਜਾਂਦਾ ਹੈ। ਪਾਕਿਸਤਾਨ ਵਿੱਚ ਜਾਂ ਤਾਂ ਫੌਜ਼ ਪ੍ਰਧਾਨ ਮੰਤਰੀ ਨੂੰ ਗੱਦੀ ਤੋਂ ਉਤਾਰ ਦਿੰਦੀ ਹੈ ਜਾਂ ਪ੍ਰਧਾਨ ਮੰਤਰੀ ਦੀ ਹੱਤਿਆ ਹੋ ਜਾਂਦੀ ਹੈ। ਜਿਵੇਂ ਲੰਘੇ ਸਮੇਂ ਦੌਰਾਨ ਇਮਰਾਨ ਖਾਨ 'ਤੇ ਗੋਲੀ ਚੱਲੀ ਅਤੇ ਫਿਰ ਉਸ ਨੂੰ ਗੱਦੀਉਂ ਲਾਹ ਦਿਤਾ ਗਿਆ। ਜਨਰਲ ਬਾਜਵਾ ਨੇ ਇਮਰਾਨ ਖਾਨ ਨੂੰ ਪ੍ਰਧਾਨ ਮੰਤਰੀ ਬਣਾਇਆ ਸੀ,ਬਦਲੇ ਵਿੱਚ ਇਮਰਾਨ ਖਾਨ ਨੇ ਉਸਦੇ ਕਾਰਜਕਾਲ ਵਿੱਚ ਦਸ ਸਾਲਾਂ ਵਿੱਚ ਵਾਧਾ ਕੀਤਾ। ਦੋਵਾਂ ਵਿਚਾਲੇ ਮਤਭੇਦ ਹੋਏ ਤਾਂ ਜਨਰਲ ਬਾਜਵਾ ਨੇ ਇਮਰਾਨ ਨੂੰ ਲਾਂਭੇ ਕਰਕੇ ਸ਼ਾਹਵਾਜ਼ ਸ਼ਰੀਫ ਨੂੰ ਪ੍ਰਧਾਨ ਮੰਤਰੀ ਬਣਾ ਦਿਤਾ। ਇਹ ਪਾਕਿਸਤਾਨੀ ਫੌਜ਼ ਦੀ ਤਾਕਤ ਹੈ। ਹਾਲ ਤਾਂ ਇਹ ਹੈ ਕਿ ਪਾਕਿਸਤਾਨ ਵਿੱਚ ਕਈ ਵਾਰ ਫੌਜ਼ੀ ਰਾਜ ਪਲਟਾ ਵੀ ਹੋ ਚੁਕਿਆ ਹੈ ਅਤੇ ਪਾਕਿਸਤਾਨ ਦੀ ਸਰਕਾਰ ਨੂੰ ਡੇਗ ਕੇ ਫੌਜ਼ ਖੁਦ ਪਾਕਿਸਤਾਨ 'ਤੇ ਸ਼ਾਸ਼ਨ ਕਰਦੀ ਰਹੀ ਹੈ। ਅਜੇ ਤਕ ਪਾਕਿਸਤਾਨ ਵਿੱਚ ਅਜਿਹਾ ਕੋਈ ਪ੍ਰਧਾਨ ਮੰਤਰੀ ਨਹੀਂ ਆਇਆ ਜੋ ਆਰਮੀ ਤੋਂ ਪਾਵਰ ਨਾ ਲੈ ਸਕੇ।

ਸਿੱਧੀ ਗਲ ਕਿ ਆਰਮੀ ਕੋਲ ਪੀ ਐਮ ਕੋਲ ਜਿਆਦਾ ਪਾਵਰ ਹੈ, ਜਿਥੇ ਸਿਆਸੀ ਉਥਲ ਪੁਥਲ ਹਮੇਸ਼ਾ ਰਹਿੰਦੀ ਹੈ, ਉਥੇ ਵੱਡੀਆਂ ਅੰਤਰਰਾਸ਼ਟਰੀ ਕੰਪਨੀਆਂ ਆਪਣਾ ਨਿਵੇਸ਼ ਨਹੀਂ ਕਰਦੀਆਂ।

ਆਰਥਿਕ ਸੰਕਟ : ਆਰਥਿਕ ਸੰਕਟ ਲਈ ਜੇ ਆਪਾਂ ਕੁਝ ਪਿੱਛੇ ਜਾਈਏ ਤਾਂ 50 ਸਾਲ ਪਹਿਲਾਂ ਪਾਕਿਸਤਾਨ ਸਰਕਾਰ ਨੇ ਆਪਣੇ ਦੇਸ਼ ਨੂੰ ਮਜ਼ਬੂਤ ਕਰਨ ਲਈ ਅਮਰੀਕਾ ਨੂੰ ਚੁਣਿਆ ਸੀ। ਉਸ ਸਮੇਂ ਪਾਕਿਸਤਾਨ ਨੂੰ ਪਤਾ ਚਲਿਆ ਕਿ ਅਮਰੀਕਾ ਦਾ ਸਾਊਥ ਵਿੱਚ ਸੋਵੀਅਤ ਯੂਨੀਅਨ ਨੂੰ ਲੈ ਕੇ ਕੋਈ ਦੋਸਤ ਨਹੀਂ ਸੀ ਤਾਂ ਪਾਕਿਸਤਾਨ ਨੇ ਮੌਕਾ ਵੇਖਦਿਆਂ ਹੀ ਅਮਰੀਕਾ ਦੇ ਨਾਲ ਰਿਸ਼ਤੇ ਸੁਧਾਰੇ ਅਤੇ ਇਸਦੇ ਬਦਲੇ ਪਾਕਿਸਤਾਨ ਨੂੰ ਵਿਦੇਸ਼ੀ ਸਹਾਇਤਾ ਮਿਲੀ। ਇਹ ਸਹਾਇਤਾ ਮਿਲੀ ਤਾਂ ਕਿ ਅਮਰੀਕਾ ਠੰਡੀ ਜੰਗ ਲੜ ਸਕੇ। ਇਸ ਤਰੀਕੇ ਨਾਲ ਅਮਰੀਕਾ ਨੇ ਦੁਸ਼ਮਣ ਦੇ ਦੁਸ਼ਮਣ ਨੂੰ ਦੋਸਤ ਬਣਾਉਣ ਦੀ ਨੀਤੀ ਜਾਰੀ ਰਖੀ, ਤੇ ਫਿਰ ਅਮਰੀਕਾ ਨੇ ਪਾਕਿਸਤਾਨ ਵਿੱਚ ਮਿਲੀਟੈਂਟ ਗਰੁੱਪ ਬਣਾਉਣ ਵਿੱਚ ਫੰਡਿੰਗ ਕੀਤੀ ਤਾਂ ਕਿ ਸਮਾਂ ਆਉਣ 'ਤੇ ਆਪਣੀ ਮਿਲਟਰੀ ਦੀ ਥਾਂ ਇਹਨਾਂ ਗਰੁੱਪਾਂ ਨੂੰ ਲੜਾ ਸਕੇ ਪਰ ਇਸੇ ਚੱਕਰ ਵਿੱਚ ਪਾਕਿਸਤਾਨ ਨੇ ਕਈ ਦੇਸ਼ਾਂ ਨੂੰ ਆਪਣੇ ਦੁਸ਼ਮਣ ਬਣਾ ਲਿਆ। ਬਦਲੇ ਵਿੱਚ ਅਮਰੀਕਾ ਤੋਂ ਪੈਸਾ ਮਿਲ ਰਿਹਾ ਸੀ, ਇਹ ਪੈਸਾ ਬਿਲੀਅਨ ਡਾਲਰ ਵਿੱਚ ਆ ਰਿਹਾ ਸੀ। ਪਾਕਿਸਤਾਨ ਇਹ ਪੈਸਾ ਇਕਾਨਮੀ ਦੇ ਫਾਇਦੇ ਲਈ ਵਰਤਣ ਲਗਿਆ ਪਰ ਕੁਝ ਸਾਲ ਲੰਘਣ ਤੋਂ ਬਾਅਦ ਓਸਾਮਾ ਬਿਨ ਲਾਦੇਨ ਅਤੇ ਮੁੱਲਾ ਉਮਰ ਵਰਗੇ ਬੰਦੇ ਪਾਕਿਸਤਾਨ ਵਿੱਚ ਮਿਲੇ ਅਤੇ ਮਾਰੇ ਗਏ, ਜੋ ਕਿ ਮੋਸਟ ਵਾਂਟੇਂਡ ਸਨ ਤਾਂ ਅਮਰੀਕਾ ਨੂੰ ਡਰ ਪੈਦਾ ਹੋ ਗਿਆ ਤੇ ਇਸ ਤਰਾਂ ਕਈ ਸਾਲਾਂ ਤੋਂ ਅਮਰੀਕਾ ਤੋਂ ਮਿਲ ਰਹੀ ਆਰਥਿਕ ਸਹਾਇਤਾ ਉਸ ਸਮੇਂ ਦੇ ਰਾਸ਼ਟਰਪਤੀ ਟਰੰਪ ਵੱਲੋਂ ਬੰਦ ਕਰਨੀ ਸ਼ੁਰੂ ਕਰ ਦਿਤੀ, ਜਿਸ ਕਰਕੇ ਪਾਕਿਸਤਾਨ ਦੀ ਆਰਥਿਕਤਾ ਦਾ ਅਸਲ ਸੱਚ ਸਾਹਮਣੇ ਆਇਆ। ਅਮਰੀਕਾ ਨੇ ਮਿਲੀਟੈਂਟ ਗਰੁੱਪ ਇਸ ਲਈ ਬਣਾਏ ਸਨ ਕਿ ਆਉਣ ਵਾਲੇ ਸਮੇਂ ਵਿੱਚ ਅਫਗਾਨਿਸਤਾਨ ਵਿੱਚ ਜੇ ਤਾਲਿਬਾਨ ਨਾਲ ਯੁੱਧ ਹੁੰਦਾ ਹੈ ਤਾਂ ਉਹ ਇਹਨਾਂ ਗਰੁੱਪਾਂ ਦੀ ਵਰਤੋ ਕਰ ਸਕੇ। ਇਸ ਲਈ ਅਮਰੀਕਾ ਨੂੰ ਅਮਰੀਕਾ ਦੀ (ਬਾਕੀ ਸ.ਫਾ 29 'ਤੇ)

## ਰੂਸ ਅਤੇ ਯੂਕ੍ਰੇਨ ਜੰਗ ਦਾ ਪਾਕਿਸਤਾਨ 'ਤੇ ਪ੍ਰਭਾਵ



: ਰੂਸ ਅਤੇ ਯੂਕ੍ਰੇਨ ਦੀ ਜੰਗ ਨੇ ਵੀ ਪਾਕਿਸਤਾਨ ਨੂੰ ਕਾਫੀ ਪ੍ਰਭਾਵਿਤ ਕੀਤਾ। ਇਹਨਾਂ ਕਾਰਨਾਂ ਕਰਕੇ ਅੱਜ ਪਾਕਿਸਤਾਨ ਵਿੱਚ ਇਹ ਹਾਲਾਤ ਬਣੇ ਹੋਏ ਹਨ। ਰੂਸ ਅਤੇ ਯੂਕ੍ਰੇਨ ਦੀ ਜੰਗ ਕਾਰਨ ਪਾਕਿਸਤਾਨ ਨੂੰ ਪੈਟਰੋਲ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਰੂਸ ਨੇ ਪਾਕਿਸਤਾਨ ਨੂੰ ਤੇਲ ਦੇਣਾ ਬੰਦ ਕਰ ਦਿਤਾ ਹੈ ਅਤੇ ਪਾਕਿਸਤਾਨ ਨੂੰ ਖਾੜੀ ਦੇਸ਼ਾਂ ਤੋਂ ਤੇਲ ਮਹਿੰਗੇ ਭਾਅ ਲੈਣਾ ਪੈ ਰਿਹਾ ਹੈ, ਜੋਕਿ ਹੁਣ ਬੰਦ ਹੋ ਰਿਹਾ ਹੈ। ਦਵਾਈਆਂ ਅਤੇ ਆਟੇ ਲਈ ਲੋਕਾਂ ਦੀਆਂ ਲਾਈਨਾਂ ਲਗੀਆਂ ਹਨ, ਪਰ ਪੂਰਤੀ ਫੇਰ ਵੀ ਨਹੀਂ। ਪਾਕਿਸਤਾਨ ਦੇ ਡਗਮਗਾਉਣ ਦਾ ਇਕ ਕਾਰਨ ਇਹ ਵੀ ਹੈ ਕਿ ਪਾਕਿਸਤਾਨ ਦਰਾਮਦ 90 ਬਿਲੀਅਨ ਡਾਲਰ ਦਾ ਕਰਦਾ ਹੈ ਅਤੇ ਬਰਾਮਦ 30 ਮਿਲੀਅਨ ਡਾਲਰ ਦੀ ਕਰਦਾ ਹੈ। ਭਾਵ ਦਰਾਮਦ ਤਿੰਨ ਗੁਣਾਂ ਜਿਆਦਾ ਹੈ। ਯਾਨੀ ਕਮਾਈ ਨਾਲੋਂ ਤਿੰਨ ਗੁਣਾ ਖਰਚਾ ਹੈ। ਚੀਨ ਦੇ ਪਾਕਿਸਤਾਨ ਵਿੱਚ ਪਾਵਰ ਪਲਾਂਟ ਵਿੱਚ ਸਰਕਾਰ ਨੇ ਉਹਨਾਂ ਦੀ ਪਾਵਰ ਹਟਾਉਣ ਦਾ ਯਤਨ ਕੀਤਾ ਤਾਂ ਚੀਨ ਨੇ ਪਾਵਰ ਪਲਾਂਟ ਹੀ ਸ਼ੱਟ ਡਾਊਨ ਕਰ ਦਿਤਾ ਹੈ , ਜਿਸ ਕਰਕੇ ਪਾਕਿਸਤਾਨ ਨੂੰ ਬਿਜਲੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਤ ਨੂੰ ਸਾਢੇ ਅੱਠ ਵਜੇ ਸਾਰੀਆਂ ਦੁਕਾਨਾਂ ਅਤੇ ਮਾਲ ਬੰਦ ਹੋ ਜਾਂਦੇ ਹਨ, ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਬਿਜਲੀ ਦੀ ਬਚਤ ਕੀਤੀ ਜਾ ਰਹੀ ਹੈ।

## ਵਰਲਡ ਬੈਂਕ ਦਾ ਯੋਗਦਾਨ




ਦੂਜੀ ਵਿਸ਼ਵ ਜੰਗ ਤੋਂ ਬਾਅਦ ਜਦੋਂ ਸਾਰੇ ਦੇਸ਼ ਆਰਥਿਕ ਤੌਰ 'ਤੇ ਕੰਗਾਲ ਹੋ ਗਏ ਤਾਂ ਉਹਨਾਂ ਵਿੱਚ ਸ਼ਾਂਤੀ ਲਿਆਉਣ ਲਈ, ਮੁੜ ਆਰਥਿਕ ਤੌਰ 'ਤੇ ਮਜਬੂਤ ਕਰਨ ਲਈ ਇੰਟਰਨੈਸ਼ਨਲ ਬੈਂਕ ਫਾਰ ਰੀਕੰਟਰਸ਼ਨ ਐਂਡ ਡਿਵੈਲਪਮੈਂਟ ਦੀ ਯੋਜਨਾ ਰਖੀ ਗਈ। 1944 ਵਿੱਚ ਇਸਦੀ ਸ਼ੁਰੂਆਤ ਆਈ ਐਮ ਐਫ ਨਾਲ ਮਿਲ ਕੇ ਹੋਈ ਸੀ। ਆਈ ਐਮ ਐਫ ਅਤੇ ਵਰਲਡ ਬੈਂਕ ਮਿਲ ਕੇ ਕੰਮ ਕਰਦੇ ਹਨ। ਇਸ ਤੋਂ ਇਲਾਵਾ ਵਰਲਡ ਬੈਂਕ ਹੋਰ ਪੰਜ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਦੀ ਹੈ। ਆਈ ਐਮ ਐਫ ਇਕਦਮ ਹੰਗਾਮੀ ਹਾਲਤ ਲਈ ਕਰਜ਼ਾ ਦਿੰਦੀ ਹੈ ਅਤੇ ਵਰਲਡ ਬੈਂਕ ਲੰਬੇ ਸਮੇਂ ਲਈ ਕਰਜ਼ਾ ਦਿੰਦਾ ਹੈ। ਦੋਵੇਂ ਹੀ ਗਰੀਬ ਦੇਸ਼ਾਂ ਨੂੰ ਉਭਾਰਨ ਲਈ ਲੰਬੇ ਸਮੇਂ ਲਈ ਕਰਜ਼ਾ ਦਿੰਦੀਆਂ ਹਨ। ਇਸ ਤੋਂ ਇਲਾਵਾ ਇਹ ਬੀਓਪੀ ਯਾਨੀ ਬੈਲੇਂਸ ਆਫ ਪੇਮੈਂਟ ਭਾਵ ਦਰਾਮਦ ਅਤੇ ਬਰਾਮਦ ਦਾ ਗਲੋਬਲ ਲੈਵਲ ਤੇ ਬੈਲੇਂਸ ਬਣਾਉਣ ਦਾ ਕੰਮ ਵੀ ਕਰਦੀ ਹੈ। ਜੇ ਕਿਧਰੇ ਯੁੱਧ ਹੋਵੇ ਉਥੇ ਵੀ ਇਹ ਸੰਸਥਾਵਾਂ ਜ਼ਰੂਰੀ ਚੀਜ਼ਾਂ ਪਹੁੰਚਾਉਂਦੇ ਹਨ। ਵਰਲਡ ਬੈਂਕ 5 ਸਾਲ ਤੋਂ 20 ਸਾਲ ਦੇ ਵੱਖ ਵੱਖ ਪਲਾਨ 'ਤੇ ਕਰਜ਼ਾ ਦਿੰਦੀ ਹੈ ਅਤੇ ਜੇ ਕਰ ਬਹੁਤ ਸਾਰੇ ਦੇਸ਼ ਆਪਸ ਵਿੱਚ ਇਕ ਦੂਜੇ ਦੀ ਮਦਦ ਕਰਨ ਦੀ ਹਿੰਮਤ ਰਖਦੇ ਹਨ ਤਾਂ ਉਥੇ ਵਰਲਡ ਬੈਂਕ ਗਾਰੰਟੀ ਦਾ ਕੰਮ ਵੀ ਕਰਦੀ ਹੈ। ਵਰਲਡ ਬੈਂਕ ਕਿਸੇ ਵੀ ਦੇਸ਼ ਦੀ ਆਰਥਿਕ ਤੇ ਪੁਲੀਟੀਕਲ ਪਾਲਿਸੀ ਨੂੰ ਬਦਲ ਕੇ ਆਪਣੇ ਹਿਸਾਬ ਨਾਲ ਬਣਾ ਕੇ ਫੇਰ ਕਰਜ਼ਾ ਦਿੰਦੀ ਹੈ। ਵਰਲਡ ਬੈਂਕ ਵਿੱਚ ਅਮਰੀਕਾ, ਫਰਾਂਸ, ਯੂ ਕੇ, ਚੀਨ, ਜਪਾਨ ਸਮੇਤ 189 ਦੇਸ਼ ਸ਼ਾਮਲ ਹਨ। ਜਿਹਨਾਂ ਵਿੱਚ ਇੰਡੀਆ ਵੀ ਹੈ। ਵਰਲਡ ਬੈਂਕ ਨੇ ਸਭ ਤੋਂ ਪਹਿਲਾਂ ਕਰਜ਼ਾ ਫਰਾਂਸ ਨੂੰ ਦਿਤਾ ਸੀ। ਅੱਜ ਦੇ ਸਮੇਂ ਵਿੱਚ ਵਰਲਡ ਬੈਂਕ ਕੋਲ ਇਕ ਪ੍ਰਧਾਨ, 25 ਕਾਰਜਕਾਰੀ ਡਾਇਰੈਕਟਰ, 29 ਮੀਤ ਪ੍ਰਧਾਨ ਦੀ ਟੀਮ ਕੰਮ ਕਰ ਰਹੀ ਹੈ। ਮੌਜੂਦਾ ਸਮੇਂ ਡੇਵਿਡ ਮਾਲਪਾਲ ਪ੍ਰਧਾਨ ਹਨ।

ਵਰਲਡ ਬੈਂਕ ਕੋਲ ਪੈਸਾ ਕਿਥੋਂ ਤੇ ਕਿਵੇਂ : ਦੁਨੀਆ ਦੇ ਬਹੁਤ ਸਾਰੇ ਅਮੀਰ ਦੇਸ਼ ਕੁਝ ਫੀਸਦੀ ਹਿੱਸਾ ਵਰਲਡ ਬੈਂਕ ਨੂੰ ਦਿੰਦੇ ਹਨ, ਇਸ ਤੋਂ (ਬਾਕੀ ਸ.ਫਾ 29 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਭਾਰਤ ਦੀ ਕੌਮੀ ਸਿਆਸਤ ਦੀ ਗੱਲ ਕਰਦਿਆਂ...

# ਰਾਹੁਲ ਗਾਂਧੀ ਵਿਰੁੱਧ ਕਾਰਵਾਈ ਨੇ ਭਾਰਤ ਦੀ ਸਿਆਸਤ ’ਚ ਮਚਾਈ ਉਥਲ ਪੁਥਲ



## ➢ ਰਾਹੁਲ ਗਾਂਧੀ ਨੂੰ ਅਦਾਲਤ ਵੱਲੋਂ ਸਜ਼ਾ ਅਤੇ ਸੰਸਦ ਮੈਂਬਰੀ ਜਾਣ ਦੇ ਮਾਇਨੇ

## ➢ ਕਾਂਗਰਸ ਵੱਲੋਂ ਰਾਹੁਲ ਗਾਂਧੀ ਨੂੰ ਸਜ਼ਾ ਦੇਣ ਦੇ ਵਿਰੁੱਧ ਸੱਤਿਆਗ੍ਰਹਿ

ਨਵੀਂ ਦਿੱਲੀ/ਏ.ਟੀ.ਨਿਊਜ਼ :-ਭਾਰਤ ਦੀ ਕੌਮੀ ਸਿਆਸਤ ਵਿੱਚ ਇਸ ਸਮੇਂ ਹਲਚਲ ਮੱਚੀ ਹੋਈ ਹੈ। ਇਸਦਾ ਵੱਡਾ ਕਾਰਨ ਇਹ ਹੈ ਕਿ ਰਾਹੁਲ ਗਾਂਧੀ ਨੂੰ ਸਾਲ 2019 ਵਿੱਚ ਕਰਨਾਟਕ ਵਿੱਚ ਦਿਤੇ ਇਕ ਬਿਆਨ ਸਬੰਧੀ ਸੂਰਤ ਦੀ ਇਕ ਅਦਾਲਤ ਵੱਲੋਂ 2 ਸਾਲ ਦੀ ਸਜ਼ਾ ਸੁਣਾਈ ਗਈ ਹੈ, ਉਸ ਸਮੇਂ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਨੀਰਵ ਮੋਦੀ ਅਤੇ ਲਲਿਤ ਮੋਦੀ ਵਰਗੇ ਭਗੌੜਿਆਂ ਵਾਂਗ ਸਾਰੇ ਚੋਰਾਂ ਦਾ ਉਪਨਾਮ ਜਾਂ ਸਰਨੇਮ ਮੋਦੀ ਕਿਉਂ ਹੁੰਦਾ ਹੈ। ਸੂਰਤ ਦੀ ਮਾਣਯੋਗ ਅਦਾਲਤ ਵੱਲੋਂ ਇਸ ਮਾਮਲੇ ਵਿੱਚ ਰਾਹੁਲ ਗਾਂਧੀ ਨੂੰ ਦੋ ਸਾਲ ਦੀ ਸਜ਼ਾ ਸੁਣਾਏ ਜਾਣ ਦੀ ਖ਼ਬਰ ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਖਤਮ ਕਰ ਦਿਤੀ ਗਈ। ਇਸ ਤਰਾਂ ਇਕੋ ਝਟਕੇ ਵਿੱਚ ਰਾਹੁਲ ਗਾਂਧੀ ਮੌਜੂਦਾ ਲੋਕ ਸਭਾ ਮੈਂਬਰ ਤੋਂ ਸਾਬਕਾ ਲੋਕ ਸਭਾ ਮੈਂਬਰ ਹੋ ਗਏ ਹਨ। ਰਾਹੁਲ ਗਾਂਧੀ ਖਿਲਾਫ ਇਸ ਕਾਰਵਾਈ ਨੇ ਭਾਰਤ ਦੀ ਸਿਆਸਤ ਵਿੱਚ ਵੱਡੀ ਉਥਲ ਪੁਥਲ ਮਚਾ ਦਿੱਤੀ ਹੈ।

ਕਾਂਗਰਸ ਵੱਲੋਂ ਇਸ ਕਾਰਵਾਈ ਨੂੰ ਲੋਕਤੰਤਰ ’ਤੇ ਹਮਲਾ ਦਸਿਆ ਜਾ ਰਿਹਾ ਹੈ। ਕਾਂਗਰਸ ਵੱਲੋਂ ਦੋਸ਼ ਲਗਾਏ ਜਾ ਰਹੇ ਹਨ ਕਿ ਭਾਜਪਾ ਵੱਲੋਂ ਸਿਆਸੀ ਕਿੜ ਕੱਢਣ ਲਈ ਰਾਹੁਲ ਗਾਂਧੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਦੂਜੇ ਪਾਸੇ ਭਾਜਪਾ ਵੱਲੋਂ ਇਸ ਨੂੰ ਅਦਾਲਤ ਦਾ ਮਾਮਲਾ ਦਸਿਆ ਜਾ ਰਿਹਾ ਹੈ ਅਤੇ ਇਸ ਮਾਮਲੇ ਦਾ ਵਿਰੋਧ ਕਰ ਰਹੇ ਕਾਂਗਰਸੀ ਆਗੂਆਂ ਨੂੰ ਅਦਾਲਤ ਦੇ ਹੁਕਮਾਂ ਦਾ ਪਾਲਣ ਕਰਨ ਦੀ ਨਸੀਅਤ ਵੀ ਦਿਤੀ ਜਾ ਰਹੀ ਹੈ।

ਜੇ ਹੁਣ ਇਸ ਮਾਮਲੇ ਵਿੱਚ ਦੇਸ਼ ਵਾਸੀਆਂ ਦੀ ਗਲ ਕੀਤੀ ਜਾਵੇ ਤਾਂ ਦੇਸ਼ ਅੱਜ ਵੀ ਭਗਤ ਸਿੰਘ ਅਤੇ ਭਾਰਤੀਆਂ ਦੇ ਦੇਸ਼ ਪ੍ਰੇਮ ਅਤੇ ਸਰਵਉੱਚ ਕੁਰਬਾਨੀ ਨੂੰ ਆਦਰਸ਼ ਦੀ ਤਰ੍ਹਾਂ ਵੇਖਦਾ ਹੈ। ਇਸੇ ਤਰ੍ਹਾਂ ਮਸ਼ਹੂਰ ਕ੍ਰਾਂਤੀਕਾਰੀ ਕਵੀ ਪਾਸ਼ ਵੀ ਸਾਰੀ ਉਮਰ ਗਲਤ ਨੂੰ ਗਲਤ ਅਤੇ ਸਹੀ ਨੂੰ ਸਹੀ ਕਹਿਣ ਦੀ ਹਿੰਮਤ ਦਿਖਾਉਂਦੇ ਰਹੇ ਹਨ। ਪਾਸ਼ ਨੇ ਹਿੰਦੁਸਤਾਨ ਦੇ ਆਮ ਲੋਕਾਂ ਨੂੰ ਸੁਪਨੇ ਦੇਖਣ ਦੀ ਹਿੰਮਤ ਦਿੱਤੀ ਹੈ ਅਤੇ ਦੱਸਿਆ ਹੈ ਕਿ ਸਭ ਤੋਂ ਖਤਰਨਾਕ ਹੈ ਸੁਪਨਿਆਂ ਦਾ ਮਰ ਜਾਣਾ। ਪਾਸ਼ ਦਾ ਕਹਿਣਾ ਸੀ ਕਿ ਸੁਪਨਿਆਂ ਬਿਨਾਂ ਇਨਸਾਨ ਸਿਰਫ ਹੱਡ-ਮਾਸ ਦਾ ਪੁਤਲਾ ਹੈ, ਸੁਪਨੇ ਉਸ ਵਿੱਚ ਚੇਤਨਾ ਭਰਦੇ ਹਨ। ਇਸ ਲਈ ਪਾਸ਼ ਨੇ ਲਿਖਿਆ ਕਿ ਸਭ ਤੋਂ ਖਤਰਨਾਕ ਹੁੰਦਾ ਹੈ ਮੁਰਦਾ ਸ਼ਾਂਤੀ ਨਾਲ ਭਰ ਜਾਣਾ।

ਹੁਣ ਕਾਂਗਰਸ ਪੱਖੀ ਵਿਦਵਾਨ ਕਹਿ ਰਹੇ ਹਨ ਕਿ ਭਾਰਤ ਵਿੱਚ ਇਸ ਸਮੇਂ ਮੁਰਦਾ ਸ਼ਾਂਤੀ ਭਰਨ ਵਾਲੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਪਰ ਰਾਹੁਲ ਗਾਂਧੀ ਵੱਲੋਂ ਇਸ ਦੇ ਵਿਰੋਧ ਵਿੱਚ ਆਵਾਜ਼ ਉਠਾ ਕੇ ਮੁਰਦਾ ਸ਼ਾਂਤੀ ਵਿੱਚ ਨਵੀਂ ਜਾਨ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਕੁਝ ਸਿਆਸੀ ਮਾਹਿਰ ਇਹ ਵੀ ਕਹਿੰਦੇ ਹਨ ਕਿ ਅਸਲ ਵਿੱਚ ਰਾਹੁਲ ਗਾਂਧੀ ਨੇ ਆਪਣੇ ਸਲਾਹਕਾਰਾਂ ਦੀ ਟੀਮ ਵਿੱਚ ਕੁਝ ਅਜਿਹੇ ਸਲਾਹਕਾਰ ਵੀ ਰਖੇ ਹੋਏ ਹਨ, ਜੋ ਕਿ ਵੇਲਾ ਵਿਹਾ ਚੁੱਕੇ ਹਨ ਅਤੇ ਇਹ ਸਲਾਹਕਾਰ ਰਾਹੁਲ ਦੇ ਪਿਤਾ ਰਾਜੀਵ ਗਾਂਧੀ ਦੇ ਸਮੇਂ ਤੋਂ ਗਾਂਧੀ ਪਰਿਵਾਰ ਨਾਲ ਜੁੜੇ ਹੋਏ ਹਨ ਪਰ ਇਹ ਸਲਾਹਕਾਰ ਹੁਣ ਸਮੇਂ ਅਨੁਸਾਰ ਰਣਨੀਤੀ ਬਣਾਉਣ ਵਿੱਚ ਅਸਫਲ ਰਹੇ ਹਨ। ਸਿਆਸੀ ਮਾਹਿਰਾਂ ਅਨੁਸਾਰ ਰਾਹੁਲ ਗਾਂਧੀ ਨੂੰ ਸਭ ਤੋਂ ਪਹਿਲਾਂ ਆਪਣੇ ਸਲਾਹਕਾਰਾਂ ਦੀ ਟੀਮ ਦਾ ਪੁਨਰਗਠਨ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਸਿਆਸੀ ਸਥਿਤੀ ਦਾ ਲੋਕਤੰਤਰੀ ਢੰਗ ਤਰੀਕਿਆਂ ਨਾਲ ਟਾਕਰਾ ਕਰਨ ਵਾਲੇ ਸਲਾਹਕਾਰਾਂ ਨੂੰ ਅੱਗੇ ਲੈ ਕੇ ਆਉਣਾ ਚਾਹੀਦਾ ਹੈ। ਇਸ ਮੌਕੇ ਕੁਝ ਨਿਰਪੱਖ ਸਿਆਸੀ ਮਾਹਿਰ ਕਹਿ ਰਹੇ ਹਨ ਕਿ ਭਾਰਤ ਵਿੱਚ ਸਰਕਾਰ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਦੀ ਹੋਵੇ ਪਰ ਉਸ ਨੂੰ ਲੋਕਤੰਤਰੀ ਕਦਰਾਂ ਕੀਮਤਾਂ ਅਤੇ ਲੋਕਤੰਤਰ ਦੀ ਮਰਿਆਦਾ ਦਾ ਖਿਆਲ ਜ਼ਰੂਰ ਰਖਣਾ ਚਾਹੀਦਾ ਹੈ। ਭਾਰਤ ਵਿੱਚ ਲੋਕਤੰਤਰੀ ਪ੍ਰਣਾਲੀ ਦੇ ਸੰਘੀ ਢਾਂਚੇ ਦੀ ਵਿਵਸਥਾ ਸੰਵਿਧਾਨ ਰਾਹੀਂ ਕੀਤੀ ਗਈ ਹੈ ਅਤੇ ਸੰਵਿਧਾਨ ਵੱਲੋਂ ਵੋਟਾਂ ਨਾਲ ਚੁਣੀ ਹੋਈ ਸਰਕਾਰ ਦੇ ਨਾਲ ਸ਼ਕਤੀਸ਼ਾਲੀ ਵਿਰੋਧੀ ਧਿਰ ਦੀ ਸਥਾਪਨਾ ਦੀ ਗੱਲ ਵੀ ਕੀਤੀ ਗਈ ਹੈ

(ਬਾਕੀ ਸਫ਼ਾ 31 ’ਤੇ)

## ਕਾਂਗਰਸ ਵੱਲੋਂ ਰਾਜਘਾਟ ’ਤੇ ਸੱਤਿਆਗ੍ਰਹਿ

ਨਵੀਂ ਦਿੱਲੀ/ਏ.ਟੀ.ਨਿਊਜ਼ :- ਰਾਹੁਲ ਗਾਂਧੀ ਨੂੰ ਅਯੋਗ ਠਹਿਰਾਉਣ ਦੇ ਵਿਰੋਧ ਵਿੱਚ ਕੀਤੇ ਗਏ ‘ਸੰਕਲਪ ਸੱਤਿਆਗ੍ਰਹਿ’ ਵਿੱਚ, ਕਾਂਗਰਸ ਦੇ ਚੋਟੀ ਦੇ ਨੇਤਾਵਾਂ ਨੇ ਛੇ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਚੋਣ ਤਬਦੀਲੀ ਅਤੇ ਵਿਰੋਧੀ ਸਿਆਸੀ ਏਕਤਾ ਦੀ ਉਮੀਦ ਪ੍ਰਗਟਾਈ, ਭਾਵੇਂ ਕਿ ਉਨ੍ਹਾਂ ਨੇ ਸੱਤਾਧਾਰੀ ਭਾਜਪਾ ਦੇ ਦੋਸ਼ਾਂ ਨੂੰ ਰੱਦ ਕੀਤਾ। ਰਾਜਘਾਟ ’ਤੇ ਕਾਂਗਰਸ ਦੇ ‘ਸੰਕਲਪ ਸੱਤਿਆਗ੍ਰਹਿ’ ਨੂੰ ਸੰਬੋਧਨ ਕਰਦਿਆਂ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਨੇ ਭਾਜਪਾ ਆਗੂਆਂ ਵੱਲੋਂ ਰਾਹੁਲ ਨੂੰ ਪੱਪੂ ਕਹਿਣ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਰਾਹੁਲ ਗਾਂਧੀ ਨੇ ਦੁਨੀਆ ਦੀਆਂ ਦੋ ਸਭ ਤੋਂ ਵੱਕਾਰੀ ਸੰਸਥਾਵਾਂ ਹਾਰਵਰਡ ਅਤੇ ਕੈਂਬਰਿਜ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕੀਤੀ, ਪਰ ਉਨ੍ਹਾਂ ਨੂੰ ਪੱਪੂ ਕਿਹਾ ਗਿਆ। ਉਹਨਾਂ ਕਿਹਾ ਕਿ ਬਾਅਦ ਵਿੱਚ ਭਾਜਪਾ ਆਗੂਆਂ ਨੂੰ ਪਤਾ ਲੱਗਿਆ ਕਿ ਉਹ ਪੱਪੂ ਨਹੀਂ ਹੈ, ਉਹ ਡਰ ਗਏ ਕਿਉਂਕਿ ਰਾਹੁਲ ਸੰਸਦ ਵਿੱਚ ਸਵਾਲ ਉਠਾ ਰਹੇ ਸਨ।ਉਹਨਾਂ ਕਿਹਾ ਕਿ ਮੇਰੇ ਪਰਿਵਾਰ ਦੇ ਖ਼ੂਨ ਨੇ ਇਸ ਦੇਸ਼ ਵਿੱਚ ਲੋਕਤੰਤਰ ਨੂੰ ਮਜ਼ਬੂਤ ਕੀਤਾ ਹੈ। ਅਸੀਂ ਇਸ ਦੇਸ਼ ਦੇ ਲੋਕਤੰਤਰ ਲਈ ਕੁਝ ਵੀ ਕਰ ਸਕਦੇ ਹਾਂ। ਕਾਂਗਰਸ ਦੇ ਮਹਾਨ ਨੇਤਾਵਾਂ ਨੇ ਇਸ ਦੇਸ਼ ਵਿੱਚ ਲੋਕਤੰਤਰ ਦੀ ਨੀਂਹ ਰਖੀ। ਜੇਕਰ ਭਾਜਪਾ ਆਗੂ ਸੋਚਦੇ ਹਨ ਕਿ ਅਸੀਂ ਡਰ ਸਕਦੇ ਹਾਂ, ਤਾਂ ਉਹ ਗਲਤ ਹਨ,ਅਸੀਂ ਡਰਨ ਵਾਲੇ ਨਹੀਂ ਹਾਂ। ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਨੇ ਕਿਹਾ ਕਿ ਭਾਜਪਾ ਵੱਲੋਂ ਰਾਹੁਲ ਗਾਂਧੀ ਨੂੰ ਗੱਦਾਰ ਅਤੇ ਮੀਰ ਜਾਫਰ ਦਾ ਪੁੱਤਰ ਕਹਿਣ ਤੋਂ ਬਾਅਦ ਕੋਈ ਕੇਸ ਦਰਜ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਭਾਜਪਾ ਦਾ ਇਕ ਮੰਤਰੀ ਮੇਰੀ ਮਾਂ ਦਾ ਅਪਮਾਨ ਕਰਦਾ ਹੈ ਪਰ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਕੀ ਕੌਮੀ ਏਕਤਾ ਦੇ ਸੰਦੇਸ਼ ਨਾਲ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਹਜ਼ਾਰਾਂ ਕਿਲੋਮੀਟਰ ਪੈਦਲ ਚੱਲਣ ਵਾਲੇ ਸ਼ਹੀਦ ਦਾ ਪੁੱਤਰ ਦੇਸ਼ ਜਾਂ ਇਸ ਦੇ ਲੋਕਾਂ ਦਾ ਅਪਮਾਨ ਕਰ ਸਕਦਾ ਹੈ? ਉਹਨਾਂ ਕਿਹਾ ਕਿ ਹੰਕਾਰੀ



(ਬਾਕੀ ਸਫ਼ਾ 31 ’ਤੇ)

## ਕਿਹੜੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤਾ ਗਿਆ ?

ਨਵੀਂ ਦਿੱਲੀ/ਏ.ਟੀ.ਨਿਊਜ਼ :-ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਸੂਰਤ ਦੀ ਇੱਕ ਅਦਾਲਤ ਵੱਲੋਂ ‘ਮੋਦੀ ਸਰਨੇਮ’ ਕੇਸ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਲੋਕ ਸਭਾ ਲਈ ਅਯੋਗ ਕਰਾਰ ਦੇ ਦਿੱਤਾ ਗਿਆ। ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਅਯੋਗ ਠਹਿਰਾਏ ਗਏ ਕੁਝ ਹੋਰ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵਿੱਚ ਰਾਸ਼ਟਰੀ ਜਨਤਾ ਦਲ ਦੇ ਸੁਪਰੀਮੋ ਲਾਲੂ ਪ੍ਰਸਾਦ ਯਾਦਵ, ਸਪਾ ਵਿਧਾਇਕ ਆਜ਼ਮ ਖਾਨ (ਯੂਪੀ), ਸਾਬਕਾ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ (ਯੂਪੀ), ਮਰਹੂਮ ਏਆਈਏਡੀਐਮਕੇ ਸੁਪਰੀਮੋ ਜੇ ਜੈਲਲਿਤਾ, ਐਨਸੀਪੀ ਸੰਸਦ ਪੀਪੀ ਮੁਹੰਮਦ ਫੈਜ਼ਲ ਸ਼ਾਮਲ ਹਨ।

## ਕਾਂਗਰਸ ਸਮੇਤ ਵਿਰੋਧੀ ਧਿਰਾਂ ਵੱਲੋਂ ਕਾਲੇ ਕੱਪੜੇ ਪਾ ਕੇ ਰੋਸ ਪ੍ਰਦਰਸ਼ਨ



ਨਵੀਂ ਦਿੱਲੀ/ਏ.ਟੀ.ਨਿਊਜ਼ :- ਅਡਾਨੀ ਮਾਮਲੇ ਅਤੇ ਰਾਹੁਲ ਗਾਂਧੀ ਨੂੰ ਲੋਕ ਸਭਾ ਮੈਂਬਰੀ ਤੋਂ ਅਯੋਗ ਕਰਾਰ ਦੇਣ ਵਿਰੁੱਧ ਸੰਸਦ ਵਿੱਚ ਕਾਂਗਰਸ ਸਮੇਤ ਵਿਰੋਧੀ ਧਿਰਾਂ ਦੇ ਸੰਸਦ ਮੈਂਬਰ ਕਾਲੇ ਕੱਪੜੇ ਪਾ ਕੇ ਆਏ। ਇਸ ਉਪਰੰਤ ਕਾਂਗਰਸ ਸਮੇਤ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਨੇ ਸੰਸਦ ਤੋਂ ਵਿਜੈ ਚੌਂਕ ਤਕ ਕਾਲੇ ਕਪੜੇ ਪਾ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਰੋਸ ਪ੍ਰਦਰਸ਼ਨ ਵਿੱਚ ਕਾਂਗਰਸ ਆਗੂ ਸੋਨੀਆ ਗਾਂਧੀ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਵੀ ਸ਼ਾਮਲ ਹੋਏ।

**ਰਾਹੁਲ ਮਾਮਲੇ ’ਤੇ ਵਿਰੋਧੀ ਧਿਰ ਇੱਕਜੁਟ ਨਜ਼ਰ ਆਈ**

ਰਾਹੁਲ ਗਾਂਧੀ ਨੂੰ ਲੋਕ ਸਭਾ ਮੈਂਬਰੀ ਤੋਂ ਅਯੋਗ ਕਰਾਰ ਦੇਣ ਦੇ ਮਾਮਲੇ ’ਤੇ ਸਮੁੱਚੀ ਵਿਰੋਧੀ ਧਿਰ ਇਕਜੁਟ ਨਜ਼ਰ ਆਈ। ਕਾਂਗਰਸ ਅਤੇ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਵੱਲੋਂ ਕਾਲੇ ਕਪੜੇ ਪਾ ਕੇ ਕੀਤੇ ਗਏ ਰੋਸ ਪ੍ਰਦਰਸ਼ਨ ਵਿੱਚ ਤ੍ਰਿਣਮੂਲ ਕਾਂਗਰਸ ਅਤੇ ਹੋਰ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਹਿਸਾ ਲਿਆ, ਜਿਸ ਤੋਂ ਕਿਆਸ-ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਆਉਣ ਵਾਲੇ ਸਮੇਂ ਵਿੱਚ ਭਾਜਪਾ ਵਿਰੁੱਧ ਸਾਰੀਆਂ ਵਿਰੋਧੀ ਧਿਰ ਇਕਜੁਟ ਹੋਣ ਦੇ ਆਸਾਰ ਬਣਦੇ ਜਾ ਰਹੇ ਹਨ।

## ਕਰਨਾਟਕ ’ਚ ਵਿਧਾਨ ਸਭਾ ਚੋਣਾਂ 10 ਮਈ ਨੂੰ

ਨਵੀਂ ਦਿੱਲੀ: ਕਰਨਾਟਕ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਚੋਣ ਕਮਿਸ਼ਨ ਵਲੋਂ ਅੱਜ ਤਾਰੀਖਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਪ੍ਰੈੱਸ ਕਾਨਫਰੰਸ ਕਰਦਿਆਂ ਕਿਹਾ ਕਿ ਕਰਨਾਟਕ ਵਿੱਚ ਇਕ ਪੜਾਅ ’ਚ ਹੀ ਵਿਧਾਨ ਸਭਾ ਚੋਣਾਂ ਹੋਣੀਆਂ। 10 ਮਈ ਨੂੰ ਵੋਟਾਂ ਪੈਣਗੀਆਂ ਅਤੇ 13 ਮਈ ਨੂੰ ਵੋਟਾਂ ਦੀ ਗਿਣਤੀ ਹੋਵੇਗੀ ਯਾਨੀ ਕਿ ਚੋਣਾਂ ਦੇ ਨਤੀਜੇ ਆਉਣਗੇ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਚੋਣਾਂ ਲਈ ਨੋਟੀਫਿਕੇਸ਼ਨ 13 ਅਪ੍ਰੈਲ ਨੂੰ ਜਾਰੀ ਕੀਤਾ ਜਾਵੇਗੀ। ਨਾਮਜ਼ਦਗੀ ਦਾਖ਼ਲ ਕਰਨ ਦੀ ਆਖਰੀ ਤਾਰੀਖ਼ 20 ਅਪ੍ਰੈਲ ਹੈ ਅਤੇ 24 ਅਪ੍ਰੈਲ ਤੱਕ ਨਾਮਜ਼ਦਗੀਆਂ ਵਾਪਸ ਲਈਆਂ ਜਾ ਸਕਦੀਆਂ ਹਨ।

## ਆਸਟ੍ਰੇਲੀਆ ’ਚ ਲੱਗਾ ਪਹਿਲੇ ਸਿੱਖ ਫ਼ੌਜੀ ਦਾ ਬੁੱਤ

### ਇਹ ਬੁੱਤ ਪਹਿਲੀ ਤੇ ਦੂਸਰੀ ਸੰਸਾਰ ਜੰਗ ਤੇ ਸਾਰਾਗੜ੍ਹੀ ਵਿਖੇ ਸਿੱਖ ਫ਼ੌਜੀਆਂ ਦੀ ਸ਼ਹਾਦਤ ਨੂੰ ਯਾਦ ਕਰਾਏਗਾ -ਫ਼ਤਿਹ ਫ਼ਾਊਂਡੇਸ਼ਨ



ਸਿਡਨੀ/ਏ.ਟੀ.ਨਿਊਜ਼ :- ਦੁਨੀਆ ਭਰ ਵਿੱਚ ਸਿੱਖ ਫ਼ੌਜੀਆਂ ਵੱਲੋਂ ਦਿੱਤੀ ਸ਼ਹਾਦਤ ਨੂੰ ਯਾਦ ਰੱਖਣ ਲਈ ਸਿਡਨੀ ਦੇ ਇਲਾਕੇ ਗਲੈਨਵੁੱਡ ਵਿਖੇ ਸਿੱਖ ਸਿਪਾਹੀ ਦਾ ਬੁੱਤ ਲਗਾਇਆ ਗਿਆ। ਸਿੱਖ ਫ਼ੌਜੀ ਦੇ ਇਸ ਬੁੱਤ ਨੂੰ ਬਲੈਕਟਾਊਨ ਦੇ ਮੇਅਰ ਮਾਣਯੋਗ ਟੋਨੀ ਬਲੀਸਡੇਲ ਨੇ ਲੋਕ ਅਰਪਿਤ ਕੀਤਾ। ਬਿਗੁਲ ਵਜਾ ਕੇ ਸਾਰੇ ਸਿਪਾਹੀਆਂ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਅਤੇ 1 ਮਿੰਟ ਦਾ ਮੌਨ ਰੱਖਿਆ। ਮੇਅਰ ਨੇ ਬੋਲਦਿਆਂ ਕਿਹਾ ਕੇ ਬਲੈਕਟਾਊਨ ਕੌਂਸਲ ਲਈ ਇਸ ਬੁੱਤ ਨੂੰ ਲੋਕ ਅਰਪਿਤ ਕਰਨਾ ਮਾਣ ਦੀ ਗੱਲ ਹੈ। ਸਿੱਖਾਂ ਦੇ ਆਸਟ੍ਰੇਲੀਆ ਵਿੱਚ ਕੀਤੇ ਮਹੱਤਵਪੂਰਨ ਕਾਰਜਾਂ ਦੀ ਇਕ ਤਖ਼ਤੀ ਵੀ ਬੁੱਤ ’ਤੇ ਲਗਾਈ ਗਈ ਹੈ। ਫ਼ਤਿਹ ਫਾਊਡੇਸ਼ਨ ਤੋਂ ਹਰਕੀਰਤ ਸਿੰਘ ਸੰਧਰ, ਅਮਰਿੰਦਰ ਸਿੰਘ ਬਾਜਵਾ ਅਤੇ ਦਵਿੰਦਰ ਸਿੰਘ ਧਾਰੀਆਂ ਨੇ ਦੱਸਿਆ ਕਿ ਇਹ ਬੁੱਤ ਪਹਿਲੀ ਸੰਸਾਰ ਜੰਗ, ਦੂਸਰੀ ਸੰਸਾਰ ਜੰਗ ਅਤੇ ਸਾਰਾਗੜ੍ਹੀ ਵਿਖੇ ਸਿੱਖ ਫ਼ੌਜੀਆਂ ਦੀ ਦਿੱਤੀ ਸ਼ਹਾਦਤ ਨੂੰ ਯਾਦ ਕਰਾਉਂਦਾ ਰਹੇਗਾ। ਪ੍ਰਬੰਧਕਾਂ ਨੇ ਦੱਸਿਆ ਕਿ ਇਹ ਕਾਰਜ ਪਿਛਲੇ ਤਿੰਨ ਸਾਲ ਤੋਂ ਚੱਲ ਰਿਹਾ ਸੀ। ਪ੍ਰੋਗਰਾਮ ਦਾ ਰਸਮੀ ਅਗਾਜ਼ ਅਮਰਿੰਦਰ ਸਿੰਘ ਬਾਜਵਾ ਨੇ ਕੀਤਾ। ਉਨ੍ਹਾਂ ਇਸ ਬੁੱਤ ਦੇ ਇਤਿਹਾਸ ’ਤੇ ਚਾਨਣਾ ਪਾਇਆ। ਸਟੇਜ ਦਾ ਸੰਚਾਲਨ ਵਿਕਰਮ ਗਰੇਵਾਲ਼ ਨੇ ਕੀਤਾ। ਇਸ ਮੌਕੇ ਮਾਣਯੋਗ ਡੇਵਿਡ ਸ਼ੋਅਬ੍ਰਿਜ, ਕੌਂਸਲਰ ਮਨਿੰਦਰ ਸਿੰਘ,

(ਬਾਕੀ ਸਫ਼ਾ 30’ਤੇ)

# 1985 ਤੋਂ ਫੰਡ ਤਾਂ ਵਹਿ ਰਹੇ ਹਨ ਪਰ ਗੰਗਾ ਦਾ ਵਹਾਅ ਰੁਕਿਆ



## ਗੰਗਾ, ਸਿੰਧੂ, ਬ੍ਰਹਮਪੁੱਤਰ ਸਮੇਤ 10 ਨਦੀਆਂ ਦੇ ਸੁੱਕਣ ਦਾ ਖ਼ਤਰਾ ਬਣਿਆ

## ਸੰਯੁਕਤ ਰਾਸ਼ਟਰ ਵੱਲੋਂ ਜਾਰੀ ਰਿਪੋਰਟ ਵਿੱਚ ਹੋਇਆ ਖ਼ੁਲਾਸਾ

ਨਵੀਂ ਦਿੱਲੀ/ਏ.ਟੀ.ਨਿਊਜ਼ :- ਭਾਰਤ ਵਿੱਚ ਨਦੀਆਂ ਨੂੰ ਮਾਤਾ ਦਾ ਦਰਜ਼ਾ ਦਿਤਾ ਗਿਆ ਹੈ, ਇਸੇ ਕਰਕੇ ਗੰਗਾ ਨਦੀ ਨੂੰ ਵੀ ਮਾਂ ਗੰਗਾ ਜਾਂ ਮਾਤਾ ਗੰਗਾ ਵੀ ਕਿਹਾ ਜਾਂਦਾ ਹੈ ਅਤੇ ਭਾਰਤ ਵਿੱਚ ਕਈ ਥਾਂਵਾਂ 'ਤੇ ਗੰਗਾ ਨਦੀ ਦੀ ਪੂਜਾ ਵੀ ਕੀਤੀ ਜਾਂਦੀ ਹੈ। ਦੂਜੇ ਪਾਸੇ ਸੰਯੁਕਤ ਰਾਸ਼ਟਰ ਸੰਘ ਦੀ ਇਕ ਰਿਪੋਰਟ ਨਾਲ ਨਦੀਆਂ ਸਹਾਰੇ ਜ਼ਿੰਦਗੀ ਬਤੀਤ ਕਰਨ ਵਾਲੇ ਲੋਕਾਂ ਵਿੱਚ ਚਿੰਤਾ ਫੈਲ ਗਈ ਹੈ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ 1.3 ਅਰਬ ਲੋਕਾਂ ਨੂੰ ਪਾਣੀ ਦੇਣ ਵਾਲੀ ਗੰਗਾ, ਬ੍ਰਹਿਮਪੁੱਤਰ ਅਤੇ ਸਿੰਧੂ ਨਦੀਆਂ ਸਮੇਤ 10 ਨਦੀਆਂ ਦੇ ਆਉਣ ਵਾਲੇ ਸਾਲਾਂ ਦੌਰਾਨ ਸੁੱਕ ਜਾਣ ਦਾ ਖਤਰਾ ਪੈਦਾ ਹੋ ਗਿਆ ਹੈ। 2500 ਕਿਲੋਮੀਟਰ ਲੰਬੀ ਗੰਗਾ 'ਤੇ 40 ਕਰੋੜ ਦੀ ਆਬਾਦੀ ਨਿਰਭਰ ਹੈ। ਜਰਾ ਸੋਚੋ! ਜੇ ਗੰਗਾ ਵਿੱਚ ਪਾਣੀ ਸੁੱਕ ਗਿਆ ਤਾਂ ਇਸਦੇ ਸਹਾਰੇ ਜ਼ਿੰਦਗੀ ਜਿਉਣ ਵਾਲੇ ਲੋਕਾਂ ਨਾਲ ਕੀ ਬੀਤੇਗੀ? ਹੈਰਾਣੀ ਤਾਂ ਇਸ ਗਲ ਦੀ ਹੈ ਕਿ ਗੰਗਾ ਨਦੀ ਦੀ ਸਫਾਈ ਅਤੇ ਇਸਦੇ ਵਿਕਾਸ ਲਈ ਫੰਡ ਤਾਂ 1985 ਤੋਂ ਵਹਿ ਰਹੇ ਹਨ ਪਰ ਗੰਗਾ ਨਦੀ ਵਿੱਚ ਸਾਫ਼ ਪਾਣੀ ਦਾ ਵਹਾਅ ਰੁਕ ਗਿਆ ਪ੍ਰਤੀਤ ਹੁੰਦਾ ਹੈ।

ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਨੇ ਭਾਰਤ ਦੀਆਂ ਪ੍ਰਮੁੱਖ ਨਦੀਆਂ ਨੂੰ ਲੈ ਕੇ ਗੰਭੀਰ ਚਿਤਾਵਨੀ ਦਿੱਤੀ ਹੈ। ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਚਿਤਾਵਨੀ ਦਿੱਤੀ ਕਿ ਪ੍ਰਮੁੱਖ ਹਿਮਾਲੀਅਨ ਨਦੀਆਂ ਜਿਵੇਂ ਕਿ ਗੰਗਾ,ਸਿੰਧ ਅਤੇ ਬ੍ਰਹਮਪੁੱਤਰ, ਜੋ ਭਾਰਤ ਲਈ ਮਹੱਤਵਪੂਰਨ ਹਨ, ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਦੇ ਪਿੱਛੇ ਹਟਣ ਕਾਰਨ ਆਉਣ ਵਾਲੇ ਦਹਾਕਿਆਂ ਵਿੱਚ ਆਪਣੇ ਵਹਾਅ ਵਿੱਚ ਕਮੀ ਦੇਖ ਸਕਦੀਆਂ ਹਨ ਅਤੇ ਇਹਨਾਂ ਨਦੀਆਂ ਦੇ ਸੁੱਕਣ ਦਾ ਖਤਰਾ ਪੈਦਾ ਹੋ ਗਿਆ ਹੈ। ਅੰਤਰਰਾਸ਼ਟਰੀ ਗਲੇਸ਼ੀਅਰ ਪ੍ਰੀਜ਼ਰਵੇਸ਼ਨ ਸਾਲ 'ਤੇ ਆਯੋਜਿਤ ਇਕ ਪ੍ਰੋਗਰਾਮ 'ਚ ਗੁਟੇਰੇਸ ਨੇ ਕਿਹਾ ਕਿ ਗਲੇਸ਼ੀਅਰ ਧਰਤੀ 'ਤੇ ਸਾਰੇ ਜੀਵਨ ਲਈ ਮਹੱਤਵਪੂਰਨ ਹਨ। ਗੁਟੇਰੇਸ ਨੇ ਚਿੰਤਾ ਜ਼ਾਹਰ ਕੀਤੀ ਕਿ ਮਨੁੱਖੀ ਗਤੀਵਿਧੀਆਂ ਗ੍ਰਹਿ ਦੇ ਤਾਪਮਾਨ ਨੂੰ ਖਤਰਨਾਕ ਨਵੇਂ ਪੱਧਰਾਂ 'ਤੇ ਲੈ ਜਾ ਰਹੀਆਂ ਹਨ ਅਤੇ ਗਲੇਸ਼ੀਅਰਾਂ ਦਾ ਪਿਘਲਣਾ ਬਹੁਤ ਖਤਰਨਾਕ ਹੈ।



**ਹੜ੍ਹ ਦਾ ਖ਼ਤਰਾ**

ਏਸ਼ੀਆ ਵਿੱਚ 10 ਵੱਡੀਆਂ ਨਦੀਆਂ ਹਿਮਾਲਿਆ ਤੋਂ ਨਿਕਲਦੀਆਂ ਹਨ, ਇਹ 130 ਕਰੋੜ ਤੋਂ ਵੱਧ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾ ਰਹੀਆਂ ਹਨ। ਗੁਟੇਰੇਸ ਨੇ ਕਿਹਾ ਕਿ ਜਦੋਂ ਆਉਣ ਵਾਲੇ ਦਹਾਕਿਆਂ ਵਿੱਚ ਗਲੇਸ਼ੀਅਰਾਂ ਅਤੇ ਬਰਫ਼ ਦੀਆਂ ਚਾਦਰਾਂ ਘਟਣਗੀਆਂ, ਪ੍ਰਮੁੱਖ ਹਿਮਾਲੀਅਨ ਨਦੀਆਂ ਜਿਵੇਂ ਕਿ ਸਿੰਧ, ਗੰਗਾ ਅਤੇ ਬ੍ਰਹਮਪੁੱਤਰ ਵਿੱਚ ਪ੍ਰਭਾਵ ਦੇਖਣ ਨੂੰ ਮਿਲੇਗਾ ਅਤੇ ਉਨ੍ਹਾਂ ਦੇ ਪਾਣੀ ਦਾ ਵਹਾਅ ਘੱਟ ਜਾਵੇਗਾ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਜੇਕਰ ਗਲੇਸ਼ੀਅਰ ਤੇਜ਼ੀ ਨਾਲ ਪਿਘਲਦਾ ਹੈ ਤਾਂ ਹੜ੍ਹ ਦੀ ਸਥਿਤੀ ਵੀ ਆ ਸਕਦੀ ਹੈ।

**125 ਸਾਲਾਂ ਵਿੱਚ ਹਾਲਾਤ ਵਿਗੜੇ** :ਗੁਟੇਰੇਸ ਨੇ ਵਿਸ਼ਵ ਮੌਸਮ ਵਿਗਿਆਨ ਸੰਗਠਨ ਦੇ ਅੰਕੜਿਆਂ ਦਾ ਹਵਾਲਾ ਦਿੱਤਾ ਜਿਸ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ 1900 ਤੋਂ ਲੈ ਕੇ ਪਿਛਲੇ 3,000 ਸਾਲਾਂ ਵਿੱਚ ਕਿਸੇ ਵੀ ਪਿਛਲੀ ਸਦੀ ਦੇ ਮੁਕਾਬਲੇ ਗਲੋਬਲ ਔਸਤ ਸਮੁੰਦਰ ਦਾ ਪੱਧਰ ਤੇਜ਼ੀ ਨਾਲ ਵਧਿਆ ਹੈ। ਉਸ ਨੇ ਕਿਹਾ ਕਿ ਜਦੋਂ ਤੱਕ ਅਸੀਂ ਇਸ ਰੁਝਾਨ ਨੂੰ ਉਲਟਾ ਨਹੀਂ ਦਿੰਦੇ, ਨਤੀਜੇ ਘਾਤਕ ਹੋਣਗੇ।

**4500 ਨਦੀਆਂ ਸੁੱਕੀਆਂ ਅਤੇ 20 ਲੱਖ ਤਾਲਾਬ, ਖੂਹ, ਝੀਲਾਂ ਗਾਇਬ** : ਇਕ ਰਿਪੋਰਟ ਅਨੁਸਾਰ ਪਿਛਲੇ 10 ਸਾਲਾਂ ਵਿੱਚ ਭਾਰਤ ਵਿੱਚ ਕਰੀਬ 30 ਫੀਸਦੀ ਨਦੀਆਂ ਸੁੱਕ ਗਈਆਂ ਹਨ। ਦੂਜੇ ਪਾਸੇ ਪਿਛਲੇ 70 ਸਾਲਾਂ ਵਿੱਚ 30 ਲੱਖ ਵਿੱਚੋਂ 20 ਲੱਖ ਛੱਪੜ, ਖੂਹ, ਛੱਪੜ, ਝੀਲਾਂ ਆਦਿ ਪੂਰੀ ਤਰ੍ਹਾਂ ਤਬਾਹ ਹੋ ਚੁੱਕੇ ਹਨ। ਧਰਤੀ ਹੇਠਲੇ ਪਾਣੀ ਦੀ ਹਾਲਤ ਵੀ ਬਹੁਤ ਮਾੜੀ ਹੈ।

(ਬਾਕੀ ਸਫ਼ਾ 30 'ਤੇ)

## ਕੋਰੋਨਾ ਕਾਲ ਦੌਰਾਨ ਗੰਗਾ ਵਿੱਚ ਲਾਸ਼ਾਂ ਦਾ ਤੈਰਨਾ



ਇਕ ਪਾਸੇ ਕੇਂਦਰ ਸਰਕਾਰ ਵੱਲੋਂ ਗੰਗਾ ਨਦੀ ਦੀ ਸਫਾਈ ਲਈ ਅਰਬਾਂ ਰੁਪਏ ਖਰਚਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਅਸਲੀਅਤ ਇਹ ਵੀ ਹੈ ਕਿ ਕੋਰੋਨਾ ਕਾਲ ਦੌਰਾਨ ਮਾਰੇ ਗਏ ਵੱਡੀ ਗਿਣਤੀ ਲੋਕਾਂ ਦੀਆਂ ਲਾਸ਼ਾਂ ਗੰਗਾ ਵਿੱਚ ਤੈਰਦੀਆਂ ਪਾਈਆਂ ਗਈਆਂ। ਉਸ ਸਮੇਂ ਇਹ ਰਿਪੋਰਟਾਂ ਵੀ ਆਈਆਂ ਸਨ ਕਿ ਕੋਰੋਨਾ ਕਾਰਨ ਜਿਹੜੇ ਲੋਕਾਂ ਦੀਆਂ ਮੌਤਾਂ ਹੋਈਆਂ ਸਨ, ਉਹਨਾਂ ਦਾ ਅੰਤਮ ਸਸਕਾਰ ਕਰਨ ਦੀ ਥਾਂ ਉਹਨਾਂ ਦੀਆਂ ਲਾਸ਼ਾਂ ਨੂੰ ਗੰਗਾ ਵਿੱਚ ਵਹਾ ਦਿਤਾ ਗਿਆ। ਉਸ ਸਮੇਂ ਗੰਗਾ ਨਦੀ ਵਿੱਚ ਵੱਡੀ ਗਿਣਤੀ ਲਾਸ਼ਾਂ ਤੈਰਦੀਆਂ ਵੇਖੀਆਂ ਗਈਆਂ ਸਨ। ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਗੰਗਾ ਨਦੀ ਦੀ ਸਫਾਈ ਅਤੇ ਸਵੱਛਤਾ ਲਈ ਸਰਕਾਰ, ਪ੍ਰਸ਼ਾਸ਼ਨ ਅਤੇ ਆਮ ਲੋਕ ਕਿੰਨੇ ਕੁ ਗੰਭੀਰ ਹਨ

## ਗੰਗਾ ਵਿੱਚ ਸੀਵਰੇਜ਼



ਗੰਗਾ ਦੀ ਸਫ਼ਾਈ ਨੂੰ ਲੈ ਕੇ ਕੀਤੇ ਜਾ ਰਹੇ ਸਾਰੇ ਦਾਅਵੇ ਕਾਗਜ਼ ਸਾਬਤ ਹੋ ਰਹੇ ਹਨ। ਭਾਵੇਂ ਗੰਗਾ ਦੀ ਪੁਨਰ ਸੁਰਜੀਤੀ, ਸੁਰੱਖਿਆ ਅਤੇ ਪ੍ਰਬੰਧਨ ਲਈ 2016 ਵਿੱਚ ਇੱਕ ਆਦੇਸ਼ ਜਾਰੀ ਕੀਤਾ ਗਿਆ ਸੀ, ਰਾਸ਼ਟਰੀ ਨਦੀ ਅਜੇ ਵੀ 60 ਪ੍ਰਤੀਸ਼ਤ ਸੀਵਰੇਜ਼ ਨੂੰ ਲੈ ਕੇ ਜਾ ਰਹੀ ਹੈ। ਕਿਹਾ ਜਾ ਸਕਦਾ ਹੈ ਕਿ 60 ਫੀਸਦੀ ਸੀਵਰੇਜ ਗੰਗਾ ਵਿੱਚ ਜਾ ਰਿਹਾ ਹੈ, ਉਹ ਵੀ ਜਦੋਂ ਰਾਸ਼ਟਰੀ ਨਦੀ ਦੀ ਵਿਗੜਦੀ ਦਿੱਖ ਨੂੰ ਬਦਲਣ ਲਈ 30,000 ਕਰੋੜ ਰੁਪਏ ਦਾ ਬਜਟ ਬਣਾਇਆ ਗਿਆ ਸੀ।

ਗੰਗਾ ਨਦੀ ਦੇ ਚੋਟੀ ਦੇ ਪੰਜ ਰਾਜ ਬਿਹਾਰ, ਝਾਰਖੰਡ, ਉੱਤਰਾਖੰਡ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ 10139.3 ਮਿਲੀਅਨ ਲੀਟਰ ਪ੍ਰਤੀ ਦਿਨ (ਐਮਐਲਡੀ) ਸੀਵਰੇਜ ਪੈਦਾ ਕਰਦੇ ਹਨ ਅਤੇ ਸਿਰਫ 3959.16 ਐਮਐਲਡੀ (40%) ਸੀਵਰੇਜ ਟਰੀਟਮੈਂਟ ਪਲਾਂਟਾਂ ਦੁਆਰਾ ਟ੍ਰੀਟ ਕੀਤਾ ਜਾਂਦਾ ਹੈ, ਬਾਕੀ 6180 ਐਮਐਲਡੀ. (60 ਫੀਸਦੀ) ਸਿੱਧਾ ਗੰਗਾ ਵਿੱਚ ਸੁੱਟਿਆ ਜਾ ਰਿਹਾ ਹੈ।

ਗੰਗਾ ਦੇ ਵੱਡੇ ਪੰਜ ਰਾਜਾਂ ਵਿੱਚ ਹੁਣ ਤੱਕ ਲਗਾਏ ਗਏ ਕੁੱਲ 226 ਸੀਵਰੇਜ ਟ੍ਰੀਟਮੈਂਟ ਪਲਾਂਟ (ਐਸਟੀਪੀ) ਵੀ ਆਪਣੀ ਸਮਰੱਥਾ ਤੋਂ ਘੱਟ ਕੰਮ ਕਰ ਰਹੇ ਹਨ ਅਤੇ ਗੰਗਾ ਵਿੱਚ ਸਿੱਧੇ ਡਿੱਗਣ ਵਾਲੇ ਸੀਵਰੇਜ ਦੀ ਮਾਤਰਾ ਨੂੰ ਲਗਾਤਾਰ ਵਧਾ ਰਹੇ ਹਨ।

## ਨਮਾਮੀ ਗੰਗੇ ਪ੍ਰੋਗਰਾਮ

ਨਮਾਮੀ ਗੰਗੇ ਪ੍ਰੋਗਰਾਮ ਤਹਿਤ 31,098.85 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਕੁੱਲ 374 ਪ੍ਰੋਜੈਕਟ ਲਏ ਗਏ ਹਨ, ਜਿਨ੍ਹਾਂ ਵਿੱਚੋਂ 210 ਪ੍ਰੋਜੈਕਟ ਪੂਰੇ ਹੋ ਚੁੱਕੇ ਹਨ। ਨਮਾਮੀ ਗੰਗੇ ਪ੍ਰੋਗਰਾਮ ਦੇ ਤਹਿਤ ਲਏ ਗਏ ਪ੍ਰੋਜੈਕਟਾਂ ਵਿੱਚ 5,015.26 ਮਿਲੀਅਨ ਲੀਟਰ ਪ੍ਰਤੀ ਦਿਨ (ਐੱਮ.ਐੱਲ.ਡੀ.) ਦੀ ਸਮਰੱਥਾ ਵਾਲੇ ਸੀਵਰੇਜ ਟ੍ਰੀਟਮੈਂਟ ਪਲਾਂਟ (ਐੱਸ.ਟੀ.ਪੀ.) ਦੇ ਨਿਰਮਾਣ ਅਤੇ ਪੁਨਰਵਾਸ ਲਈ 24,581.09 ਕਰੋੜ ਰੁਪਏ ਦੀ ਮਨਜ਼ੂਰ ਲਾਗਤ ਵਾਲੇ 161 ਸੀਵਰੇਜ ਬੁਨਿਆਦੀ ਢਾਂਚਾ ਪ੍ਰੋਜੈਕਟ ਅਤੇ 5,13 ਕਰੋੜ 44 ਮੀਟਰ ਦਾ ਨੈੱਟਵਰਕ ਵਿਛਾਉਣਾ ਸ਼ਾਮਲ ਹੈ। ਜਲ ਸ਼ਕਤੀ ਰਾਜ ਮੰਤਰੀ ਬਿਸ਼ਵੇਸ਼ਵਰ ਟੁਡੂ ਨੇ ਲੋਕ ਸਭਾ ਨੂੰ ਜਾਣਕਾਰੀ ਦਿੱਤੀ ਕਿ ਇਨ੍ਹਾਂ ਵਿੱਚੋਂ 92 ਸੀਵਰੇਜ ਪ੍ਰੋਜੈਕਟਾਂ ਨੂੰ ਪੂਰਾ ਕਰ ਲਿਆ ਗਿਆ ਹੈ, ਜਿਸ ਦੇ ਨਤੀਜੇ ਵਜੋਂ 1,642.91 ਐਮਐਲਡੀ ਐਸਟੀਪੀ ਸਮਰੱਥਾ ਦੀ ਸਿਰਜਣਾ ਅਤੇ ਪੁਨਰਵਾਸ ਅਤੇ 4,155.99 ਕਿਲੋਮੀਟਰ ਸੀਵਰੇਜ ਨੈਟਵਰਕ ਵਿਛਾਇਆ ਗਿਆ ਹੈ।

# ਰਾਸ਼ਟਰੀ ਗੰਗਾ ਪ੍ਰੀਸ਼ਦ ਦੀ 6 ਸਾਲਾਂ ਵਿੱਚ ਸਿਰ਼ਫ ਇੱਕ ਮੀਟਿੰਗ ਹੋਈ

ਸਥਿਤੀ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਰਾਸ਼ਟਰੀ ਗੰਗਾ ਪ੍ਰੀਸ਼ਦ ਦੇ ਗਠਨ ਨੂੰ ਲਗਭਗ 6 ਸਾਲ ਬੀਤ ਚੁੱਕੇ ਹਨ ਅਤੇ ਹੁਣ ਤੱਕ ਸਿਰਫ ਇਕ ਬੈਠਕ ਹੋਈ ਹੈ। 7 ਅਕਤੂਬਰ 2016 ਨੂੰ ਕੇਂਦਰ ਸਰਕਾਰ ਵੱਲੋਂ ਗੰਗਾ ਨਦੀ (ਸੰਭਾਲ, ਸੁਰੱਖਿਆ ਅਤੇ ਪ੍ਰਬੰਧਨ) ਅਥਾਰਟੀ ਆਰਡਰ ਜਾਰੀ ਕੀਤਾ ਗਿਆ ਸੀ, ਜਿਸ ਅਨੁਸਾਰ ਪੀ.ਐਮ ਮੋਦੀ ਦੀ ਅਗਵਾਈ ਵਾਲੀ ਰਾਸ਼ਟਰੀ ਗੰਗਾ ਕੌਂਸਲ ਦੀ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਜਾਂ ਇਸ ਤੋਂ ਵੱਧ ਵਾਰ ਮੀਟਿੰਗ ਹੋਣੀ ਚਾਹੀਦੀ ਹੈ। ਗੰਗਾ ਦੀ ਸਫਾਈ ਅਤੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਦਾ ਜਾਇਜ਼ਾ ਲੈਣਾ ਸੀ।

ਨੈਸ਼ਨਲ ਮਿਸ਼ਨ ਫਾਰ ਕਲੀਨ ਗੰਗਾ (ਐਨ.ਐਮ.ਸੀ.ਜੀ.) ਦੇ ਅਨੁਸਾਰ, ਗੰਗਾ ਨਾਲ ਸਬੰਧਤ ਪ੍ਰੋਜੈਕਟਾਂ ਦੇ ਬਜਟ ਅਤੇ ਲਾਗੂ ਕਰਨ ਨੂੰ ਲੈ ਕੇ ਕਾਰਜਕਾਰੀ ਕਮੇਟੀ (ਕਾਰਜਕਾਰੀ ਕਮੇਟੀ) ਦੀਆਂ ਮੀਟਿੰਗਾਂ ਚੱਲ ਰਹੀਆਂ ਹਨ। 2017 ਤੋਂ ਜੁਲਾਈ, 2022 ਤੱਕ ਕੁੱਲ 43 ਮੀਟਿੰਗਾਂ ਹੋ ਚੁੱਕੀਆਂ ਹਨ। ਹਾਲਾਂਕਿ, ਨਿਰਧਾਰਿਤ ਹੁਕਮਾਂ ਅਨੁਸਾਰ, ਗੰਗਾ ਪ੍ਰੀਸ਼ਦ ਨੂੰ ਉਨ੍ਹਾਂ ਦੀ ਸਮੀਖਿਆ ਕਰਨੀ ਚਾਹੀਦੀ ਸੀ।2014 ਵਿੱਚ ਸੱਤਾ ਵਿੱਚ ਆਉਣ ਤੋਂ ਤੁਰੰਤ ਬਾਅਦ, ਮੋਦੀ ਸਰਕਾਰ ਨੇ ਗੰਗਾ ਦੀ ਸਫਾਈ ਨੂੰ ਇੱਕ ਪ੍ਰਮੁੱਖ ਤਰਜੀਹ ਦਿੱਤੀ ਅਤੇ ਨਮਾਮੀ ਗੰਗੇ ਨਾਮ ਯੋਜਨਾ ਦੀ ਘੋਸ਼ਣਾ ਕੀਤੀ, ਜਿਸਦਾ ਉਦੇਸ਼ ਗੰਗਾ ਦੀ ਵਿਗੜਦੀ ਹਾਲਤ ਨੂੰ ਉਲਟਾਉਣਾ ਅਤੇ ਪ੍ਰਦੂਸ਼ਣ ਨੂੰ ਰੋਕਣਾ ਹੈ। ਹਾਲਾਂਕਿ ਇਸ 'ਤੇ ਕੰਮ ਅਕਤੂਬਰ 2016 ਦੇ ਹੁਕਮਾਂ ਤੋਂ ਬਾਅਦ ਹੀ ਸ਼ੁਰੂ ਹੋਇਆ ਸੀ।



ਵਿੱਤੀ ਸਾਲ 2014-15 ਤੋਂ 2020-2021 ਤੱਕ, ਇਸ ਨਮਾਮੀ ਗੰਗੇ ਯੋਜਨਾ ਦੇ ਤਹਿਤ, ਪਹਿਲਾਂ 20 ਹਜ਼ਾਰ ਕਰੋੜ ਰੁਪਏ ਖਰਚ ਕਰਨ ਦਾ ਰੋਡਮੈਪ ਤਿਆਰ ਕੀਤਾ ਗਿਆ ਸੀ, ਜਿਸ ਨੂੰ ਬਾਅਦ ਵਿੱਚ ਵਧਾ ਕੇ 30 ਹਜ਼ਾਰ ਕਰੋੜ ਰੁਪਏ ਕਰ ਦਿੱਤਾ ਗਿਆ ਸੀ। ਹਾਲਾਂਕਿ ਇਸ ਪ੍ਰਵਾਨਿਤ ਬਜਟ 'ਚੋਂ ਸਿਰਫ 50 ਫੀਸਦੀ ਬਜਟ ਹੀ ਅਲਾਟ ਕੀਤਾ ਗਿਆ ਹੈ।

ਨਮਾਮੀ ਗੰਗੇ ਦੇ ਤਹਿਤ ਵੱਡੇ ਬਜਟ ਦਾ ਐਲਾਨ ਅਸਲ ਵਿੱਚ ਗੰਗਾ ਐਕਸ਼ਨ ਪਲਾਨ ਦੀ ਅਸਫਲਤਾ ਤੋਂ ਬਾਅਦ ਲਿਆਂਦਾ ਗਿਆ ਸੀ, ਜਿਸ ਨੇ ਲੋਕਾਂ ਵਿੱਚ ਗੰਗਾ ਦੀ ਸਫਾਈ ਦੀ ਉਮੀਦ ਜਗਾਈ ਸੀ। ਅਸਫਲ ਗੰਗਾ ਐਕਸ਼ਨ ਪਲਾਨ 14 ਜਨਵਰੀ, 1986 ਨੂੰ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੁਆਰਾ ਸ਼ੁਰੂ ਕੀਤਾ ਗਿਆ ਸੀ। ਇਸ ਦੇ ਦੋ ਪੜਾਅ ਕਈ ਸਾਲਾਂ ਤੱਕ ਚੱਲੇ ਅਤੇ ਕੋਈ ਨਤੀਜਾ ਨਹੀਂ ਨਿਕਲਿਆ। ਇਸ ਤੋਂ ਬਾਅਦ 2009 ਵਿੱਚ ਨੈਸ਼ਨਲ ਗੰਗਾ ਬੇਸਿਨ ਅਥਾਰਟੀ ਦਾ ਗਠਨ ਕੀਤਾ ਗਿਆ। ਗੰਗਾ ਐਕਸ਼ਨ ਪਲਾਨ ਤੋਂ ਲੈ ਕੇ 2017 ਤੱਕ ਇਨ੍ਹਾਂ ਤਿੰਨ ਪੜਾਵਾਂ ਤਹਿਤ ਸਰਕਾਰ ਵੱਲੋਂ 6788.78 ਕਰੋੜ ਰੁਪਏ ਜਾਰੀ ਕੀਤੇ ਗਏ ਸਨ। ਹਾਲਾਂਕਿ ਸਰਕਾਰ ਮੁਤਾਬਕ 30 ਜੂਨ 2017 ਤੱਕ 4864.48 ਕਰੋੜ ਰੁਪਏ ਖਰਚ ਕੀਤੇ ਜਾ ਸਕੇ ਹਨ। ਇਨ੍ਹਾਂ ਖਰਚਿਆਂ 'ਤੇ ਵੀ ਸ਼ੱਕ ਪੈਦਾ ਹੋ ਗਿਆ। ਅਦਾਲਤਾਂ ਨੂੰ ਵੀ ਇਨ੍ਹਾਂ ਖਰਚਿਆਂ ਦੀ ਸਹੀ ਜਾਣਕਾਰੀ ਨਹੀਂ ਮਿਲ ਸਕੀ।

### ਮਾਮਲਾ ਲਾਹੌਰ 'ਚ ਪਏ ਸ਼ਹੀਦ ਭਗਤ ਸਿੰਘ ਸੰਬੰਧੀ ਦਸਤਾਵੇਜ਼ ਮੰਗਵਾਉਣ ਦਾ

# ਮੋਦੀ ਸਰਕਾਰ ਨੇ ਹਾਲੇ ਤੱਕ ਨਾ ਦਿਖਾਈ ਦਿਲਚਸਪੀ

## ਸਾਬਕਾ ਸਾਂਸਦ ਤਰਲੋਚਨ ਸਿੰਘ ਵੀ ਭਾਰਤੀ ਵਿਦੇਸ਼ ਮੰਤਰਾਲੇ ਨੂੰ ਕਰ ਚੁੱਕੇ ਨੇ ਅਪੀਲ ਫੈਸਲਾਬਾਦ ਦੇ ਭੂਮੀ ਰਿਕਾਰਡ ਵਿੱਚ ਭਗਤਪੁਰਾ ਦਾ ਨਾਂਅ ਅਜੇ ਵੀ ਬੰਗਾ ਦਰਜ




ਅੰਮ੍ਰਿਤਸਰ-ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿੱਚ ਪੰਜਾਬ ਪੁਰਾਤਤਵ ਵਿਭਾਗ ਕੋਲ ਸ਼ਹੀਦ-ਏ-ਆਜ਼ਮ ਭਗਤ ਸਿੰਘ ਨਾਲ ਸੰਬੰਧਿਤ ਕਈ ਅਜਿਹੇ ਦੁਰਲੱਭ ਦਸਤਾਵੇਜ਼ ਮੌਜੂਦ ਹਨ, ਜਿਨ੍ਹਾਂ ਨੂੰ ਬਾਰੀਕੀ ਨਾਲ ਘੋਖਣ 'ਤੇ ਕਈ ਮਹੱਤਵਪੂਰਨ ਜਾਣਕਾਰੀਆਂ ਸਾਹਮਣੇ ਆ ਸਕਦੀਆਂ ਹਨ ਅਤੇ ਇਹ ਦਸਤਾਵੇਜ਼ ਪ੍ਰਮੁੱਖਤਾ ਨਾਲ ਭਾਰਤੀ ਇਤਿਹਾਸ ਦੀਆਂ ਪੁਸਤਕਾਂ ਦਾ ਹਿੱਸਾ ਬਣ ਸਕਦੇ ਹਨ। ਜਲ੍ਹਿਆਂਵਾਲਾ ਬਾਗ਼ ਨੈਸ਼ਨਲ ਮੈਮੋਰੀਅਲ ਟਰੱਸਟ ਦੇ ਮੈਂਬਰ ਅਤੇ ਸਾਬਕਾ ਸੰਸਦ ਮੈਂਬਰ ਸ: ਤਰਲੋਚਨ ਸਿੰਘ ਨੇ ਇਸ ਬਾਰੇ 'ਚ ਭਾਰਤੀ ਵਿਦੇਸ਼ ਮੰਤਰਾਲੇ ਨੂੰ ਇਨ੍ਹਾਂ ਦਸਤਾਵੇਜ਼ਾਂ ਦੀ ਡੁਪਲੀਕੇਟ ਕਾਪੀ ਤਿਆਰ ਕਰਵਾ ਕੇ ਭਾਰਤ ਮੰਗਵਾਉਣ ਲਈ ਪਾਕਿ ਸਰਕਾਰ ਨਾਲ ਗੱਲਬਾਤ ਕਰਨ ਦੀ ਅਪੀਲ ਵੀ ਕੀਤੀ ਸੀ, ਜਦਕਿ ਕੇਂਦਰ ਸਰਕਾਰ ਨੇ ਅਜੇ ਤਕ ਇਸ ਬਾਰੇ ਵਿਚ ਕੋਈ ਦਿਲਚਸਪੀ ਨਹੀਂ ਵਿਖਾਈ ਹੈ।ਜਾਣਕਾਰੀ ਅਨੁਸਾਰ ਲਹਿੰਦੇ ਪੰਜਾਬ ਦੇ ਪੁਰਾਤਤਵ ਵਿਭਾਗ ਕੋਲ ਸ਼ਹੀਦ ਭਗਤ ਸਿੰਘ ਵੱਲੋਂ ਲਾਹੌਰ ਸੈਂਟਰਲ ਜੇਲ੍ਹ 'ਚੋਂ ਰਾਜਸੀ ਕੈਦੀ ਐਲਾਨੇ ਜਾਣ ਉਪਰੰਤ ਏ-ਕਲਾਸ ਦੀ ਸਹੂਲਤ ਲੈਣ ਲਈ ਲਿਖੇ ਪੱਤਰ ਦੇ ਇਲਾਵਾ ਕ੍ਰਾਂਤੀਕਾਰੀਆਂ ਦੇ ਹੱਥੋਂ ਮਾਰੇ ਗਏ ਪੁਲਿਸ ਅਧਿਕਾਰੀ ਜੋਨ ਪੀ. ਸਾਂਡਰਸ ਅਤੇ ਸਿਪਾਹੀ ਚਰਨ ਸਿੰਘ ਦੀਆਂ ਪੋਸਟ ਮਾਰਟਮ ਰਿਪੋਰਟਾਂ, ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਨੂੰ ਦੋਸ਼ੀ ਠਹਿਰਾਉਣ ਬਾਰੇ ਅਦਾਲਤੀ ਹੁਕਮ ਅਤੇ ਉਨ੍ਹਾਂ ਨੂੰ ਫਾਂਸੀ 'ਤੇ ਲਟਕਾਉਣ ਦੀ ਪੁਸ਼ਟੀ ਬਾਰੇ ਜੇਲ੍ਹ ਦੇ ਦਰੋਗ਼ਾ ਦੀ ਰਿਪੋਰਟ ਵੀ ਸੁਰੱਖਿਅਤ ਹੈ। ਜਾਣਕਾਰੀ ਦੇ ਅਨੁਸਾਰ ਪੰਜਾਬ ਪੁਰਾਤਤਵ ਵਿਭਾਗ ਦੇ ਰਿਕਾਰਡ 'ਚ ਭਗਤ ਸਿੰਘ ਦੁਆਰਾ ਜੇਲ੍ਹ ਦੀ ਸਜ਼ਾ ਦੌਰਾਨ ਮੰਗਵਾਈਆਂ ਗਈਆਂ ਕਿਤਾਬਾਂ, ਨਾਵਲ, ਕ੍ਰਾਂਤੀਕਾਰੀ ਸਾਹਿਤ ਸਮੇਤ ਲਾਹੌਰ ਦੀ ਰਾਵੀ ਰੋਡ 'ਤੇ ਸਥਿਤ ਫ਼ੈਕਟਰੀ, ਗਵਾਲ ਮੰਡੀ ਆਬਾਦੀ ਅਤੇ ਮੁਜੰਗ ਚੂੰਗੀ ਦੇ ਕਿਰਾਏ ਦੇ ਘਰ ਅਤੇ ਮਿਕਲਿਓਡ ਰੋਡ ਸਥਿਤ ਕਸ਼ਮੀਰ ਬਿਲਡਿੰਗ ਸਮੇਤ ਉਨ੍ਹਾਂ ਹੋਟਲਾਂ ਦਾ ਰਿਕਾਰਡ ਵੀ ਮੌਜੂਦ ਹੈ ਜਿੱਥੇ ਭਗਤ ਸਿੰਘ ਅਤੇ ਉਨ੍ਹਾਂ ਦੇ ਦੂਜੇ ਸਾਥੀ ਰੂਪੋਸ਼ ਹੋਣ ਮੌਕੇ ਰਹੇ।ਦੱਸਿਆ ਜਾ ਰਿਹਾ ਹੈ ਕਿ ਲਾਹੌਰ ਤੋਂ ਸੰਨ 1930 ਵਿੱਚ ਪ੍ਰਕਾਸ਼ਿਤ ਹੋਈਆਂ ਉਰਦੂ ਅਖ਼ਬਾਰਾਂ ਦੀਆਂ ਉਹ ਖ਼ਬਰਾਂ ਵੀ ਉਕਤ ਵਿਭਾਗ ਪਾਸ ਮੌਜੂਦ ਹਨ ਜਿਨ੍ਹਾਂ ਵਿੱਚ ਭਗਤ ਸਿੰਘ ਦੀ ਫਾਂਸੀ ਜਾਂ ਟਰਾਇਲ ਬਾਰੇ ਜਾਣਕਾਰੀ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤੀ ਗਈ ਸੀ। ਇਨ੍ਹਾਂ ਅਖ਼ਬਾਰਾਂ ਵਿੱਚ ਵੀਰ ਭਾਰਤ

(ਬਾਕੀ ਸਫ਼ਾ 29 'ਤੇ)

# ਪੰਜਾਬ 'ਚ ਖ਼ਾਲਿਸਤਾਨੀ ਭਾਵਨਾ ਮੁੜ ਸੁਰਜੀਤ ਨਹੀਂ ਹੋ ਰਹੀ : ਮਨਪ੍ਰੀਤ ਸਿੰਘ ਬਾਦਲ



ਚੰਡੀਗੜ੍ਹ/ਏ.ਟੀ.ਨਿਊਜ਼ :- ਅੰਮ੍ਰਿਤਪਾਲ ਸਿੰਘ ਅਤੇ ਵਾਰਿਸ ਪੰਜਾਬ ਦੇ ਬਾਰੇ ਬਹੁਤ ਸਾਰੇ ਮੀਡੀਆ ਅਤੇ ਜ਼ਿਆਦਾਤਰ ਵਿਰੋਧੀ ਸਿਆਸਤਦਾਨਾਂ ਲਈ ਇੱਕ ਬਹੁਤ ਹੀ ਵੱਖਰਾ ਸਟੈਂਡ ਲੈਣ ਵਾਲੀ ਇੱਕ ਇੰਟਰਵਿਊ ਵਿੱਚ, ਪੰਜਾਬ ਦੇ ਸਭ ਤੋਂ ਲੰਬੇ ਸਮੇਂ ਤੱਕ ਵਿੱਤ ਮੰਤਰੀ ਰਹੇ ਮਨਪ੍ਰੀਤ ਸਿੰਘ ਬਾਦਲ, ਜਿਨ੍ਹਾਂ ਨੇ ਅਕਾਲੀ ਅਤੇ ਕਾਂਗਰਸ ਦੋਵਾਂ ਸਰਕਾਰਾਂ ਵਿੱਚ ਸੇਵਾਵਾਂ ਨਿਭਾਈਆਂ ਸਨ, ਪਰ ਹੁਣ ਭਾਜਪਾ ਦੇ ਮੈਂਬਰ ਹਨ,ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਸਿੰਘ ਮਾਮੂਲੀ ਮੀਡੀਆ ਸਨਸਨੀ ਹੈ ਅਤੇ ਛੇ ਦਿਨਾਂ ਦੀ ਤਲਾਸ਼ੀ ਤੋਂ ਬਾਅਦ ਵੀ ਉਸ ਨੂੰ ਗ੍ਰਿਫਤਾਰ ਕਰਨ ਵਿੱਚ ਪੰਜਾਬ ਪੁਲਿਸ ਦੀ ਅਸਮਰੱਥਾ ਇੱਕ ਮਾਮੂਲੀ ਸੁਰੱਖਿਆ ਅਸਫਲਤਾ ਹੈ ਅਤੇ ਮੀਡੀਆ ਦੇ ਤਰੀਕੇ ਨਾਲ ਚਿੰਤਾ ਦਾ ਵਿਸ਼ਾ ਨਹੀਂ ਹੈ। ਇਸ ਨੂੰ ਪਹਿਲੇ ਪੰਨਿਆਂ 'ਤੇ ਛਿੜਕ ਰਿਹਾ ਹੈ।

9 ਸਾਲਾਂ ਤੱਕ ਪੰਜਾਬ ਦੇ ਵਿੱਤ ਮੰਤਰੀ ਰਹੇ ਬਾਦਲ ਦਾ ਇਹ ਵੀ ਕਹਿਣਾ ਹੈ ਕਿ ਪੰਜਾਬ ਵਿੱਚ ਖਾਲਿਸਤਾਨੀ ਭਾਵਨਾ ਮੁੜ ਸੁਰਜੀਤ ਨਹੀਂ ਹੋ ਰਹੀ ਅਤੇ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਵਾਰਿਸ ਪੰਜਾਬ ਦੇ ਤੋਂ ਰਾਜ ਨੂੰ ਕੋਈ ਖ਼ਤਰਾ ਨਹੀਂ ਹੈ। ਪੰਜਾਬ ਨੂੰ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਹਨ, ਜੋ ਕਿ ਗੰਭੀਰ ਹਨ, ਪਰ ਅੰਮ੍ਰਿਤਪਾਲ ਸਿੰਘ ਨੂੰ ਜੋੜਨਾ ਉਨ੍ਹਾਂ ਨੂੰ ਹੋਰ ਵੀ ਮਾੜਾ ਜਾਂ ਜ਼ਿਆਦਾ ਚਿੰਤਾਜਨਕ ਨਹੀਂ ਬਣਾਉਂਦਾ।

ਇੱਕ ਇੰਟਰਵਿਊ ਵਿੱਚ ਮਨਪ੍ਰੀਤ ਬਾਦਲ ਨੇ ਮੰਨਿਆ ਕਿ ਰਾਜ ਦੀ ਪੁਲਿਸ ਨੇ ਹੋ ਸਕਦਾ ਹੈ ਕਿ ਇਸ ਵਿੱਚ ਗੜਬੜੀ ਕੀਤੀ ਹੋਵੇ ਅਤੇ ਸਰਕਾਰ ਨੂੰ ਉਸ ਸਮੇਂ ਸਮਰਪਣ ਨਹੀਂ ਕਰਨਾ ਚਾਹੀਦਾ ਸੀ। ਉਹਨਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਮਾਮੂਲੀ ਹੈ ਅਤੇ ਇਹ ਸਿਰਫ ਇੱਕ ਮਾਮੂਲੀ ਸੁਰੱਖਿਆ ਅਸਫਲਤਾ ਹੈ। ਉਸਨੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਇਹ ਪੰਜਾਬ ਲਈ ਕੋਈ ਵੱਡੀ ਤਬਾਹੀ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਸਿੰਘ ਇੱਕ ਫ੍ਰੀਂਗ ਐਲੀਮੈਂਟ ਹੈ ਅਤੇ ਸ਼ਾਇਦ ਕੁਝ ਸੌ ਫਾਲੋਅਰਜ਼ ਹਨ, ਵੱਧ ਤੋਂ ਵੱਧ ਇੱਕ ਹਜ਼ਾਰ।

ਬਾਦਲ ਨੇ ਕਿਹਾ ਕਿ ਭੱਜ ਕੇ ਅਤੇ ਇਨਸਾਫ਼

(ਬਾਕੀ ਸਫ਼ਾ 31 'ਤੇ)

# ਕਿਸਾਨਾਂ ਨੂੰ ਕਣਕ ਝੋਨੇ ਦੇ ਫ਼ਸਲੀ ਚੱਕਰ ਵਿਚੋਂ ਕੱਢਣ ਦੀ ਲੋੜ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿੱਚ ਇਸ ਸਮੇਂ ਕਣਕ ਅਤੇ ਝੋਨਾ ਹੀ ਮੁੱਖ ਫਸਲਾਂ ਬੀਜੀਆਂ ਜਾਂਦੀਆਂ ਹਨ ਭਾਵੇਂ ਕਿ ਕੁਝ ਇਲਾਕਿਆਂ ਵਿੱਚ ਮੱਕੀ, ਕਪਾਹ ਅਤੇ ਹੋਰ ਫਸਲਾਂ ਦੀ ਖੇਤੀ ਵੀ ਕੀਤੀ ਜਾਂਦੀ ਹੈ ਪਰ ਇਸਦੇ ਬਾਵਜੂਦ ਪੰਜਾਬ ਦੇ ਵੱਡੀ ਗਿਣਤੀ ਕਿਸਾਨ ਕਣਕ ਝੋਨੇ ਦੇ ਰਵਾਇਤੀ ਫਸਲੀ ਚੱਕਰ ਵਿੱਚ ਫਸੇ ਹੋਏ ਹਨ।ਕਣਕ ਦੀ ਫਸਲ ਤਾਂ ਪੰਜਾਬ ਦੀ ਰਵਾਇਤੀ ਫਸਲ ਹੈ, ਜੋ ਕਿ ਪੰਜਾਬ ਵਿੱਚ ਸ਼ੁਰੂ ਤੋਂ ਹੀ ਬੀਜੀ ਜਾਂਦੀ ਹੈ ਪਰ ਝੋਨੇ ਦੀ ਫਸਲ ਕੁੱਝ ਦਹਾਕਿਆਂ ਪਹਿਲਾਂ ਹੀ ਪੰਜਾਬ ਵਿੱਚ ਬੀਜੀ ਜਾਣ ਲੱਗੀ।ਹੈਰਾਣੀ ਤਾਂ ਇਸ ਗਲ ਦੀ ਹੈ ਕਿ ਪੰਜਾਬੀ ਖੁਦ ਤਾਂ ਚਾਵਲ ਬਹੁਤ ਘੱਟ ਖਾਂਦੇ ਹਨ ਪਰ ਦੇਸ਼ ਦੇ ਹੋਰਨਾਂ ਸੂਬਿਆਂ ਦੇ ਲੋਕਾਂ ਲਈ ਚਾਵਲ ਬਹੁਤ ਭਾਰੀ ਗਿਣਤੀ ਵਿੱਚ ਪੈਦਾ ਕਰਦੇ ਹਨ।

ਖੇਤੀ ਮਾਹਿਰ ਕਹਿੰਦੇ ਹਨ ਕਿ ਝੋਨੇ ਦੀ ਫਸਲ ਪਾਣੀ ਬਹੁਤ ਪੀਂਦੀ ਹੈ।ਝੋਨੇ ਦੀ ਫਸਲ ਲਈ ਕਿਸਾਨਾਂ ਵੱਲੋਂ ਡੂੰਘੇ ਬੋਰਾਂ ਰਾਹੀਂ ਧਰਤੀ ਦੇ ਹੇਠਾਂ ਤੋਂ ਪਾਣੀ ਕਾਫੀ ਮਾਤਰਾ ਵਿੱਚ ਕਢਿਆ ਜਾਂਦਾ ਹੈ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫੀ ਡਿੱਗਦਾ ਜਾ ਰਿਹਾ ਹੈ।ਕੁਝ ਮਾਹਿਰ ਇਹ ਵੀ ਕਹਿੰਦੇ ਹਨ ਕਿ ਪੰਜਾਬ ਦੀ ਧਰਤੀ ਹੇਠਲਾ ਪਾਣੀ ਹੁਣ ਖਤਮ ਹੋਣ ਕਿਨਾਰੇ ਹੈ। ਇਸੇ ਲਈ ਖੇਤੀ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਥਾਂ ਘੱਟ ਪਾਣੀ ਪੀਣ ਵਾਲੀਆਂ ਫਸਲਾਂ ਬੀਜਣ ਦੀ ਸਲਾਹ ਦਿਤੀ ਜਾਂਦੀ ਹੈ।ਦੂਜੇ ਪਾਸੇ ਕਿਸਾਨਾਂ ਦਾ ਕਹਿਣਾ ਹੈ ਕਿ ਝੋਨੇ ਤੋਂ ਬਿਨਾਂ ਹੋਰਨਾਂ ਫਸਲਾਂ ਦਾ ਮੰਡੀਕਰਨ ਸਹੀ ਤਰੀਕੇ ਨਾਲ ਨਹੀਂ ਹੁੰਦਾ ਅਤੇ ਕਿਸਾਨਾਂ ਦੀਆਂ ਫਸਲਾਂ ਮੰਡੀਆਂ ਵਿੱਚ ਰੁਲਦੀਆਂ ਰਹਿੰਦੀਆਂ ਹਨ। ਇਸਦੇ ਨਾਲ ਹੀ ਕਿਸਾਨਾਂ ਨੂੰ ਕਣਕ ਅਤੇ ਝੋਨੇ ਤੋਂ ਬਿਨਾਂ ਹੋਰਨਾਂ

(ਬਾਕੀ ਸਫ਼ਾ 30 'ਤੇ)

# ਜਲੰਧਰ ਜ਼ਿਮਨੀ ਚੋਣ ਲਈ ਵੋਟਾਂ 10 ਮਈ ਨੂੰ

ਜਲੰਧਰ : ਚੋਣ ਕਮਿਸ਼ਨ ਵਲੋਂ ਜਲੰਧਰ ਲੋਕ ਸਭਾ ਹਲਕੇ 'ਤੇ ਹੋਣ ਵਾਲੀ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਗਿਆ। ਚੋਣ ਕਮਿਸ਼ਨ ਵਲੋਂ ਕੀਤੇ ਗਏ ਐਲਾਨ ਮੁਤਾਬਕ 10 ਮਈ ਦਿਨ ਬੁੱਧਵਾਰ ਨੂੰ ਵੋਟਿੰਗ ਹੋਵੇਗੀ। ਇਸ ਜ਼ਿਮਨੀ ਚੋਣ ਦਾ ਨਤੀਜਾ 13 ਮਈ ਨੂੰ ਐਲਾਨਿਆ ਜਾਵੇਗਾ। ਚੋਣ ਕਮਿਸ਼ਨ ਵਲੋਂ ਜ਼ਿਮਨੀ ਚੋਣ ਦੀ ਤਾਰੀਖ਼ ਦੇ ਐਲਾਨ ਦੇ ਨਾਲ ਹੀ ਜਲੰਧਰ ਵਿਚ ਚੋਣ ਜ਼ਾਬਤਾ ਲੱਗ ਗਿਆ ਹੈ।

ਇਸੇ ਤਰਾਂ ਝਾਰਸੁਗੁੜਾ (ਓਡੀਸ਼ਾ),ਛਾਂਬੇ (ਉੱਤਰ ਪ੍ਰਦੇਸ਼),ਸੁਆਰ (ਉੱਤਰ ਪ੍ਰਦੇਸ਼)ਅਤੇ ਸੋਹੀਓਂਗ (ਮੇਘਾਲਿਆ) ਦੀਆਂ ਜ਼ਿਮਨੀ ਚੋਣਾਂ ਲਈ ਵੀ ਵੋਟਾਂ 10 ਮਈ ਪੈਣਗੀਆਂ ਅਤੇ ਨਤੀਜੇ 13 ਮਈ ਨੂੰ ਆਉਣਗੇ।

# ਆਧੁਨਿਕ ਯੁੱਗ 'ਚ ਅਜੇ ਵੀ ਜਾਰੀ ਹਨ ਪੁਰਾਤਨ ਪਰੰਪਰਾਵਾਂ

## ਤਾਂਤਰਿਕ ਦੇ ਕਹਿਣ 'ਤੇ ਔਲਾਦ ਪ੍ਰਾਪਤੀ ਲਈ ਦਿੱਤੀ ਸੀ ਮਾਸੂਮ ਭੈਣ-ਭਰਾ ਦੀ ਬਲੀ

## ਅਦਾਲਤ ਨੇ ਦੋਸ਼ੀਆਂ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ



ਬਠਿੰਡਾ/ਏ.ਟੀ.ਨਿਊਜ਼ :-ਅੱਜ ਦੇ ਆਧੁਨਿਕ ਕਹੇ ਜਾਂਦੇ ਜ਼ਮਾਨੇ ਵਿੱਚ ਜਿਥੇ ਇੱਕ ਪਾਸੇ ਕੁਝ ਦੇਸ਼ਾਂ ਵੱਲੋਂ ਚੰਦ ਅਤੇ ਹੋਰ ਗ੍ਰਹਿਾਂ 'ਤੇ ਮਨੁਖੀ ਬਸਤੀਆਂ ਵਸਾਉਣ ਦੇ ਯਤਨ ਕੀਤੇ ਜਾ ਰਹੇ ਹਨ, ਉਥੇ ਅਜੇ ਵੀ ਅਨੇਕਾਂ ਲੋਕ ਅਜਿਹੇ ਹਨ, ਜੋ ਕਿ ਪੁਰਾਤਨ ਪੱਥਰ ਯੁੱਗ ਵਿੱਚ ਹੀ ਵਿਚਰ ਰਹੇ ਹਨ। ਹਰ ਪਾਸੇ ਆਧੁਨਿਕਤਾ ਅਤੇ ਵਿਗਿਆਨ ਦਾ ਪਸਾਰਾ ਹੋਣ ਦੇ ਬਾਵਜੂਦ ਅਨੇਕਾਂ ਲੋਕ ਅਜੇ ਵੀ ਜਾਦੂ ਟੋਣੇ, ਕਰਮ ਕਾਂਡਾ ਵਿੱਚ ਫਸੇ ਹੋਏ ਹਨ। ਅਜਿਹਾ ਹੀ ਇੱਕ ਮਾਮਲਾ ਟਿੱਬਿਆਂ ਦੇ ਇਲਾਕੇ ਬਠਿੰਡਾ ਦਾ ਵੀ ਸਾਹਮਣੇ ਆਇਆ ਹੈ। ਧੀ ਲਈ ਔਲਾਦ ਦੀ ਪ੍ਰਾਪਤੀ ਖ਼ਾਤਰ 2 ਮਾਸੂਮ ਭੈਣ-ਭਰਾ ਦੇ ਬਲੀ ਕਾਂਡ 'ਚ ਐਡੀਸ਼ਨਲ ਸ਼ੈਸਨ ਜੱਜ ਬਲਜਿੰਦਰ ਸਿੰਘ ਸਰਾਂ ਨੇ ਸਾਰੇ ਦੋਸ਼ੀਆਂ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ 'ਚ ਮ੍ਰਿਤਕ ਬੱਚਿਆਂ ਦੇ ਪਰਿਵਾਰ ਦੇ 6 ਮੈਂਬਰ ਸ਼ਾਮਲ ਹਨ। ਦੱਸ ਦੇਈਏ ਕਿ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟਫੱਤਾ 'ਚ 6 ਸਾਲ ਪਹਿਲਾਂ 8 ਮਾਰਚ, 2017 ਦੀ ਰਾਤ ਨੂੰ ਮੁੱਖ ਦੋਸ਼ੀ ਤਾਂਤਰਿਕ ਲਖਵਿੰਦਰ ਉਰਫ਼ ਲੱਖੀ ਵੱਲੋਂ ਉਤਸ਼ਾਹਿਤ ਕਰਨ 'ਤੇ 8 ਸਾਲਾ ਮਾਸੂਮ ਰਣਜੋਧ ਸਿੰਘ ਤੇ ਉਸ ਦੀ 3 ਸਾਲਾ ਭੈਣ ਅਨਾਮਿਕਾ ਕੌਰ ਦੀ ਪਰਿਵਾਰ ਵੱਲੋਂ ਬਲੀ ਦੇ ਦਿੱਤੀ ਗਈ ਸੀ।

ਇਸ 'ਚ ਮ੍ਰਿਤਕ ਬੱਚਿਆਂ ਦੀ ਦਾਦੀ ਨਿਰਮਲ ਕੌਰ, ਪਿਤਾ ਕੁਲਵਿੰਦਰ ਸਿੰਘ ਵਿੱਕੀ, ਮਾਤਾ ਰੋਜੀ ਕੌਰ, ਚਾਚਾ ਜਸਪ੍ਰੀਤ ਸਿੰਘ ਅਤੇ ਭੂਆ ਦੋਸ਼ੀ ਪਾਈ ਗਈ ਸੀ। ਦਰਅਸਲ ਭੂਆ ਦੇ ਕੋਈ ਔਲਾਦ ਨਹੀਂ ਸੀ, ਜਿਸ ਕਾਰਨ ਇਹ ਵੱਡਾ ਕਾਰਾ ਕੀਤਾ ਗਿਆ ਸੀ। ਦੋਸ਼ੀਆਂ 'ਚ ਤਾਂਤਰਿਕ ਲਖਵਿੰਦਰ ਸਿੰਘ ਲੱਖੀ ਵੀ ਸ਼ਾਮਲ ਸੀ।

ਅਦਾਲਤ ਦੇ ਫ਼ੈਸਲੇ ਤੋਂ ਬਾਅਦ ਮੀਡੀਆ ਕਰਮੀਆਂ ਨਾਲ ਮੁਲਾਕਾਤ ਦੌਰਾਨ ਵਕੀਲ ਚਰਨਪਾਲ ਸਿੰਘ ਬਰਾੜ, ਭਾਈ ਪਰਨਜੀਤ ਸਿੰਘ ਜੱਗੀ ਬਾਬਾ, ਬਲਜਿੰਦਰ ਸਿੰਘ ਕੋਟਭਾਰਾ ਨੇ ਐਲਾਨ ਕੀਤੀ ਕਿ ਉਹ ਮੁੱਖ ਤਿੰਨ ਮੁਲਜ਼ਮਾਂ ਤਾਂਤਰਿਕ ਲਖਵਿੰਦਰ ਲੱਖੀ, ਬੱਚਿਆਂ ਦੀ ਦਾਦੀ ਨਿਰਮਲ ਕੌਰ ਤੇ ਉਨ੍ਹਾਂ ਦੇ ਪਿਤਾ ਕੁਲਵਿੰਦਰ ਵਿੱਕੀ ਨੂੰ ਫਾਂਸੀ ਦੀਆਂ ਸਜ਼ਾਵਾਂ ਲਈ ਹਾਈਕੋਰਟ 'ਚ ਕੇਸ ਦਾਇਰ ਕਰਨਗੇ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਅੰਤਰਰਾਸ਼ਟਰੀ ਝਰੋਖਾ

## ਵੱਖ-ਵੱਖ ਰਾਜਾਂ ਵੱਲੋਂ ਬੀ. ਬੀ. ਸੀ. ਦੀ ਡਾਕੂਮੈਂਟਰੀ ਖਿਲਾਫ਼ ਮਤੇ ਪਾਸ

ਨਵੀਂ ਦਿੱਲੀ/ਏ.ਟੀ.ਨਿਊਜ਼ :- ਮਹਾਰਾਸ਼ਟਰ ਵਿਧਾਨ ਸਭਾ ਨੇ ਗੁਜਰਾਤ ਦੰਗਿਆਂ 'ਤੇ ਬੀਬੀਸੀ ਦੀ ਦਸਤਾਵੇਜ਼ੀ ਫਿਲਮ ਦੇ ਖਿਲਾਫ ਮਤਾ ਪਾਸ ਕਰਦੇ ਹੋਏ ਕਿਹਾ ਕਿ ਫਿਲਮ ਨੇ ਦੇਸ਼ ਦੀ ਨਿਆਂਪਾਲਿਕਾ ਨੂੰ ਬਦਨਾਮ ਕਰਨ ਅਤੇ ਧਾਰਮਿਕ ਪਾੜਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਪਹਿਲਾਂ, ਅਸਾਮ ਵਿਧਾਨ ਸਭਾ ਨੇ ਬੀਬੀਸੀ ਦਸਤਾਵੇਜ਼ੀ ਵਿਰੁੱਧ ਮਤਾ ਪਾਸ ਕੀਤਾ ਸੀ ਅਤੇ ਮੱਧ ਪ੍ਰਦੇਸ਼ ਵਿਧਾਨ ਸਭਾ ਨੇ ਬੀਬੀਸੀ ਵਿਰੁੱਧ ਨਿੰਦਾ ਮਤਾ ਪਾਸ ਕੀਤਾ ਸੀ। ਅਜਿਹਾ ਮਤਾ ਪਾਸ ਕਰਨ ਵਾਲੀ ਗੁਜਰਾਤ ਵਿਧਾਨ ਸਭਾ ਪਹਿਲੀ ਵਿਧਾਨ ਸਭਾ ਸੀ।

## ਪ੍ਰਧਾਨ ਮੰਤਰੀ ਵੱਲੋਂ ਅੰਗ ਦਾਨ ਕਰਨ ਵਾਲੇ 39 ਦਿਨਾਂ ਦੇ ਬੱਚੇ ਦੀ ਸ਼ਲਾਘਾ

ਨਵੀਂ ਦਿੱਲੀ/ਏ.ਟੀ.ਨਿਊਜ਼ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ 'ਮਨ ਕੀ ਬਾਤ' ਸੰਬੋਧਨ ਦੌਰਾਨ, ਪੰਜਾਬ ਦੇ ਸੁਖਬੀਰ ਸਿੰਘ ਸੰਧੂ ਦੇ ਪਰਿਵਾਰ ਨੂੰ ਸਲਾਮ ਕੀਤਾ, ਜਿਸ ਨੇ ਪੰਜਾਬ ਦੇ ਅੰਮ੍ਰਿਤਸਰ ਵਿੱਚ ਆਪਣੀ 39 ਦਿਨਾਂ ਦੀ ਬੇਟੀ ਅਬੈਤ ਕੌਰ ਦੀ ਮੌਤ ਤੋਂ ਬਾਅਦ ਉਸ ਦੇ ਅੰਗ ਦਾਨ ਕੀਤੇ ਸਨ। ਪੀਐਮ ਮੋਦੀ ਨੇ ਅੱਗੇ ਕਿਹਾ ਕਿ ਮੌਤ ਤੋਂ ਬਾਅਦ ਕਿਸੇ ਦਾ ਸਰੀਰ ਦਾਨ ਕਰਨ ਨਾਲ ਅੱਠ ਤੋਂ ਨੌਂ ਲੋਕਾਂ ਨੂੰ ਨਵੀਂ ਜ਼ਿੰਦਗੀ ਮਿਲਣ ਦੀ ਸੰਭਾਵਨਾ ਬਣ ਜਾਂਦੀ ਹੈ।

## ਅਮਰੀਕਾ 'ਚ ਭਾਰਤੀ ਮੂਲ ਦੀ ਬੱਚੀ ਦੀ ਮੌਤ ਦੇ ਮਾਮਲੇ 'ਚ ਵਿਅਕਤੀ ਨੂੰ 100 ਸਾਲ ਦੀ ਕੈਦ

ਕੈਲੀਫੋਰਨੀਆ/ਏ.ਟੀ.ਨਿਊਜ਼ : ਇੱਕ 35 ਸਾਲਾ ਵਿਅਕਤੀ ਨੂੰ ਹਾਲ ਹੀ ਵਿੱਚ 2021 ਵਿੱਚ ਅਮਰੀਕਾ ਦੇ ਲੁਈਸੀਆਨਾ ਵਿੱਚ ਇੱਕ 5 ਸਾਲਾ ਭਾਰਤੀ ਮੂਲ ਦੀ ਲੜਕੀ ਦੀ ਮੌਤ ਦਾ ਕਾਰਨ ਬਣਨ ਲਈ 100 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜੋਸੇਫ ਲੀ ਸਮਿਥ ਦੁਆਰਾ ਇੱਕ ਆਦਮੀ ਨਾਲ ਝਗੜੇ ਦੌਰਾਨ ਚਲਾਈ ਗਈ ਗੋਲੀ ਮਾਇਆ ਪਟੇਲ ਦੇ ਸਿਰ 'ਚ ਵੱਜੀ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਤਿੰਨ ਦਿਨਾਂ ਬਾਅਦ ਉਸ ਦੀ ਮੌਤ ਹੋ ਗਈ।

## ਟਵਿੱਟਰ ਦੀ ਕੀਮਤ ਹੋਈ 20 ਬਿਲੀਅਨ ਡਾਲਰ




ਨਵੀਂ ਦਿੱਲੀ/ਏ.ਟੀ.ਨਿਊਜ਼ :ਟਵਿੱਟਰ ਦੇ ਸੀਈਓ ਐਲੋਨ ਮਸਕ ਨੇ ਕੰਪਨੀ ਦੇ ਕਰਮਚਾਰੀਆਂ ਨੂੰ ਲਗਭਗ 20 ਬਿਲੀਅਨ ਡਾਲਰ ਦੇ ਮੁੱਲ 'ਤੇ ਸਟਾਕ ਗ੍ਰਾਂਟ ਦੀ ਪੇਸ਼ਕਸ਼ ਕੀਤੀ ਹੈ, ਇਸਦੀ ਜਾਣਕਾਰੀ ਇੱਕ ਰਿਪੋਰਟ ਵਿੱਚ ਦਿਤੀ ਗਈ।ਇਹ ਮੁਲਾਂਕਣ ਪਿਛਲੇ ਸਾਲ ਅਕਤੂਬਰ ਵਿੱਚ ਸੋਸ਼ਲ ਮੀਡੀਆ ਕੰਪਨੀ ਨੂੰ ਹਾਸਲ ਕਰਨ ਲਈ ਅਦਾ ਕੀਤੇ 44-ਬਿਲੀਅਨ ਡਾਲਰ ਤੋਂ ਅੱਧੇ ਤੋਂ ਵੀ ਘੱਟ ਹੈ। ਕਰਮਚਾਰੀਆਂ ਨੂੰ ਇੱਕ ਈਮੇਲ ਵਿੱਚ ਅਰਬਪਤੀ ਨੇ ਕਿਹਾ ਕਿ ਮੈਂ ਇੱਕ 2502 ਡਾਲਰ ਮੁੱਲਾਂਕਣ ਲਈ ਇੱਕ ਸਪਸ਼ਟ ਪਰ ਮੁਸ਼ਕਿਲ ਮਾਰਗ ਵੇਖਦਾ ਹਾਂ।

## ਕੈਨੇਡਾ ਸਟੇਸ਼ਨ 'ਤੇ ਗਾਰਡ ਨੇ ਮੁਸਲਿਮ ਵਿਅਕਤੀ ਨੂੰ ਨਮਾਜ਼ ਪੜ੍ਹਣ ਤੋਂ ਰੋਕਿਆ

ਓਟਾਵਾ/ਏ.ਟੀ.ਨਿਊਜ਼ : ਇੱਕ ਵੀਡੀਓ ਆਨਲਾਈਨ ਸਾਹਮਣੇ ਆਇਆ ਹੈ ਜਿਸ ਵਿੱਚ ਕੈਨੇਡਾ ਦੇ ਓਟਾਵਾ ਵਿੱਚ ਇੱਕ ਸੁਰੱਖਿਆ ਗਾਰਡ ਇੱਕ ਮੁਸਲਿਮ ਵਿਅਕਤੀ ਨੂੰ ਨਮਾਜ਼ ਅਦਾ ਕਰਨ ਤੋਂ ਰੋਕਦਾ ਦੇਖਿਆ ਜਾ ਸਕਦਾ ਹੈ। ਵੀਡੀਓ ਵਿੱਚ, ਗਾਰਡ ਨੂੰ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ "ਇੱਥੇ ਪ੍ਰਾਰਥਨਾ ਨਾ ਕਰੋ। ਅਸੀਂ ਨਹੀਂ ਚਾਹੁੰਦੇ ਕਿ ਤੁਸੀਂ ਇੱਥੇ ਪ੍ਰਾਰਥਨਾ ਕਰੋ। ਤੁਸੀਂ ਪਰੇਸ਼ਾਨ ਕਰ ਰਹੇ ਹੋ , ਅਗਲੀ ਵਾਰ ਬਾਹਰ ਪ੍ਰਾਰਥਨਾ ਕਰੋ"। ਇਸ ਦੌਰਾਨ ਅਧਿਕਾਰੀਆਂ ਨੇ ਗਾਰਡ ਨੂੰ ਮੁਅੱਤਲ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਭਾਰਤ ਨੇ 'ਆਪ੍ਰੇਸ਼ਨ ਦੋਸਤ' ਦੇ ਤਹਿਤ ਭੂਚਾਲ ਪ੍ਰਭਾਵਿਤ ਤੁਰਕੀ ਦੀ ਮਦਦ ਕੀਤੀ : ਜੈਸ਼ੰਕਰ

ਨਵੀਂ ਦਿੱਲੀ/ਏ.ਟੀ.ਨਿਊਜ਼ :ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ ਨੇ 'ਆਪ੍ਰੇਸ਼ਨ ਦੋਸਤ' ਦੇ ਤਹਿਤ ਭੂਚਾਲ ਪ੍ਰਭਾਵਿਤ ਤੁਰਕੀ ਦੀ ਮਦਦ ਕੀਤੀ ਕਿਉਂਕਿ ਇਹ ਭਾਰਤੀ ਪਰੰਪਰਾ ਦਾ ਹਿੱਸਾ ਹੈ ਅਤੇ ਉਸ ਨੂੰ ਬਦਲੇ ਵਿੱਚ ਧੰਨਵਾਦ ਦੀ ਉਮੀਦ ਨਹੀਂ ਸੀ। ਇਹ ਤੁਰਕੀ ਵੱਲੋਂ UNHRC ਵਿੱਚ ਕਸ਼ਮੀਰ ਮੁੱਦੇ ਨੂੰ ਉਠਾਏ ਜਾਣ ਤੋਂ ਬਾਅਦ ਆਇਆ ਹੈ। ਜੈਸ਼ੰਕਰ ਨੇ ਕਿਹਾ, ਮੈਂ ਤੁਰਕੀ ਗਿਆ ਸੀ ਕਿਉਂਕਿ ਲੋਕ ਮਰ ਰਹੇ ਸਨ। ਭਾਰਤ ਨੇ ਹਮੇਸ਼ਾ ਦੁਨੀਆ ਦੀ ਮਦਦ ਕੀਤੀ ਹੈ ਜਦੋਂ ਦੁਨੀਆ ਸੰਕਟ ਵਿੱਚ ਹੁੰਦੀ ਹੈ।

## ਐਪਲ ਨੇ ਸਟਾਰਟਅਪ ਕੀਤਾ ਹਾਸਲ



ਕੈਲੇਫੋਰਨੀਆ :ਐਪਲ ਨੇ ਕਥਿਤ ਤੌਰ 'ਤੇ WaveOne (ਇੱਕ ਕੈਲੀਫੋਰਨੀਆ-ਅਧਾਰਤ ਸਟਾਰਟਅੱਪ) ਨੂੰ ਹਾਸਲ ਕੀਤਾ ਹੈ ਜੋ ਵੀਡੀਓ ਨੂੰ ਸੰਕੁਚਿਤ ਕਰਨ ਲਈ 19 ਐਲਗੋਰਿਦਮ ਦਾ ਵਿਕਾਸ ਕਰ ਰਿਹਾ ਸੀ। TechCrunch ਦੇ ਅਨੁਸਾਰ, ਵੇਵਓਨ ਦੀ ਵੈਬਸਾਈਟ ਜਨਵਰੀ ਦੇ ਆਸਪਾਸ ਬੰਦ ਹੋ ਗਈ ਸੀ ਅਤੇ ਵੇਵਓਨ ਦੇ ਸਹਿ-ਸੰਸਥਾਪਕਾਂ ਵਿੱਚੋਂ ਇੱਕ ਸਮੇਤ ਕਈ ਸਾਬਕਾ ਕਰਮਚਾਰੀ, ਹੁਣ ਐਪਲ ਦੇ ਵੱਖ-ਵੱਖ ਮਸ਼ੀਨ ਸਿਖਲਾਈ ਸਮੂਹਾਂ ਵਿੱਚ ਕੰਮ ਕਰਦੇ ਹਨ। ਵੇਵਓਨ ਦੀ ਤਕਨਾਲੋਜੀ ਐਪਲ ਨੂੰ ਵਧੇਰੇ ਕੁਸ਼ਲਤਾ ਨਾਲ ਵੀਡੀਓ ਸਟ੍ਰੀਮ ਕਰਨ ਵਿੱਚ ਮਦਦ ਕਰੇਗੀ

## ਇਰਾਨ 'ਚ 403 ਦਿਨਾਂ ਦੀ ਨਿਆਂਇਕ ਹਿਰਾਸਤ ਅਧੀਨ 5 ਭਾਰਤੀ ਘਰ ਪਰਤੇ

ਇਰਾਨ/ਏ.ਟੀ.ਨਿਊਜ਼ :- ਇਰਾਨ ਵਿੱਚ 403 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਰਹੇ ਪੰਜ ਭਾਰਤੀ ਸਮੁੰਦਰੀ ਯਾਤਰੀ ਭਾਰਤ ਪਰਤਣ ਲਈ ਤਿਆਰ ਹਨ। ਅਨਿਕੇਤ ਸ਼ਾਮ ਯੇਨਪੁਰੇ, ਮੰਦਰ ਮਿਲਿੰਦ ਵਰਲੀਕਰ, ਨਵੀਨ ਸਿੰਘ, ਪ੍ਰਣਵ ਕੁਮਾਰ ਅਤੇ ਥਮਿਜ਼ਸੇਲਵਾਨ ਰੇਂਗਸਾਮੀ ਨੂੰ ਬਿਨਾਂ ਕਿਸੇ ਦੋਸ਼ ਦੇ ਇਰਾਨ ਦੀ ਚਾਬਹਾਰ ਕੇਂਦਰੀ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਗਿਆ ਸੀ। ਹਾਲਾਂਕਿ ਸਮੁੰਦਰੀ ਯਾਤਰੀਆਂ ਨੂੰ ਉਨ੍ਹਾਂ ਦਾ ਸਮਾਨ ਸੌਂਪਿਆ ਗਿਆ ਸੀ, ਪਰ ਉਨ੍ਹਾਂ ਦੇ ਪਾਸਪੋਰਟ ਵਾਪਸ ਨਹੀਂ ਕੀਤੇ ਗਏ ਸਨ।

## ਬਾਲ ਜਿਨਸੀ ਸ਼ੋਸ਼ਣ ਸਮੱਗਰੀ ਵੰਡਣ ਦੇ ਦੋਸ਼ 'ਚ 188 ਮਹੀਨਿਆਂ ਦੀ ਜੇਲ੍ਹ



ਨਿਊਯਾਰਕ/ਏ.ਟੀ.ਨਿਊਜ਼ :ਅਮਰੀਕੀ ਨਿਆਂ ਵਿਭਾਗ ਨੇ ਕਿਹਾ ਕਿ ਕਰੂਜ਼ ਜਹਾਜ਼ 'ਤੇ ਕੰਮ ਕਰ ਰਹੇ 34 ਸਾਲਾ ਭਾਰਤੀ ਨਾਗਰਿਕ ਨੂੰ ਬਾਲ ਜਿਨਸੀ ਸ਼ੋਸ਼ਣ ਸਮੱਗਰੀ ਵੰਡਣ ਲਈ 188 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਐਂਜਲੋ ਵਿਕਟਰ ਫਰਨਾਂਡਿਸ, ਜੋ ਗੋਆ ਦਾ ਰਹਿਣ ਵਾਲਾ ਹੈ, ਨੇ 2022 ਵਿੱਚ ਡੈਨੀਅਲ ਸਕਾਟ ਕ੍ਰੋ ਨੂੰ 13 ਬਾਲ ਅਸ਼ਲੀਲ ਵੀਡੀਓ ਭੇਜੇ ਸਨ। ਫਰਨਾਂਡੀਜ਼ ਨੇ ਸੈਕਸ ਲਈ ਬੱਚੇ ਪ੍ਰਾਪਤ ਕਰਨ ਦੀ ਆਪਣੀ ਯੋਗਤਾ ਬਾਰੇ ਵੀ ਗੱਲ ਕੀਤੀ ਸੀ।

## ਕਿਹੜੇ ਰਾਜਾਂ ਵਿੱਚ H3N2 ਦੇ ਸਭ ਤੋਂ ਵੱਧ ਮਾਮਲਿਆਂ ਦੀ ਰਿਪੋਰਟ ਕੀਤੀ ਗਈ ਹੈ ?




ਨਵੀਂ ਦਿੱਲੀ/ਏ.ਟੀ.ਨਿਊਜ਼ :ਸਰਕਾਰ ਨੇ ਕਿਹਾ ਕਿ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੁਆਰਾ ਦਿਤੀ ਗਈ ਜਾਣਕਾਰੀ ਅਨੁਸਾਰ ਭਾਰਤ ਵਿੱਚ 1 ਜਨਵਰੀ ਤੋਂ 20 ਮਾਰਚ ਤੱਕ H3N2 ਦੇ ਕੁੱਲ 1,161 ਮਾਮਲੇ ਸਾਹਮਣੇ ਆਏ ਹਨ। ਦਿੱਲੀ ਵਿੱਚ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ ਸਭ ਤੋਂ ਵੱਧ (370) ਮਾਮਲੇ ਸਾਹਮਣੇ ਆਏ ਹਨ। ਇਸ ਤੋਂ ਬਾਅਦ ਮਹਾਰਾਸ਼ਟਰ (184) ਅਤੇ ਰਾਜਸਥਾਨ (180) ਦਾ ਨੰਬਰ ਆਉਂਦਾ ਹੈ। ਕਰਨਾਟਕ ਵਿੱਚ 134 ਮਾਮਲੇ ਸਾਹਮਣੇ ਆਏ ਹਨ।

## 10 ਸਾਊਦੀ ਜੱਜਾਂ ਨੂੰ ਮੌਤ ਦੀ ਸਜ਼ਾ



ਸਾਊਦੀ ਅਰਬ/ਏ.ਟੀ.ਨਿਊਜ਼ : ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਸਾਊਦੀ ਅਰਬ ਵਿੱਚ ਮਨੁੱਖੀ ਅਧਿਕਾਰਾਂ ਦੇ ਪ੍ਰਚਾਰਕਾਂ ਅਤੇ ਔਰਤਾਂ ਦੇ ਅਧਿਕਾਰਾਂ ਦੇ ਕਾਰਕੁਨਾਂ ਪ੍ਰਤੀ ਨਰਮ ਰਹਿਣ ਕਾਰਨ 10 ਜੱਜਾਂ ਨੂੰ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੱਜਾਂ 'ਤੇ ਕਥਿਤ ਤੌਰ 'ਤੇ ਦੇਸ਼ਧ੍ਰੋਹ ਦਾ ਦੋਸ਼ ਲਗਾਇਆ ਗਿਆ ਹੈ ਜਦੋਂ ਉਨ੍ਹਾਂ ਨੇ ਇਕਬਾਲੀਆ ਬਿਆਨ 'ਤੇ ਦਸਤਖਤ ਕੀਤੇ ਕਿ ਉਨ੍ਹਾਂ ਨੇ ਰਾਜ ਦੀ ਸੁਰੱਖਿਆ ਦੇ ਮਾਮਲਿਆਂ ਵਿੱਚ ਨਰਮੀ ਵਰਤੀ ਸੀ। ਜਿਨ੍ਹਾਂ 'ਤੇ ਦੋਸ਼ ਲਗਾਏ ਗਏ ਹਨ, ਉਨ੍ਹਾਂ 'ਚੋਂ ਛੇ ਜੱਜ ਅੱਤਵਾਦ ਦੇ ਮਾਮਲਿਆਂ ਦੀ ਸੁਣਵਾਈ ਕਰਨ ਵਾਲੀ ਅਦਾਲਤ 'ਚ ਅਭਿਆਸ ਕਰਦੇ ਸਨ।

## ਵਿਸ਼ਵ ਜਲ ਦਿਵਸ ਮਨਾਉਣ ਲਈ ਕਾਰਕੁਨ ਸਪੇਨ ਵਿੱਚ ਸੁੱਕੇ ਹੋਏ ਭੰਡਾਰ 'ਤੇ ਲੇਟ ਗਏ



ਸਪੇਨ/ਏ.ਟੀ.ਨਿਊਜ਼ :ਜਲਵਾਯੂ ਕਾਰਕੁੰਨ ਵਿਸ਼ਵ ਜਲ ਦਿਵਸ ਨੂੰ ਮਨਾਉਣ ਲਈ ਸਪੇਨ ਦੇ ਲਾ ਵਿਨੂਏਲਾ ਭੰਡਾਰ ਦੀ ਤਿੜਕੀ ਹੋਈ ਧਰਤੀ 'ਤੇ ਫੈਲ ਗਏ। ਸੋਕੇ ਤੋਂ ਬਾਅਦ ਜਲ ਭੰਡਾਰ ਸਮਰੱਥਾ ਦੇ 10% 'ਤੇ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਦੇ ਅਨੁਸਾਰ, ਬਹੁਤ ਜ਼ਿਆਦਾ ਖਪਤ ਅਤੇ ਜਲਵਾਯੂ ਪਰਿਵਰਤਨ ਕਾਰਨ ਵਿਸ਼ਵ ਪੱਧਰ 'ਤੇ ਪਾਣੀ ਦੀ ਗੰਭੀਰ ਕਮੀ ਹੋ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੁਨੀਆ ਦੀ ਲਗਭਗ 26% ਆਬਾਦੀ ਕੋਲ ਪੀਣ ਵਾਲੇ ਸੁਰੱਖਿਅਤ ਪਾਣੀ ਤੱਕ ਪਹੁੰਚ ਨਹੀਂ ਹੈ।

## ਕੌਣ ਹੈ ਦੁਨੀਆ ਦੀ ਸਭ ਤੋਂ ਤੇਜ਼ ਔਰਤ 'ਕਿਟੀ ਓ ਨੀਲ'



ਨਿਊਯਾਰਕ/ਏ.ਟੀ.ਨਿਊਜ਼ :ਅਮਰੀਕੀ ਸਟੰਟ ਕਲਾਕਾਰ ਕਿਟੀ ਓ ਨੀਲ ਦਾ ਜਨਮ 24 ਮਾਰਚ, 1946 ਨੂੰ ਹੋਇਆ ਸੀ।ਨੀਲ ਜਦੋਂ 5 ਮਹੀਨਿਆਂ ਦੀ ਸੀ ਤਾਂ ਉਸ ਦੀ ਸੁਣਨ ਸ਼ਕਤੀ ਖਤਮ ਹੋ ਗਈ। ਓਲੰਪਿਕ ਦੀ ਤਿਆਰੀ ਕਰਦੇ ਸਮੇਂ, ਉਸਨੇ ਆਪਣੀ ਗੁੱਟ ਨੂੰ ਸੱਟ ਮਾਰੀ ਅਤੇ ਰੀੜ੍ਹ ਦੀ ਹੱਡੀ ਦਾ ਮੈਨਿਨਜਾਈਟਿਸ ਹੋਇਆ। ਉਸਨੇ ਆਪਣੇ 20 ਦੇ ਦਹਾਕੇ ਦੇ ਅਖੀਰ ਵਿੱਚ ਕੈਂਸਰ ਨਾਲ ਵੀ ਜੰਗ ਲੜੀ। 1976 ਵਿੱਚ ਐਲਵੋਰਡ ਰੇਗਿਸਤਾਨ ਵਿੱਚ 512.76mph ਦੀ ਰਫ਼ਤਾਰ ਨਾਲ ਰਾਕੇਟ ਨਾਲ ਚੱਲਣ ਵਾਲੀ ਕਾਰ ਚਲਾਉਣ ਤੋਂ ਬਾਅਦ ਉਸਨੂੰ 'ਦੁਨੀਆ ਦੀ ਸਭ ਤੋਂ ਤੇਜ਼ ਔਰਤ' ਦਾ ਖਿਤਾਬ ਦਿੱਤਾ ਗਿਆ ਸੀ।

## ਥਾਈਲੈਂਡ ਵਿੱਚ 10 ਮੰਜ਼ਿਲਾ ਬੰਜੀ ਜੰਪ ਦੌਰਾਨ ਡੋਰੀ ਟੁੱਟਣ ਕਾਰਨ ਸੈਲਾਨੀ ਡਿੱਗਿਆ



ਥਾਈਲੈਂਡ/ਏ.ਟੀ.ਨਿਊਜ਼ :ਹਾਂਗਕਾਂਗ ਦਾ ਇੱਕ ਸੈਲਾਨੀ ਥਾਈਲੈਂਡ ਦੇ ਪੱਟਾਯਾ ਵਿੱਚ ਇੱਕ ਮਨੋਰੰਜਨ ਪਾਰਕ ਵਿੱਚ ਬੰਜੀ ਜੰਪ ਕਰਦੇ ਸਮੇਂ ਉਸਦੀ ਡੋਰੀ ਟੁੱਟਣ ਕਾਰਨ ਝੀਲ ਵਿੱਚ ਡਿੱਗ ਗਿਆ। ਇਸ ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਜਦੋਂਕਿ ਇਹ ਘਟਨਾ ਜਨਵਰੀ ਵਿੱਚ ਵਾਪਰੀ ਸੀ, 39 ਸਾਲਾ ਵਿਅਕਤੀ ਨੇ ਹਾਲ ਹੀ ਵਿੱਚ ਆਪਣੀ ਕਹਾਣੀ ਦੇ ਨਾਲ ਜਨਤਕ ਕੀਤਾ ਅਤੇ ਦੱਸਿਆ ਕਿ ਉਹ 10 ਮੰਜ਼ਿਲਾ ਛਾਲ ਤੋਂ ਕਿਵੇਂ ਬਚਿਆ ਸੀ।

## ਆਰਮਸਟ੍ਰਾਂਗ ਦੀ ਧੀ ਨੂੰ ਮਾਰਨ ਵਾਲੀ ਬਿਮਾਰੀ ਨੂੰ ਸਮਝਣ ਲਈ ਕੈਂਸਰ ਸੈੱਲਾਂ ਨੂੰ ਪੁਲਾੜ 'ਚ ਭੇਜਿਆ ਜਾਵੇਗਾ



ਲੰਡਨ/ਏ.ਟੀ.ਨਿਊਜ਼ : ਇੱਕ ਲਾਇਲਾਜ ਬਚਪਨ ਦੇ ਟਿਊਮਰ ਬਾਰੇ ਹੋਰ ਸਮਝਣ ਲਈ ਖੋਜ ਦੇ ਹਿੱਸੇ ਵਜੋਂ ਕੈਂਸਰ ਸੈੱਲਾਂ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਭੇਜਿਆ ਜਾਵੇਗਾ। ਵਿਗਿਆਨੀਆਂ ਨੇ ਕਿਹਾ ਕਿ ਉਨ੍ਹਾਂ ਦਾ ਅਧਿਐਨ ਡਿਫਿਊਜ਼ ਮਿਡਲਾਈਨ ਗਲੀਓਮਾ ਬਾਰੇ ਹੋਰ ਸਮਝਣ ਦਾ ਰਾਹ ਪੱਧਰਾ ਕਰ ਸਕਦਾ ਹੈ ਜਿਸ ਨਾਲ ਮਰਹੂਮ ਅਮਰੀਕੀ ਪੁਲਾੜ ਯਾਤਰੀ ਨੀਲ ਆਰਮਸਟ੍ਰਾਂਗ ਦੀ ਧੀ ਕੈਰਨ ਦੀ ਮੌਤ ਹੋਈ ਸੀ। ਖੋਜਕਰਤਾਵਾਂ ਨੇ ਕਿਹਾ ਕਿ ਉਹ ਦੇਖਣਾ ਚਾਹੁੰਦੇ ਹਨ ਕਿ ਇਹ ਮਾਈਕ੍ਰੋਗ੍ਰੈਵਿਟੀ ਵਿੱਚ ਕਿਵੇਂ ਫੈਲਦਾ ਹੈ।

ਦਰਪਣ ਝੂਠ ਨਹੀਂ ਬੋਲਦਾ

# ਭਾਜਪਾ ਤੇ 'ਆਪ' ਦੀ ਸਾਂਝੀ ਰਣਨੀਤੀ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ, ਟੇਕ ਹਿੰਦੂ ਵੋਟ ਬੈਂਕ ਉੱਪਰ

## ਪੰਜਾਬ 'ਚ ਮੁਸਲਮਾਨਾਂ, ਹਿੰਦੂਆਂ, ਦਲਿਤਾਂ ਤੇ ਸਿੱਖਾਂ 'ਚ ਸਾਂਝ ਦਾ ਉਭਾਰ ਨਾ ਹੋ ਸਕਿਆ

### ਕਾਲੇ ਕਾਨੂੰਨ ਨੇ ਬੇਅੰਤ ਸਿੰਘ ਦੇ ਰਾਜ ਕਾਲ ਵਿੱਚ ਵਾਪਰੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਯਾਦ ਦਿਵਾਈ

ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ, ਸਰਕਾਰ ਦੀਆਂ ਪੰਜਾਬ ਵਿਰੁੱਧ ਗੈਰ ਜਮਹੂਰੀ ਕਾਰਵਾਈਆਂ ਤੇ ਸਿੱਖ ਲੀਡਰਸ਼ਿਪ ਦੀ ਘਾਟ ਨੇ ਸਿੱਖ ਕੌਮ ਐਸੇ ਚੌਰਾਹੇ 'ਤੇ ਖੜ੍ਹਾ ਕਰ ਦਿੱਤਾ ਹੈ ਕਿ ਉਸ ਨੂੰ ਕੋਈ ਵੀ ਠੀਕ ਰਸਤਾ ਨਜ਼ਰ ਨਹੀਂ ਆ ਰਿਹਾ। ਸਿੱਖ ਲੀਡਰਸ਼ਿਪ ਦੀ ਘਾਟ ਕਾਰਨ ਪੰਜਾਬ ਨੂੰ ਵਾਰ ਵਾਰ ਦੁਖਾਂਤ ਭੋਗਣੇ ਪੈ ਰਹੇ ਹਨ। ਇਸ ਦੁਖਾਂਤ ਦਾ ਕਾਰਨ ਇਹ ਵੀ ਹੈ ਕਿ ਪੰਜਾਬੀ ਮੁਸਲਮਾਨਾਂ, ਹਿੰਦੂਆਂ ,ਦਲਿਤਾਂ ਤੇ ਸਿੱਖਾਂ ਵਿੱਚ ਸਾਂਝ ਤੇ ਪੰਜਾਬੀਅਤ ਦਾ ਉਭਾਰ ਨਹੀਂ ਹੋ ਸਕਿਆ। ਇਤਿਹਾਸ ਗਵਾਹ ਹੈ ਕਿ ਇੰਦਰਾ ਰਾਜ ਦੌਰਾਨ ਦੇਸ਼ ਭਰ ਵਿੱਚ ਆਪਣੇ-ਆਪ ਭਾਸ਼ਾ ਦੇ ਅਧਾਰ 'ਤੇ ਸੂਬੇ ਬਣਾਏ ਗਏ। ਪਰ ਪੰਜਾਬੀ ਜ਼ਬਾਨ ਦੇ ਅਧਾਰ 'ਤੇ ਸੂਬਾ ਬਣਾਉਣ ਦੀ ਲੜਾਈ ਨੇ ਪੰਜਾਬ ਦੇ ਸਿੱਖਾਂ-ਹਿੰਦੂਆਂ ਵਿੱਚ ਦੁਫੇੜ ਕੇਂਦਰ ਸਰਕਾਰ ਤੇ ਆਰੀਆ ਸਮਾਜੀਆਂ ਤੇ ਇਹਨਾਂ ਦੇ ਮੀਡੀਆ ਨੇ ਖੜ੍ਹਾ ਕਰਵਾ ਦਿੱਤਾ ਗਿਆ ਕਿ ਪੰਜਾਬੀ ਹਿੰਦੂਆਂ ਦੀ ਬੋਲੀ ਨਹੀਂ, ਹਿੰਦੀ ਹੀ ਹਿੰਦੂਆਂ ਦੀ ਬੋਲੀ ਹੈ। ਸਿੱਖਾਂ ਵਿੱਚ ਬੇਗਾਨਾਪਣ ਤੇ ਹਿੰਦੂਆਂ ਵਿੱਚ ਕੇਂਦਰ ਪੱਖੀ ਸੋਚ ਨੂੰ ਇਸ ਕੇਂਦਰੀ ਫਾਸ਼ੀਵਾਦੀ ਵਰਤਾਰੇ ਨੇ ਪੰਜਾਬ ਸੰਤਾਪ ਨੂੰ ਜਨਮ ਦਿੱਤਾ ਸੀ।

ਆਮ ਤੌਰ 'ਤੇ ਸਿੱਖ ਰਾਜਾਂ ਦੇ ਵੱਧ ਅਧਿਕਾਰਾਂ ਦੀ ਲੜਾਈ ਹੀ ਲੜਦੇ ਰਹੇ ਹਨ।




ਪਰ ਇਸ ਨੂੰ ਕੇਂਦਰੀ ਹਕੂਮਤਾਂ ਤੇ ਆਰੀਆ ਸਮਾਜੀਆਂ ਦੇ ਪ੍ਰਚਾਰ ਨੇ ਸਿੱਖਾਂ ਦੀ ਵੱਖ ਰਾਜ ਦੀ ਮੰਗ ਵਾਂਗ ਪ੍ਰਚਾਰਿਆ ਤੇ ਡੂੰਘੇ ਸੰਕਟ ਵਿੱਚ ਪਹੁੰਚਾਇਆ। ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਬਾਅਦ ਖ਼ਾਲਿਸਤਾਨ ਦੀ ਮੰਗ ਨੇ ਜਨਮ ਲਿਆ ਜੋ ਕਿ ਪੰਜਾਬ ਤੇ ਸਿੱਖਾਂ ਨਾਲ ਬੇਇਨਸਾਫ਼ੀਆਂ ਵਿਰੁੱਧ ਪ੍ਰਤੀਕਰਮ ਸੀ।ਕੇਂਦਰ ਦੇ ਰੁੱਖੇ ਵਰਤਾਰੇ ਕਾਰਨ ਪੰਜਾਬ ਨੂੰ ਨਸਲਕੁਸ਼ੀ, ਆਰਥਿਕ ਸ਼ੋਸ਼ਣ ਦਾ ਦੁਖਾਂਤ ਭੋਗਣਾ ਪਿਆ।

ਇਸ ਸਮੇਂ ਅੰਮ੍ਰਿਤ ਪਾਲ ਸਿੰਘ ਦੇ ਨਾਮ 'ਤੇ ਜੋ ਵਰਤਾਰਾ ਆਪ ਸਰਕਾਰ ਤੇ ਕੇਂਦਰ ਨੇ ਰਲਕੇ ਖੜ੍ਹਾ ਕੀਤਾ ਹੈ, ਉਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।ਕਾਲਾ ਕਨੂੰਨ ਐਨ ਐਸ ਏ ਲਗਾਉਣਾ, ਪੂਰੇ ਪੰਜਾਬ ਨੂੰ ਪੁਲਿਸ ਛਾਉਣੀ ਬਣਾ ਕੇ ਇੰਟਰਨੈੱਟ ਬੰਦ ਕਰਕੇ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਨੇ ਬੇਅੰਤ ਸਿੰਘ ਦੇ ਜ਼ਾਲਮਾਨਾ ਰਾਜ ਦੀ ਯਾਦ ਪੰਜਾਬੀਆਂ ਨੂੰ ਦੁਆ ਦਿੱਤੀ ਹੈ। ਕੌਮੀ ਮੀਡੀਏ ਤੇ ਦੇਸ਼ ਭਰ ਵਿੱਚ ਇਸ ਨੂੰ ਇਸ ਤਰ੍ਹਾਂ ਪ੍ਰਚਾਰਨਾ ਕਿ ਜਿਵੇਂ ਕੋਈ ਦੇਸ਼ ਵਿਰੋਧੀ ਲੋਕਾਂ ਨਾਲ ਦੇਸ਼ ਹਿਤ ਦੀ ਜੰਗ ਲੜੀ ਜਾ ਰਹੀ ਹੋਵੇ। ਇਹ ਸਿੱਖਾਂ ਤੇ ਪੰਜਾਬ ਵਿਰੁੱਧ ਰਾਜਨੀਤਕ ਸਾਜਿਸ਼ ਹੈ।ਜੇ ਅੰਮ੍ਰਿਤ ਪਾਲ ਸਿੰਘ ਦੀ ਗ੍ਰਿਫ਼ਤਾਰੀ ਦਾ ਮਾਮਲਾ ਸੀ ਤਾਂ ਉਸਨੂੰ ਘਰੋਂ ਗ੍ਰਿਫ਼ਤਾਰ ਕਰਕੇ ਕਨੂੰਨੀ ਕਾਰਵਾਈ ਕੀਤੀ ਜਾ ਸਕਦੀ ਸੀ। ਸਿੱਖ ਨੌਜਵਾਨਾਂ 'ਤੇ ਐਨ.ਐਸ.ਏ. ਲਾ ਕੇ ਉਨ੍ਹਾਂ ਨੂੰ ਕਾਲੇ ਪਾਣੀ ਵਾਂਗ ਆਸਾਮ ਦੇ ਡਿਬਰੂਗੜ੍ਹ ਭੇਜਣਾ ਵੀ ਓਦਾਂ ਦਾ ਹੀ ਕੰਮ ਹੈ, ਜਿਵੇਂ 1984 ਦੇ ਕਾਰੇ ਤੋਂ ਬਾਅਦ ਸਿੱਖ ਨੌਜਵਾਨਾਂ ਨੂੰ ਜੋਧਪੁਰ ਦੀਆਂ ਜੇਲ੍ਹਾਂ ਵਿੱਚ ਭੇਜਿਆ ਗਿਆ ਸੀ। ਪਿਛਲੇ ਕਈ ਦਿਨਾਂ ਤੋਂ ਅੰਮ੍ਰਿਤਪਾਲ ਸਿੰਘ ਅੱਗੇ-ਅੱਗੇ ਤੇ ਪੁਲਿਸ ਪਿੱਛੇ-ਪਿੱਛੇ ਹੋਣ ਦੇ ਡਰਾਮੇ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਪੱਤਰਕਾਰਾਂ ਨੂੰ ਧਮਕਾਇਆ ਜਾ ਰਿਹਾ, ਸਿੱਖ ਪਰਿਵਾਰਾਂ ਨੂੰ ਨਾਜਾਇਜ਼ ਤੰਗ ਕੀਤਾ ਜਾ ਰਿਹਾ ਹੈ,ਉਹ ਵੀ ਹੈਰਾਨੀਜਨਕ ਵੀ ਹੈ ਤੇ ਸੰਵਿਧਾਨ ਵਿਰੋਧੀ ਵੀ। ਪੁਲਿਸ ਕੋਲ ਹੈਲੀਕਾਪਟਰ ਅਤੇ ਡਰੋਨ, ਮਾਹਿਰ ਖ਼ੁਫ਼ੀਆ ਏਜੰਸੀਆਂ ਕਿਸ ਲਈ ਹਨ ? ਇਸ ਤਰ੍ਹਾਂ ਜਾਪਦਾ ਹੈ ਕਿ ਸਰਕਾਰ ਦੀ ਦਿਲਚਸਪੀ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕਰਨ ਨਾਲੋਂ ਉਸ ਨੂੰ ਭੱਜਦੇ ਵਿਖਾਉਣ ਵਿੱਚ ਜ਼ਿਆਦਾ ਹੈ ਤਾਂ ਜੋ ਪੰਜਾਬ ਵਿੱਚ ਆਪ ਭਾਜਪਾ ਦੀ ਸਾਂਝੀ ਰਾਜਨੀਤੀ ਦਾ ਉਭਾਰ ਕੀਤਾ ਜਾ ਸਕੇ।ਕਾਂਗਰਸ ਤੇ ਬਾਦਲ ਦਲ ਨੂੰ ਰਾਜਨੀਤਕ ਪਿੜ ਵਿਚੋਂ ਬਾਹਰ ਕੱਢਿਆ ਜਾਵੇ।ਹਿਮਾਚਲ, ਗੁਜਰਾਤ ਵਿੱਚ ਭਾਜਪਾ ਨਾਲ ਮਿਲ ਕੇ ਇਹੀ ਸਾਂਝੀ ਰਾਜਨੀਤਕ


"ਕਿਤੇ ਸਾਨੂੰ ਭੁੱਲ ਤਾਂ ਨਹੀਂ ਗਏ ਤੁਸੀਂ ...?"
"ਅਸੀਂ ਹਾਲੇ ਵੀ ਬਾਰਡਰਾਂ ਤੇ ਬੈਠੇ ਤੁਹਾਡੀ ਹੋਂਦ ਦੀ, ਪੰਜਾਬ ਦੇ ਭਵਿੱਖ ਦੀ ਲੜਾਈ ਲੜ ਰਹੇ ਆਂ...।"

ਚਾਲਾਂ ਚਲਦੀ ਰਹੀ ਹੈ। ਅਕਾਲੀ ਦਲ ਤੇ ਕਾਂਗਰਸ ਦੇ ਨੇਤਾ ਨਿੱਜੀ ਗੱਲਬਾਤ ਵਿੱਚ ਕਹਿੰਦੇ ਹਨ ਕਿ ਭਾਜਪਾ ਅਤੇ ਆਪ ਅੰਮ੍ਰਿਤਪਾਲ ਸਿੰਘ ਦੇ ਖ਼ਿਲਾਫ਼ ਕਾਰਵਾਈ ਨੂੰ ਭਾਰਤ ਨੂੰ ਬਚਾਉਣ ਵਾਲੀ 'ਦੇਸ਼ ਭਗਤੀ ਦੀ ਜੰਗ' ਵਜੋਂ ਇਸ ਦਾ ਸਿਹਰਾ ਆਪੋ-ਆਪਣੇ ਸਿਰ ਬੰਨ੍ਹ ਕੇ ਇਸ ਨੂੰ 2024 ਦੀਆਂ ਚੋਣਾਂ ਵਿੱਚ ਵਰਤਣਾ ਚਾਹੁੰਦੇ ਹਨ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਅਤੇ 5 ਕਿਸਾਨ ਜਥੇਬੰਦੀਆਂ ਦੇ ਮੁੱਖ ਨੇਤਾ ਬਲਬੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ (**ਬਾਕੀ ਸਫ਼ਾ 30 'ਤੇ**)

# ਦਿੱਲੀ 'ਚ ਮੋਦੀ ਵਿਰੁੱਧ ਪੋਸਟਰ ਲਗਾਉਣਾ ਵੱਡਾ ਅਪਰਾਧ ਬਣਿਆ

## ਪੁਲਿਸ ਵੱਲੋਂ 100 ਐਫ਼.ਆਈ.ਆਰ. ਦਰਜ, 6 ਗ੍ਰਿਫ਼ਤਾਰ




ਰਾਜਧਾਨੀ 'ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਪੋਸਟਰ ਲਗਾਉਣ ਦੇ ਮਾਮਲੇ ਵਿੱਚ ਪੁਲਿਸ ਨੇ ਘੱਟੋ-ਘੱਟ 100 ਐਫ ਆਈ ਆਰ ਦਰਜ ਕੀਤੀਆਂ ਹਨ ਤੇ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ । ਦਿੱਲੀ ਦੇ ਕਈ ਹਿੱਸਿਆਂ ਵਿੱਚ ਅਜਿਹੇ ਪੋਸਟਰ ਕੰਧਾਂ ਅਤੇ ਥੰਮ੍ਹਾਂ 'ਤੇ ਚਿਪਕਾਏ ਗਏ ਸਨ, ਜਿਨ੍ਹਾਂ 'ਤੇ 'ਮੋਦੀ ਹਟਾਓ, ਦੇਸ਼ ਬਚਾਓ' ਲਿਖਿਆ ਹੋਇਆ ਸੀ । ਅਧਿਕਾਰੀਆਂ ਅਨੁਸਾਰ ਘੱਟ ਤੋਂ ਘੱਟ 2,000 ਪੋਸਟਰ ਹਟਾ ਦਿੱਤੇ ਗਏ ਸਨ ਅਤੇ ਆਈ ਪੀ ਅਸਟੇਟ ਵਿੱਚ ਉਸ ਵੇਲੇ ਏਨੀ ਹੀ ਗਿਣਤੀ ਵਿੱਚ ਵੈਨ ਵਿਚੋਂ ਪੋਸਟਰ ਜ਼ਬਤ ਕੀਤੇ ਗਏ, ਜਦੋਂ ਉਹ ਡੀ ਡੀ ਯੂ ਮਾਰਗ 'ਤੇ ਆਮ ਆਦਮੀ ਪਾਰਟੀ ਦੇ ਹੈੱਡਕੁਆਰਟਰ ਤੋਂ ਨਿਕਲ ਰਹੀ ਸੀ ।

ਆਮ ਆਦਮੀ ਪਾਰਟੀ ਨੇ ਟਵੀਟ ਕਰਦਿਆਂ ਕਿਹਾ ਹੈ ਕਿ ਮੋਦੀ ਸਰਕਾਰ ਦੀ ਤਾਨਾਸ਼ਾਹੀ ਸਿਖਰ 'ਤੇ । ਇਸ ਪੋਸਟਰ ਵਿੱਚ ਅਜਿਹਾ ਕੀ ਇਤਰਾਜ਼ਯੋਗ ਹੈ ਜੋ ਇਸਨੂੰ ਲਾਉਣ 'ਤੇ ਮੋਦੀ ਨੇ 100 ਐਫ ਆਈ ਆਰ ਕਰ ਦਿੱਤੀਆਂ।ਪੀ ਐੱਮ ਮੋਦੀ, ਤੁਹਾਨੂੰ ਸ਼ਾਇਦ ਪਤਾ ਨਹੀਂ ਪਰ ਭਾਰਤ ਇਕ ਜਮਹੂਰੀ ਦੇਸ਼ ਹੈ ।ਇਕ ਪੋਸਟਰ ਤੋਂ ਏਨਾ ਡਰ ਕਿਉਂ ? ਖੁਦ ਨੂੰ 56 ਇੰਚ' ਦੱਸਣ ਵਾਲਾ 56 ਇੰਚ ਦੇ ਪੋਸਟਰ ਤੋਂ ਡਰ ਗਿਆ।ਪੀ ਐੱਮ ਮੋਦੀ, ਇਸ ' ਕਿੰਨੀਆਂ ਐੱਫ ਆਈ ਆਰ ਕਰਵਾਓਗੇ । ਹੁਣ ਤਾਂ ਹਰ ਕੋਨੇ ਤੋਂ ਆਵਾਜ਼ ਆ ਰਹੀ ਹੈ 'ਮੋਦੀ ਹਟਾਓ ਦੇਸ਼ ਬਚਾਓ' ।ਪੁਰਾਣਾ ਤਜਰਬਾ ਦੱਸਦਾ ਹੈ ਕਿ ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਵਿਰੋਧੀ ਪਾਰਟੀਆਂ ਵਿੱਚ ਤੋੜ-ਭੰਨ ਕਰਨ ਲਈ ਸੱਤਾਧਾਰੀਆਂ ਵੱਲੋਂ ਜਾਂਚ ਏਜੰਸੀਆਂ ਦਾ ਸਹਾਰਾ ਲਿਆ ਜਾਂਦਾ ਹੈ । ਸੱਤਾਧਾਰੀਆਂ ਨੂੰ ਇਸ ਦਾ ਲਾਭ ਇਹ ਹੁੰਦਾ ਹੈ ਕਿ ਦਾਗੀਂ ਕਿਰਦਾਰ ਵਾਲੇ ਸਿਆਸਤਦਾਨ ਭਾਜਪਾ ਦਾ ਪੱਲਾ ਫੜ ਕੇ ਦੁੱਧ ਧੋਤੇ ਹੋ ਜਾਂਦੇ ਹਨ । ਨਾਰਦਾ-ਸ਼ਾਰਦਾ ਸਕੈਂਡਲ ਵਿੱਚ ਕੈਮਰੇ ਸਾਹਮਣੇ ਪੈਸੇ ਲੈਂਦੇ ਫੜੇ ਗਏ ਟੀ ਐੱਮ ਸੀ ਆਗੂ ਮੁਕੁਲ ਰਾਏ ਤੇ ਸ਼ੁਭੇਂਦੂ ਅਧਿਕਾਰੀ ਭਾਜਪਾ ਵਿਚ ਵੜਦਿਆਂ ਹੀ ਦਾਗਮੁਕਤ ਹੋ ਗਏ ਸਨ । ਸਾਬਕਾ ਕਾਂਗਰਸੀ ਹਿੰਮਤ ਬਿਸਵਾ ਸ਼ਰਮਾ, ਜਿਸ ਨੂੰ (**ਬਾਕੀ ਸਫ਼ਾ 30 'ਤੇ**)

# ਪੰਜਾਬ 'ਚ 7,000 ਕਰੋੜ ਰੁਪਏ ਸਲਾਨਾ ਤੋਂ ਵਧਿਆ ਡਰੱਗਜ਼ ਦਾ ਕਾਰੋਬਾਰ

## ਪੀ. ਜੀ. ਆਈ. ਚੰਡੀਗੜ੍ਹ ਦੀ ਰਿਪੋਰਟ ਅਨੁਸਾਰ ਸੂਬੇ 'ਚ 30 ਲੱਖ ਤੋਂ ਜ਼ਿਆਦਾ ਲੋਕ ਨਸ਼ਿਆਂ ਦੇ ਸ਼ਿਕਾਰ

-ਪੀ. ਜੀ. ਆਈ. ਚੰਡੀਗੜ੍ਹ ਦੀ ਬੀਤੇ ਸਾਲ ਆਈ ਇੱਕ ਰਿਪੋਰਟ ਅਨੁਸਾਰ ਸੂਬੇ 'ਚ 30 ਲੱਖ ਤੋਂ ਜ਼ਿਆਦਾ ਲੋਕ ਨਸ਼ੇ ਦਾ ਸੇਵਨ ਕਰਦੇ ਹਨ। ਇਹ ਆਬਾਦੀ ਕਰੀਬ 15 ਫ਼ੀਸਦੀ ਤੋਂ ਜ਼ਿਆਦਾ ਹੈ। ਇੱਕ ਅਨੁਮਾਨ ਅਨੁਸਾਰ ਪੰਜਾਬ 'ਚ ਡਰੱਗਜ਼ ਦਾ ਕੰਮ-ਕਾਜ 7,000 ਕਰੋੜ ਰੁਪਏ ਸਲਾਨਾ ਤੋਂ ਜ਼ਿਆਦਾ ਦਾ ਹੈ।ਹੁਣ ਤੱਕ ਡਰਗ ਓਵਰਡੋਜ਼ ਦੇ ਚੱਲਦੇ ਹੋਈਆਂ ਮੌਤਾਂ ਵਿੱਚ ਨੌਜਵਾਨਾਂ ਦੀ ਉਮਰ 18-35 ਸਾਲ ਤੱਕ ਰਹੀ ਹੈ। ਸਾਲ ਵਿੱਚ ਔਸਤਨ 300 ਤੋਂ ਜ਼ਿਆਦਾ ਮੌਤਾਂ ਨਸ਼ੇ ਦੀ ਓਵਰਡੋਜ਼ ਜਾਂ ਡਰੱਗ ਮਿਕਸਿੰਗ ਨਾਲ ਹੋ ਰਹੀਆਂ ਹਨ।ਪੰਜਾਬ ਪੁਲਸ ਦੀ ਡਰੱਗ ਤਸਕਰਾਂ ਖ਼ਿਲਾਫ਼ ਕਾਰਵਾਈ ਲਗਾਤਾਰ ਜਾਰੀ ਹੈ। ਬੀਤੇ 8 ਮਹੀਨਿਆਂ ਦੌਰਾਨ ਪੁਲਿਸ



ਨੇ ਐੱਨ. ਡੀ. ਪੀ. ਐੱਸ. ਐਕਟ ਤਹਿਤ 8458 ਮਾਮਲੇ ਦਰਜ ਕਰ ਕੇ 11360 ਤਸਕਰਾਂ ਨੂੰ ਕਾਬੂ ਕੀਤਾ ਹੈ। ਪੰਜਾਬ ਪੁਲਿਸ ਦੀਆਂ ਟੀਮਾਂ ਨੇ ਗੁਜਰਾਤ ਅਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਤੋਂ 147.5 ਕਿੱਲੋਗ੍ਰਾਮ ਹੈਰੋਇਨ ਬਰਾਮਦ ਕੀਤੀ। ਇੰਨੀ ਵੱਡੀ ਖੇਪ ਦੀ ਸੂਚਨਾ ਪੰਜਾਬ ਪੁਲਿਸ ਨੂੰ ਤਾਂ ਸੀ ਪਰ ਸਥਾਨਕ ਪੁਲਿਸ ਨੂੰ ਨਹੀਂ।ਪਰ ਇਹ ਸਾਰੀ ਡਰਗ ਪੰਜਾਬ ਵਿੱਚ ਖਪਾਈ ਜਾਣੀ ਸੀ।ਪੰਜਾਬ ਹੁਣ ਭਾਰਤ ਦੀ ਡਰੱਗ ਮੰਡੀ ਬਣ ਚੁਕਾ ਹੈ। ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ (**ਬਾਕੀ ਸਫ਼ਾ 30 'ਤੇ**)

# ਕਿਸੇ ਪਾਬੰਦੀਸ਼ੁਦਾ ਸੰਗਠਨ ਦਾ ਮੈਂਬਰ ਹੋਣ ਨਾਲ ਵੀ ਵਿਅਕਤੀ ਅਪਰਾਧੀ ਨਹੀਂ ਹੋਵੇਗਾ : ਸੁਪਰੀਮ ਕੋਰਟ

ਸੁਪਰੀਮ ਕੋਰਟ ਨੇ ਹੁਣੇ ਜਿਹੇ ਲੋਕਤੰਤਰ ਬਹਾਲੀ ਤੇ ਕਾਲੇ ਕਨੂੰਨਾਂ ਤਹਿਤ ਬੇਗੁਨਾਹਾਂ ਵਿਰੁੱਧ ਕਾਰਵਾਈ ਦਾ ਫ਼ੈਸਲਾ ਦਿੱਤਾ ਹੈ ਕਿ ਕਿਸੇ ਪਾਬੰਦੀ ਸ਼ੁਦਾ ਸੰਗਠਨ ਦਾ ਮੈਂਬਰ ਹੋਣ ਨਾਲ ਵੀ ਵਿਅਕਤੀ ਅਪਰਾਧੀ ਹੋਵੇਗਾ। ਸੁਪਰੀਮ ਕੋਰਟ ਨੇ ਇਹ ਵਿਵਸਥਾ ਆਪਣੇ 2011 ਦੇ ਉਨ੍ਹਾਂ ਫ਼ੈਸਲਿਆਂ ਨੂੰ ਪਲਟਦੇ ਹੋਏ ਦਿੱਤੀ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਸਿਰਫ਼ ਪਾਬੰਦੀ ਸ਼ੁਦਾ ਸੰਗਠਨ ਦਾ ਮੈਂਬਰ ਹੋਣ ਨਾਲ ਹੀ ਕੋਈ ਵਿਅਕਤੀ ਅਪਰਾਧੀ ਨਹੀਂ ਹੋ ਜਾਵੇਗਾ, ਜਦੋਂ ਤੱਕ ਕਿ ਉਹ ਹਿੰਸਾ ਵਿੱਚ ਸ਼ਾਮਲ ਨਾ ਹੋਵੇ ਜਾਂ ਲੋਕਾਂ ਨੂੰ ਹਿੰਸਾ ਲਈ ਨਾ ਭੜਕਾਏ। ਹੁਣ ਸੁਪਰੀਮ ਕੋਰਟ ਨੇ ਇਸ ਸਬੰਧੀ ਆਪਣੇ ਪਹਿਲਾਂ ਦੇ ਫ਼ੈਸਲਿਆਂ ਨੂੰ ਕਾਨੂੰਨ ਦੀ ਨਜ਼ਰ ਵਿੱਚ ਖ਼ਰਾਬ ਕਰਾਰ ਦਿੱਤਾ ਹੈ।

ਜਸਟਿਸ ਐੱਮ ਆਰ ਸ਼ਾਹ, ਜਸਟਿਸ ਸੀਟੀ ਰਵੀ ਕੁਮਾਰ ਤੇ ਜਸਟਿਸ ਸੰਜੇ ਕਰੋਲ ਦੇ ਬੈਂਚ ਨੇ ਕਿਹਾ ਕਿ ਪਾਬੰਦੀ ਸ਼ੁਦਾ ਸੰਗਠਨ ਦੇ ਕਿਸੇ ਮੈਂਬਰ ਖ਼ਿਲਾਫ਼ ਗੈਰ-ਕਾਨੂੰਨੀ ਸਰਗਰਮੀਆਂ ਰੋਕਥਾਮ ਕਾਨੂੰਨ (ਯੂਏਪੀਏ) ਦੀਆਂ ਮੱਦਾਂ ਤਹਿਤ ਮੁਕੱਦਮਾ ਚਲਾਇਆ ਜਾਵੇਗਾ। ਇਸ ਦੇ ਨਾਲ ਹੀ ਬੈਂਚ ਨੇ ਯੂਏਪੀਏ ਦੀ ਧਾਰਾ-10 (ਏ) (ਆਈ) ਦੀ ਜਾਇਜ਼ਤਾ ਨੂੰ ਬਰਕਰਾਰ ਰੱਖਿਆ। ਬੈਂਚ ਨੇ ਕਿਹਾ ਕਿ ਪਾਬੰਦੀ ਸ਼ੁਦਾ ਸੰਗਠਨਾਂ ਦੀ ਮੈਂਬਰਸ਼ਿਪ ਸਬੰਧੀ 2011 ਦੇ ਸੁਪਰੀਮ ਕੋਰਟ ਦੇ ਫ਼ੈਸਲਿਆਂ ਦੇ ਆਧਾਰ 'ਤੇ ਹਾਈ ਕੋਰਟਾਂ ਵੱਲੋਂ ਸੁਣਾਏ ਗਏ ਫ਼ੈਸਲੇ ਕਾਨੂੰਨ ਮੁਤਾਬਕ ਗ਼ਲਤ ਹਨ ਤੇ ਉਨ੍ਹਾਂ ਨੂੰ ਖ਼ਾਰਜ ਕੀਤਾ ਜਾਂਦਾ ਹੈ।ਪਾਬੰਦੀ ਸ਼ੁਦਾ ਸੰਗਠਨਾਂ ਦੀ ਮੈਂਬਰਸ਼ਿਪ ਸਬੰਧੀ ਸੁਪਰੀਮ ਕੋਰਟ ਦੇ 2011 ਦੇ ਫ਼ੈਸਲਿਆਂ ਦੀ (**ਬਾਕੀ ਸਫ਼ਾ 30 'ਤੇ**)



# ਸੂਬਾ ਸਰਕਾਰ ਬਨਾਮ ਰਾਜਪਾਲ

## ਵੋਟਾਂ ਰਾਹੀਂ ਚੁਣੀਆਂ ਸੂਬਾ ਸਰਕਾਰਾਂ ਅਤੇ ਰਾਜਪਾਲ ਵਿਚਾਲੇ ਵੱਧ ਰਿਹਾ ਟਕਰਾਓ



- ➢ ਸੱਤਾ ਦੇ ਕੇਂਦਰ ਨਹੀਂ ਬਣਨ ਦੇਣੇ ਚਾਹੀਦੇ ਰਾਜਪਾਲ
- ➢ ਲੋਕਤੰਤਰੀ ਕਦਰਾਂ ਕੀਮਤਾਂ ਅਨੁਸਾਰ ਠੀਕ ਨਹੀਂ ਟਕਰਾਓ

ਪੰਜਾਬ ਸਮੇਤ ਭਾਰਤ ਦੇ ਹੋਰਨਾਂ ਕਈ ਸੂਬਿਆਂ ਵਿੱਚ ਲੋਕਾਂ ਵੱਲੋਂ ਵੋਟਾਂ ਪਾ ਕੇ ਚੁਣੀਆਂ ਹੋਈਆਂ ਸੂਬਾ ਸਰਕਾਰਾਂ ਅਤੇ ਉਹਨਾਂ ਸੂਬਿਆਂ ਦੇ ਰਾਜਪਾਲ ਵਿਚਾਲੇ ਸਬੰਧਾਂ ਵਿੱਚ ਤਨਾਓ ਦੀਆਂ ਖਬਰਾਂ ਲੋਕਤੰਤਰੀ ਕਦਰਾਂ ਕੀਮਤਾਂ ਅਨੁਸਾਰ ਠੀਕ ਨਹੀਂ ਹਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਰਾਜਪਾਲ ਨੂੰ ਸੱਤਾ ਦਾ ਕੇਂਦਰ ਨਹੀਂ ਬਣਨ ਦਿਤਾ ਜਾਣਾ ਚਾਹੀਦਾ। ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਅਕਸਰ ਕੇਂਦਰ ਸਰਕਾਰ ਵੱਲੋਂ ਰਾਜਪਾਲ ਦੇ ਰਾਹੀਂ ਵੱਖ ਵੱਖ ਸੂਬਿਆਂ ਵਿੱਚ ਵਿਰੋਧੀ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਹੋਣ ਕਰਕੇ ਉਥੇ ਖੁਦ ਕੇਂਦਰੀ ਸ਼ਾਸ਼ਨ ਚਲਾਉਣ ਦੇ ਯਤਨ ਕੀਤੇ ਜਾਂਦੇ ਹਨ, ਜਿਸ ਕਾਰਨ ਹੀ ਸਾਰਾ ਵਿਵਾਦ ਖੜਾ ਹੁੰਦਾ ਹੈ।

ਪੰਜਾਸ ਸਮੇਤ ਦਿੱਲੀ, ਤਾਮਿਲਨਾਡੂ, ਕੇਰਲ, ਰਾਜਸਥਾਨ, ਤੇਲੰਗਾਨਾ, ਛੱਤੀਸਗੜ੍ਹ, ਪੱਛਮੀ ਬੰਗਾਲ ਸੂਬੇ ਅਕਸਰ ਹੀ ਸ਼ਿਕਾਇਤ ਕਰਦੇ ਹਨ ਕਿ ਉਹਨਾਂ ਸੂਬਿਆਂ ਦੇ ਰਾਜਪਾਲ ਦਫ਼ਤਰ ਦਾ ਵਿਵਹਾਰ ਅਜਿਹਾ ਹੈ ਕਿ ਇਹ ਰਾਜ ਸਰਕਾਰ ਦੇ ਕੰਮਕਾਜ ਨੂੰ ਪ੍ਰਭਾਵਿਤ ਕਰ ਰਿਹਾ ਹੈ। ਵਿਵਾਦ ਕਈ ਮੁੱਦਿਆਂ ’ਤੇ ਹੈ ਪਰ ਸਭ ਤੋਂ ਵੱਡਾ ਮੁੱਦਾ ਇਹ ਹੈ ਕਿ ਰਾਜਪਾਲ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਬਿੱਲਾਂ ਨੂੰ ਮਨਜ਼ੂਰੀ ਦੇਣ ’ਚ ਦੇਰੀ ਕਰ ਰਹੇ ਹਨ।

ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਰਾਜਪਾਲ ਵਿਚਾਲੇ ਤਨਾਓ ਦੀਆਂ ਖਬਰਾਂ ਅਕਸਰ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਜਦੋਂ ਪੰਜਾਬ ਦੇ ਰਾਜਪਾਲ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦਾ ਬਜਟ ਸ਼ੈਸ਼ਨ ਬੁਲਾਉਣ ਦੀ ਪ੍ਰਵਾਨਗੀ ਨਹੀਂ ਸੀ ਦਿੱਤੀ ਤਾਂ ਪੰਜਾਬ ਸਰਕਾਰ ਸੁਪਰੀਮ ਕੋਰਟ ਵਿੱਚ ਪਹੁੰਚ ਗਈ ਸੀ, ਫਿਰ ਉਸ ਤੋਂ ਬਾਅਦ ਵੀ ਪੰਜਾਬ ਦੇ ਰਾਜਪਾਲ ਵੱਲੋਂ ਪੰਜਾਬ ਵਿਧਾਨ ਸਭਾ ਦਾ ਬਜਟ ਸ਼ੈਸ਼ਨ ਬੁਲਾਉਣ ਨੂੰ ਪ੍ਰਵਾਨਗੀ ਦਿਤੀ ਗਈ। ਇਸ ਤਰਾਂ ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਰਾਜਪਾਲ ਵਿਚਾਲੇ ਵਿਵਾਦ ਪਿਆ ਰਿਹਾ, ਜੋ ਕਿ ਕਈ ਦਿਨ ਸੁਰਖੀਆਂ ਬਣਦਾ ਰਿਹਾ।

ਤੇਲੰਗਾਨਾ ਦੇ ਮੁੱਖ ਮੰਤਰੀ ਵੀ ਉਥੋਂ ਦੇ ਰਾਜਪਾਲ ਵੱਲੋਂ ਵਿਧਾਨ ਸਭਾ ਵੱਲੋਂ ਪਾਸ ਬਿਲਾਂ ਨੂੰ ਪ੍ਰਵਾਨਗੀ ਨਾ ਦੇਣ ਦੇ ਮੁੱਦੇ ਨੂੰ ਲੈ ਕੇ ਸੁਪਰੀਮ ਕੋਰਟ ਤੱਕ ਵੀ ਪਹੁੰਚ ਚੁੱਕੇ ਹਨ। ਰਿਪੋਰਟਾਂ ਮੁਤਾਬਕ ਸਤੰਬਰ ਮਹੀਨੇ ਤੋਂ ਰਾਜਪਾਲ ਕੋਲ ਸੱਤ ਬਿੱਲ ਪੈਂਡਿੰਗ ਪਏ ਹਨ। ਇੱਕ ਹੋਰ ਉਦਾਹਰਣ ਝਾਰਖੰਡ ਦੀ ਹੈ, ਜਿੱਥੇ ਮੁੱਖ ਮੰਤਰੀ ਬਾਰੇ ਚੋਣ ਕਮਿਸ਼ਨ ਦੀ ਰਾਏ ਪਿਛਲੇ ਛੇ ਮਹੀਨਿਆਂ ਤੋਂ ਰਾਜਪਾਲ ਦੇ ਦਫ਼ਤਰ ਵਿੱਚ ਪਈ ਹੈ।ਇਸ ਦੌਰਾਨ ਫਰਵਰੀ ਵਿੱਚ ਰਾਜਪਾਲ ਬਦਲ ਦਿੱਤਾ ਗਿਆ ਹੈ ਪਰ ਮਸਲਾ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਕਈ ਰਾਜਾਂ ਵਿੱਚ ਵਿਧਾਨ ਸਭਾ ਦਾ ਸੈਸ਼ਨ ਬੁਲਾਉਣ ਅਤੇ ਉਪ ਕੁਲਪਤੀ ਦੀ ਨਿਯੁਕਤੀ ਨੂੰ ਲੈ ਕੇ ਵੀ ਵਿਵਾਦ ਚੱਲ ਰਿਹਾ ਹੈ। ਸਾਰੇ ਮੁੱਦੇ ਸੰਵਿਧਾਨਕ ਰੁਕਾਵਟ ਨਹੀਂ ਹਨ, ਪਰ ਇਹ ਸਿਹਤਮੰਦ ਲੋਕਤੰਤਰ ਦੀ ਨਿਸ਼ਾਨੀ ਵੀ ਨਹੀਂ ਹਨ। ਇਨ੍ਹਾਂ ਨੂੰ ਸਮੁੱਚੇ ਤੌਰ ’ਤੇ ਵਿਚਾਰਿਆ ਜਾਣਾ ਚਾਹੀਦਾ ਹੈ। ਜੇਕਰ ਲੋੜ ਪਵੇ ਤਾਂ ਰਾਜਪਾਲਾਂ ਦੀ ਨਿਯੁਕਤੀ ਅਤੇ ਹਟਾਉਣ ਦੀ ਪ੍ਰਣਾਲੀ ’ਤੇ ਵੀ ਮੁੜ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਹੁਣ ਰਾਜਪਾਲ ਅਤੇ ਰਾਜ ਸਰਕਾਰ ਵਿਚਾਲੇ ਵਿਵਾਦ ਵਿੱਚ ਸੁਪਰੀਮ ਕੋਰਟ ਨੇ ਅਹਿਮ ਟਿੱਪਣੀ ਕੀਤੀ ਹੈ। ਸੁਪਰੀਮ ਕੋਰਟ ਨੇ ਮਹਾਰਾਸ਼ਟਰ ਦੀ ਐਮਵੀਏ ਸਰਕਾਰ ਦੇ ਪਤਨ ਨਾਲ ਸਬੰਧਤ ਮਾਮਲੇ ਦੀ ਸੁਣਵਾਈ ਦੌਰਾਨ ਕਿਹਾ ਕਿ ਕਿਸੇ ਪਾਰਟੀ ਵਿੱਚ ਅੰਦਰੂਨੀ ਮਤਭੇਦ ਜਾਂ ਮਤਭੇਦ ਦੀਆਂ ਰਿਪੋਰਟਾਂ ਫਲੋਰ ਟੈਸਟ ਦਾ ਆਧਾਰ ਨਹੀਂ ਹੋ ਸਕਦੀਆਂ।ਪਰ ਰਾਜਪਾਲ ਦੇ ਅਹੁਦੇ ਦੀ ਕਥਿਤ ਦੁਰਵਰਤੋਂ ਦਾ ਮੁੱਦਾ ਇਸ ਇੱਕ ਮਾਮਲੇ ਤੱਕ ਸੀਮਤ ਨਹੀਂ ਹੈ। ਅਤੀਤ ਵਿੱਚ ਵੀ ਅਜਿਹੇ ਮੁੱਦੇ ਉੱਠਦੇ ਰਹੇ ਹਨ ਪਰ ਅਜੋਕੇ ਸਮੇਂ ਵਿੱਚ ਇਸ ਦੀ ਤੀਬਰਤਾ ਵਿੱਚ ਅਸਧਾਰਨ ਵਾਧਾ ਹੋਇਆ ਹੈ।



ਵੱਖ- ਵੱਖ ਸੂਬਾ ਸਰਕਾਰਾਂ ਅਤੇ ਉਹਨਾਂ ਰਾਜਾਂ ਦੇ ਰਾਜਪਾਲ ਵਿਚਾਲੇ ਤਨਾਓ ਜਾਂ ਕੇਂਦਰ ਸਰਕਾਰ ਵੱਲੋਂ ਰਾਜਪਾਲ ਰਾਹੀਂ ਸੂਬਾ ਸਰਕਾਰਾਂ ਦੇ ਕੰਮਾਂ ਕਾਜਾਂ ਵਿੱਚ ਕੀਤੀ ਜਾਂਦੀ ਦਖਲਅੰਦਾਜੀ ਨਵੀਂ ਨਹੀਂ ਹੈ। ਕਈ ਸਾਲ ਪਹਿਲਾਂ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਭਾਰਤ ਦੇ ਪ੍ਰਧਾਨ ਮੰਤਰੀ ਸਨ ਤਾਂ ਉਹਨਾਂ ਨੇ ਭਾਰਤ ਦੇ ਜਿਹੜੇ ਸੂਬਿਆਂ ਵਿੱਚ ਗੈਰ ਕਾਂਗਰਸੀ ਸਰਕਾਰਾਂ ਸਨ, ਉਹਨਾਂ ਸਰਕਾਰਾਂ ਨੂੰ ਉਹਨਾਂ ਸੂਬਿਆ ਦੇ ਰਾਜਪਾਲ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਤੋੜ ਦਿਤਾ ਸੀ। ਅੱਜ ਦੇ ਸਮੇਂ ਵਿੱਚ ਵੀ ਵੱਖ ਵੱਖ ਸੂਬਿਆਂ ਵਿੱਚ ਕੁਝ ਇਹੋ ਜਿਹੀ ਸਥਿਤੀ ਬਣਦੀ ਦਿਖਾਈ ਦੇ ਰਹੀ ਹੈ। ਅਸਲ ਵਿੱਚ ਕੇਂਦਰ ਵਿੱਚ ਬਣੀ ਹਰ ਸਰਕਾਰ ਦੀ ਇੱਛਾ ਹੁੰਦੀ ਹੈ ਕਿ ਭਾਰਤ ਦੇ ਜਿਹੜੇ ਸੂਬਿਆਂ ਵਿੱਚ ਵਿਰੋਧੀ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਹੁੰਦੀਆਂ ਹਨ, ਉਹਨਾਂ ਸੂਬਿਆਂ ਵਿੱਚ ਕੇਂਦਰ ਸਰਕਾਰ ਚਲਾ ਰਹੀ ਸਿਆਸੀ ਪਾਰਟੀ ਆਪਣੀ ਪਾਰਟੀ ਦੀ ਸਰਕਾਰ ਬਣਾਉਣਾ ਚਾਹੁੰਦੀ ਹੈ। ਇਸੇ ਕਾਰਨ ਇਹਨਾਂ ਸੂਬਿਆਂ ਵਿੱਚ ਵਿਰੋਧੀ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਕੇਂਦਰ ਸਰਕਾਰ ਵੱਲੋਂ ਰਾਜਪਾਲ ਰਾਹੀਂ ਪ੍ਰੇਸ਼ਾਨ ਕਰਨ ਦਾ ਯਤਨ ਕੀਤਾ ਜਾਂਦਾ ਹੈ।



ਚਾਹੀਦਾ ਤਾਂ ਇਹ ਹੈ ਕਿ ਹਰ ਸੂਬੇ ਵਿੱਚ ਲੋਕਾਂ ਵੱਲੋਂ ਵੋਟਾਂ ਪਾ ਕੇ ਚੁਣੀ ਹੋਈ ਸਰਕਾਰ ਹੋਵੇ ਅਤੇ ਉਸ ਸਰਕਾਰ ਨੂੰ ਸਹੀ ਤਰੀਕੇ ਨਾਲ ਕੰਮ ਕਰਨ ਦਿਤਾ ਜਾਵੇ। ਰਾਜ ਸਰਕਾਰਾਂ ਅਤੇ ਰਾਜਪਾਲ ਵਿਚਾਲੇ ਤਨਾਓ ਪੈਦਾ ਹੋਣ ਤੋਂ ਬਚਣਾ ਚਾਹੀਦਾ ਹੈ ਅਤੇ ਰਾਜਪਾਲ ਅਤੇ ਸੂਬਾ ਸਰਕਾਰਾਂ ਵਿਚਾਲੇ ਤਨਾਓ ਲੋਕਤੰਤਰੀ ਕਦਰਾਂ ਕੀਮਤਾਂ ਅਨੁਸਾਰ ਠੀਕ ਨਹੀਂ ਮੰਨਿਆ ਜਾਂਦਾ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਵਿਸ਼ਵ ’ਚ ਗਲੋਬਲ ਆਰਥਿਕ ਮੰਦੀ ਆਉਣ ਦਾ ਖ਼ਤਰਾ ਬਣਿਆ

## ਅਮਰੀਕੀ ਬੈਂਕਾਂ ਦੇ ਡੁੱਬਣ ਤੋਂ ਬਾਅਦ ਵਿੱਤੀ ਸੰਸਥਾਵਾਂ ਦੇ ਡੁੱਬਣ ਦਾ ਖ਼ਤਰਾ ਬਣਿਆ

### ਵੱਖ-ਵੱਖ ਵਿੱਤੀ ਸੰਸਥਾਵਾਂ ਨੇ ਆਪਣੇ ਵਰਕਰਾਂ ਦੀ ਕੀਤੀ ਛਾਂਟੀ

ਵਾਸ਼ਿੰਗਟਨ/ਏ.ਟੀ.ਨਿਊਜ਼ :- ਮਾਰਚ ਦਾ ਮਹੀਨਾ ਗਲੋਬਲ ਪੱਧਰ ’ਤੇ ਵਿੱਤੀ ਸੰਕਟ ਆਉਣ ਦੇ ਸੰਕੇਤ ਦੇ ਰਿਹਾ ਹੈ। ਜਿਸਦੀ ਸ਼ੁਰੂਆਤ ਅਮਰੀਕਾ ਤੋਂ ਹੋਈ ਮੰਨੀ ਜਾਂਦੀ ਹੈ। ਅਮਰੀਕਾ ਦੇ ਦੋ ਮੁੱਖ ਬੈਂਕਾਂ ਸਿਗਨੇਚਰ ਬੈਂਕ ਅਤੇ ਸਿਲੀਕਾਨ ਵੈਲੀ ਬੈਂਕ ਦੇ ਮਾਰਚ ਦੇ ਪਹਿਲੇ ਹਫਤੇ ਦੌਰਾਨ ਹੀ ਡੁੱਬਣ ਦੀਆਂ ਖਬਰਾਂ ਤੋਂ ਬਾਅਦ ਦੁਨੀਆਂ ਭਰ ਵਿੱਚ ਸ਼ੇਅਰ ਬਾਜ਼ਾਰ ਵੀ ਗੋਤਾ ਖਾ ਗਏ। ਇਸਦੇ ਨਾਲ ਵੱਡੀ ਵਿੱਤੀ ਸੰਸਥਾ ‘ਕ੍ਰੇਡਿਟ ਸੁਈਸ’ ਵਿੱਚ ਅਨਿਸ਼ਚਤਾਵਾਂ ਦਾ ਦੌਰ ਸ਼ੁਰੂ ਹੋਣ ਦੀ ਕਾਰਵਾਈ ਨੇ ਸਭ ਨੂੰ ਚਿੰਤਾ ਵਿੱਚ ਪਾ ਦਿਤਾ। ਇਸਦਾ ਯੂਰੋਪ ਦੇ ਕਈ ਬੈਂਕਾਂ ਦੀ ਅਸਥਿਰਤਤਾ ’ਤੇ ਅਸਰ ਪਿਆ ਅਤੇ ਉਹਨਾਂ ਲੋਕਾਂ ਵਿੱਚ ਵੱਡੀ ਚਿੰਤਾ ਫੈਲ ਗਈ, ਜਿਹਨਾਂ ਦੇ ਵਿੱਤੀ ਹਿੱਤ ਬੈਕਿੰਗ ਸੰਸਥਾਵਾਂ ਨਾਲ ਜੁੜੇ ਹਨ।

ਜ਼ਿਕਰਯੋਗ ਹੈ ਕਿ ਕਈ ਮਹੀਨੇ ਪਹਿਲਾਂ ਵਿਸ਼ਵ ਮੁਦਰਾ ਕੋਸ਼ ਅਤੇ ਕੁਝ ਅਰਥ ਸ਼ਾਸ਼ਤਰੀਆਂ ਨੇ ਖਦਸ਼ਾ ਪ੍ਰਗਟਾਇਆ ਸੀ ਕਿ ਸਾਲ 2023 ਵਿੱਚ ਇਕ ਵਾਰ ਫਿਰ ਗਲੋਬਲ




ਆਰਥਿਕ ਮੰਦੀ ਦਾ ਸਾਹਮਣਾ ਦੁਨੀਆ ਨੂੰ ਕਰਨਾ ਪੈ ਸਕਦਾ ਹੈ। ਹੁਣ ਸਵਾਲ ਇਹ ਪੈਦਾ ਹੋ ਰਿਹਾ ਹੈ ਕਿ ਕੀ ਸੱਚਮੁੱਚ ਦੁਨੀਆ ਗਲੋਬਲ ਆਰਥਿਕ ਮੰਦੀ ਵੱਲ ਜਾ ਰਹੀ ਹੈ।

ਦੁਨੀਆ ਕੁਝ ਸਮਾਂ ਪਹਿਲਾਂ ਹੀ ਕੋਰੋਨਾ ਮਹਾਂਮਾਰੀ ਤੋਂ ਉਭਰੀ ਹੈ। ਕੁਝ ਦਿਨ ਪਹਿਲਾਂ ਹੀ ਸ੍ਰੀਲੰਕਾ ਵਿੱਚ ਜਨਤਾ ਸਰਕਾਰ ਦੇ ਖਿਲਾਫ ਸੜਕਾਂ ’ਤੇ ਸੀ। ਪਾਕਿਸਤਾਨ ਵਿੱਚ ਵੀ ਹਾਲਾਤ ਕਾਬੂ ਤੋਂ ਬਾਹਰ ਹਨ। ਬ੍ਰਿਟੇਨ ਵਿੱਚ ਲੋਕ ਮਹਿੰਗਾਈ ਤੋਂ ਅੱਕੇ ਪਏ ਹਨ। ਪਿਛਲੇ ਇਕ ਸਾਲ ਤੋਂ ਰੂਸ ਅਤੇ ਯੂਕ੍ਰੇਨ ਵਿੱਚ ਚਲਦੀ ਜੰਗ ਵਿੱਚ ਦੂਜੀਆਂ ਤਾਕਤਾਂ ਵੀ ਸ਼ਾਮਲ ਹੋ ਗਈਆਂ ਹਨ। ਖਬਰ ਹੈ ਕਿ ਯੂਕ੍ਰੇਨ ਦੀ ਸਹਾਇਤਾ ਕਰਨ ਵਾਲੇ ਅਮਰੀਕਾ ਦੇ ਕੱਟੜ ਦੁਸ਼ਮਣ ਰੂਸ,ਚੀਨ ਅਤੇ ਇਰਾਨ ਨੇ ਓਮਾਨ ਦੀ ਖਾੜੀ ਵਿੱਚ ਸਾਂਝਾ ਯੁੱਧ ਅਭਿਆਸ ਸ਼ੁਰੂ ਕਰ ਦਿਤਾ ਹੈ। ਇਸ ਕਾਰਨ ਇਕ ਹੋਰ ਵਿਸ਼ਵ ਜੰਗ ਸ਼ੁਰੂ ਹੋਣ ਦਾ ਖਤਰਾ ਬਣ ਗਿਆ ਹੈ।

ਇਸ ਤੋਂ ਪਹਿਲਾਂ 1930 ਵਿੱਚ ਪੂਰੀ ਦੁਨੀਆ ਵਿੱਚ ਗਲੋਬਲ ਆਰਥਿਕ ਮੰਦੀ ਆਈ ਸੀ। ਉਸ ਸਮੇਂ ਵਰਗੇ ਹਾਲਾਤ ਹੁਣ ਮੁੜ ਬਣਦੇ ਜਾ ਰਹੇ ਹਨ। ਉਸ ਸਮੇਂ ਵੀ ਆਰਥਿਕ ਮੰਦੀ ਦੀ ਸ਼ੁਰੂਆਤ ਅਮਰੀਕਾ ਤੋਂ ਹੋਈ ਸੀ, ਹੁਣ ਵੀ ਅਮਰੀਕਾ ਦੇ ਕਈ ਬੈਂਕ ਡੁੱਬਣ ਤੋਂ ਬਾਅਦ ਅਮਰੀਕਾ ਤੋਂ ਹੀ ਗਲੋਬਲ ਆਰਥਿਕ ਮੰਦੀ ਸ਼ੁਰੂ ਹੋਣ ਦਾ ਖਤਰਾ ਬਣ ਗਿਆ ਹੈ। ਅਮਰੀਕਾ ਵਿੱਚ ਵੱਡੇ ਅਤੇ ਮਹੱਤਵਪੂਰਨ ਬੈਂਕ ਡੁੱਬ ਗਏ ਹਨ। ਇਸਤੋਂ ਪਹਿਲਾਂ ਕਈ ਵੱਡੀਆਂ ਕੰਪਨੀਆਂ ਆਪਣੇ ਕਰਮਚਾਰੀਆਂ ਦੀ ਛਾਂਟੀ ਕਰ ਚੁਕੀਆਂ ਹਨ। ਜਰਮਨੀ, ਆਸਟ੍ਰਿਆ, ਫਰਾਂਸ,ਇਟਲੀ ਅਤੇ ਸਪੇਨ ਵਰਗੇ ਦੇਸ਼ਾਂ ਵਿੱਚ ਵੀ ਕੱਟੜਵਾਦੀ ਸਿਆਸੀ ਤਾਕਤਾਂ ਨੇ ਆਪਣੀ ਤਾਕਤ ਵਧਾਈ ਹੈ। ਮੁਦਰਾ ਸਫੀਤੀ ਦਾ ਹਾਲ ਇਹ ਹੈ ਕਿ ਜਨਵਰੀ 203 ਵਿੱਚ ਹੀ ਤੁਰਕੀ ਦੀ ਮੁਦਰਾ ਸਫਿਤੀ ਦੀ ਦਰ 55 ਫੀਸਦੀ ਤੋਂ ਜ਼ਿਆਦਾ ਸੀ।

(ਬਾਕੀ ਸਫ਼ਾ 30 ’ਤੇ)

# ਏਸ਼ੀਆ ਨੂੰ ਕਿੱਥੇ ਲੈ ਜਾਵੇਗੀ ਹਥਿਆਰਾਂ ਦੀ ਦੌੜ ?

ਅਰੁਨੇਸ਼ ਪਠਾਨੀਆ

ਏਸ਼ੀਆ ਦੇ ਦੇਸ਼ਾਂ ਵਿੱਚ ਇਸ ਸਮੇਂ ਹਥਿਆਰਾਂ ਦੀ ਦੌੜ ਲੱਗੀ ਹੋਈ ਹੈ ਅਤੇ ਏਸ਼ੀਆ ਦਾ ਹਰ ਦੇਸ਼ ਆਪਣੇ ਆਪ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕਰਨਾ ਚਾਹੁੰਦਾ ਹੈ, ਇਸ ਲਈ ਏਸ਼ੀਆ ਦੇ ਕਈ ਦੇਸ਼ਾਂ ਵੱਲੋਂ ਅਮਰੀਕਾ, ਰੂਸ ਅਤੇ ਹੋਰ ਪੱਛਮੀ ਮੁਲਕਾਂ ਤੋਂ ਹਥਿਆਰਾਂ ਦੀ ਖਰੀਦ ਕੀਤੀ ਜਾ ਰਹੀ ਹੈ।

ਦੁਨੀਆ ਦੇ ਦਸ ਸਭ ਤੋਂ ਵੱਡੇ ਹਥਿਆਰ ਖਰੀਦਦਾਰ ਦੇਸ਼ਾਂ ਵਿੱਚ ਭਾਰਤ-ਚੀਨ ਸਮੇਤ ਅੱਠ ਏਸ਼ੀਆਈ ਦੇਸ਼ ਹਨ। ਤੀਹ ਸਾਲਾਂ ਤੋਂ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਹਥਿਆਰ ਖਰੀਦਦਾਰ ਦੇਸ਼ ਬਣਿਆ ਹੋਇਆ ਹੈ। ਭਾਰਤ, ਪਾਕਿਸਤਾਨ ਅਤੇ ਚੀਨ ਵਿਚਾਲੇ ਚੱਲ ਰਹੇ ਤਣਾਅ ਦਾ ਨਤੀਜਾ ਹੈ ਕਿ ਇਨ੍ਹਾਂ ਤਿੰਨਾਂ ਦੇਸ਼ਾਂ ਨੇ ਪਿਛਲੇ ਪੰਜ ਸਾਲਾਂ ’ਚ ਦੁਨੀਆ ’ਚ ਵਿਕਣ ਵਾਲੇ ਹਥਿਆਰਾਂ ਦਾ 19 ਫੀਸਦੀ ਹਿੱਸਾ ਖਰੀਦਿਆ ਹੈ। ਇਸ ’ਚ ਭਾਰਤ ਦੀ ਹਿੱਸੇਦਾਰੀ 11 ਫੀਸਦੀ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦੀ ਤਾਜ਼ਾ ਰਿਪੋਰਟ ਏਸ਼ੀਆ ਦੇ ਇਸ ਖੇਤਰ ਵਿੱਚ ਹਥਿਆਰਾਂ ਦੀ ਦੌੜ ਦੀ ਚਿੰਤਾਜਨਕ ਤਸਵੀਰ ਪੇਸ਼ ਕਰਦੀ ਹੈ।



ਡੰਪਿੰਗ ਜ਼ਮੀਨ :ਹਥਿਆਰਾਂ ਦੀ ਖਰੀਦੋ-ਫਰੋਖਤ ਦੇ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਸਾਫ਼ ਨਜ਼ਰ ਆਉਂਦਾ ਹੈ ਕਿ ਕਿਸ ਤਰ੍ਹਾਂ ਪੱਛਮੀ ਦੇਸ਼ ਏਸ਼ੀਆਈ ਦੇਸ਼ਾਂ ਦੇ ਡਰ ਨੂੰ ਕੈਸ਼ ਕਰ ਰਹੇ ਹਨ ਅਤੇ ਇਸ ਖੇਤਰ ਨੂੰ ਖਤਰਨਾਕ ਹਥਿਆਰਾਂ ਦਾ ਡੰਪਿੰਗ ਗਰਾਊਂਡ ਬਣਾ ਰਹੇ ਹਨ।ਜਦੋਂ ਚੀਨ ਅਤੇ ਪਾਕਿਸਤਾਨ ਵਿਚਾਲੇ ਦੋਸਤੀ ਵਧੀ ਤਾਂ ਅਮਰੀਕਾ ਨੇ ਆਪਣੀਆਂ ਸ਼ਰਤਾਂ ’ਤੇ ਭਾਰਤ ਨੂੰ ਹਥਿਆਰ ਵੇਚਣੇ ਸ਼ੁਰੂ ਕਰ ਦਿੱਤੇ। ਹੁਣ ਭਾਰਤ ਨੂੰ ਹਥਿਆਰਾਂ ਦੀ ਵਿਕਰੀ ਵਿੱਚ ਅਮਰੀਕਾ ਦਾ 11 ਫੀਸਦੀ ਹਿੱਸਾ ਹੈ।ਭਾਰਤ ਨੇ ਪੰਜ ਸਾਲਾਂ ਵਿੱਚ ਰੂਸ ਤੋਂ ਸਭ ਤੋਂ ਵੱਧ 45 ਫੀਸਦੀ ਹਥਿਆਰ ਖਰੀਦੇ ਹਨ, ਜੋ ਕਿ 2013-17 ਦੇ ਮੁਕਾਬਲੇ 19 ਫੀਸਦੀ ਘੱਟ ਹਨ। ਇਸ ਪਿੱਛੇ ਕਿਤੇ ਨਾ ਕਿਤੇ ਅਮਰੀਕੀ ਰਾਜਨੀਤੀ ਹੈ।

ਦੂਜੇ ਪਾਸੇ ਚੀਨ ਤੇਜ਼ੀ ਨਾਲ ਸਵਦੇਸ਼ੀ ਹਥਿਆਰ ਵਿਕਸਿਤ ਕਰ ਰਿਹਾ ਹੈ। ਪਾਕਿਸਤਾਨ ਲੜਾਕੂ ਜਹਾਜ਼ ਜੇ-7 ਵਰਗੇ ਕਈ ਫੌਜੀ ਪ੍ਰਾਜੈਕਟਾਂ ਵਿੱਚ ਉਸ ਦਾ ਭਾਈਵਾਲ ਹੈ।

ਆਰਥਿਕ ਸੰਕਟ ਦੇ ਬਾਵਜੂਦ ਪਾਕਿਸਤਾਨ ਨੇ ਪਿਛਲੇ ਪੰਜ ਸਾਲਾਂ ਵਿੱਚ ਹਥਿਆਰਾਂ ਦੀ ਖਰੀਦ ਵਿੱਚ 14 ਫੀਸਦੀ ਦਾ ਵਾਧਾ ਕੀਤਾ ਹੈ।

ਚੀਨ ਨੇ ਸਾਲ 2023-34 ਲਈ ਆਪਣਾ ਰੱਖਿਆ ਬਜਟ 224 ਬਿਲੀਅਨ ਡਾਲਰ ਰੱਖਿਆ ਹੈ, ਜੋ ਭਾਰਤ ਦੇ 72.6 ਬਿਲੀਅਨ ਡਾਲਰ ਦੇ ਬਜਟ ਨਾਲੋਂ ਤਿੰਨ ਗੁਣਾ ਵੱਧ ਹੈ।ਦੁਨੀਆ ਵਿਚ ਸਭ ਤੋਂ ਵੱਧ ਹਥਿਆਰ ਖਰੀਦਣ ਵਾਲੇ 25 ਦੇਸ਼ਾਂ ਵਿਚੋਂ 14 ਸਿਰਫ ਏਸ਼ੀਆਈ ਦੇਸ਼ ਹਨ। ਸਾਊਦੀ ਅਰਬ, ਕੁਵੈਤ, ਕਤਰ, ਯੂਏਈ ਨੇ ਪਿਛਲੇ ਪੰਜ ਸਾਲਾਂ ਵਿੱਚ ਹਥਿਆਰਾਂ ਦੀ ਵੱਡੀ ਖਰੀਦਦਾਰੀ ਕੀਤੀ ਹੈ। ਇਨ੍ਹਾਂ ਦੇਸ਼ਾਂ ਨੇ ਦੁਨੀਆ ਭਰ ਵਿੱਚ ਵਿਕਣ ਵਾਲੇ ਕੁੱਲ ਹਥਿਆਰਾਂ ਦਾ 21 ਫੀਸਦੀ ਖਰੀਦਿਆ ਹੈ।

ਇਹ ਮੰਡੀ ਪੂਰੀ ਤਰ੍ਹਾਂ ਦੋ ਹਿੱਸਿਆਂ ਵਿੱਚ ਵੰਡੀ ਹੋਈ ਹੈ। ਅਮਰੀਕਾ ਉਨ੍ਹਾਂ ਦੇਸ਼ਾਂ ਨੂੰ ਹਥਿਆਰ ਨਹੀਂ ਵੇਚਦਾ ਜੋ ਚੀਨ ਅਤੇ ਰੂਸ ਦੇ ਦੋਸਤ ਹਨ, ਪਰ ਇਹ ਯਕੀਨੀ ਤੌਰ ’ਤੇ ਉਨ੍ਹਾਂ ਨੂੰ ਹਥਿਆਰ ਵੇਚਦਾ ਹੈ ਜਿਨ੍ਹਾਂ ਨਾਲ ਚੀਨ ਦਾ ਵਿਵਾਦ ਹੈ। ਅਮਰੀਕਾ ਬੜੀ ਚਲਾਕੀ

(ਬਾਕੀ ਸਫ਼ਾ 31 ’ਤੇ)

# ਅਮਰੀਕਾ ’ਚ ਦੂਸ਼ਿਤ ਮੀਟ ਖਾਣ ਨਾਲ ਵਧ ਰਹੀ ਹੈ ਯੂਰਿਨਰੀ ਇਨਫੈਕਸ਼ਨ

## ਯੂਰਿਨਰੀ ਟ੍ਰੈਕਟ-ਇਨਫੈਕਸ਼ਨ ਦਾ ਇਲਾਜ ਕਰਵਾਉਣ ਵਾਲੇ ਸਾਲਾਨਾ 8 ਲੱਖ ਲੋਕਾਂ ’ਚੋਂ 25 ਪਿਛੇ 10 ਔਰਤਾਂ

ਵਾਸ਼ਿੰਗਟਨ/ਏ.ਟੀ. ਨਿਊਜ਼ :- ਅਮਰੀਕਾ ਵਿੱਚ 25 ਵਿੱਚੋਂ 10 ਔਰਤਾਂ ਅਤੇ 3 ਪੁਰਸ਼ ਪਿਸ਼ਾਬ ਨਾਲੀ ਦੀ ਲਾਗ ਤੋਂ ਕਿਸੇ ਨਾ ਕਿਸੇ ਰੂਪ ਤੋਂ ਪੀੜ੍ਹਤ ਹਨ। ਯੂਰੋਲੋਜੀ ਕੇਅਰ ਫਾਊਂਡੇਸ਼ਨ ਦੀ ਇੱਕ ਰਿਪੋਰਟ ਵਿੱਚ ਖ਼ੁਲਾਸਾ ਹੋਇਆ ਹੈ ਕਿ ਹਰ ਸਾਲ ਅਮਰੀਕਾ ਵਿੱਚ 5 ਲੱਖ ਤੋਂ ਵੱਧ ਯੂਰੀਨਰੀ ਟ੍ਰੈਕਟ ਇਨਫੈਕਸ਼ਨ (ਯੂਟੀਆਈ) ਲਈ ਦੂਸ਼ਿਤ ਮੀਟ ਜ਼ਿੰਮੇਵਾਰ ਹੈ।



ਦਰਅਸਲ, ਯੂਟੀਆਈ ਐਸਚੇਰੀਚੀਆ ਕੋਲੀ ਨਾਮਕ ਬੈਕਟੀਰੀਆ ਦੇ ਕਾਰਨ ਵੀ ਹੋ ਸਕਦਾ ਹੈ। ਇਹ ਬੈਕਟੀਰੀਆ ਗੈਸਟਰੋਇੰਟੇਸਟਾਈਨਲ ਟ੍ਰੈਕਟ ਵਿੱਚ ਪਾਇਆ ਜਾਂਦਾ ਹੈ। ਵਾਸ਼ਿੰਗਟਨ ਯੂਨੀਵਰਸਿਟੀ, ਮਿਸ਼ੀਗਨ ਯੂਨੀਵਰਸਿਟੀ ਅਤੇ ਉੱਤਰੀ ਅਰੀਜ਼ੋਨਾ ਯੂਨੀਵਰਸਿਟੀ ਨੇ ਇੱਕ ਸਾਲ ਦੀ ਮਿਆਦ ਵਿੱਚ ਫਲੈਗਸਟਾਫ ਅਤੇ ਐਰੀਜ਼ੋਨਾ ਦੇ ਨੌਂ ਪ੍ਰਮੁੱਖ ਸਟੋਰਾਂ ਤੋਂ 1,923 ਕੱਚੇ ਚਿਕਨ, ਸੂਰ ਅਤੇ ਟਰਕੀ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕਰਕੇ ਇਸ ਨਤੀਜੇ ਉਪਰ ਪਹੁੰਚੇ ਹਨ। ਇਨ੍ਹਾਂ ਨਮੂਨਿਆਂ ਨੂੰ ਇਕੱਠਾ ਕਰਨ ਤੋਂ ਬਾਅਦ, ਇਨ੍ਹਾਂ ਖੋਜਕਰਤਾਵਾਂ ਨੇ ਫਲੈਗਸਟਾਫ ਮੈਡੀਕਲ ਸੈਂਟਰ ਤੋਂ 1,188 ਪਿਸ਼ਾਬ ਅਤੇ ਖ਼ੂਨ ਦੇ ਨਮੂਨਿਆਂ ਦੀ ਜਾਂਚ ਕੀਤੀ। ਜੈਨੇਟਿਕ ਟੈਸਟਿੰਗ ਤੋਂ ਬਾਅਦ, ਇਹ ਪਾਇਆ ਗਿਆ ਕਿ ਲਗਭਗ 8% ਯੂਟੀਆਈ ਕੇਸ ਅਜਿਹੇ ਦੂਸ਼ਿਤ ਮੀਟ ਦੇ ਸੇਵਨ ਨਾਲ ਆਏ ਹਨ। ਸੰਯੁਕਤ ਰਾਜ ਅਮਰੀਕਾ ਵਿੱਚ 60 ਤੋਂ 80 ਲੱਖ ਯੂਟੀਆਈ ਸੰਬੰਧੀ ਕੇਸਾਂ ਦਾ ਇਲਾਜ ਕੀਤਾ ਜਾਂਦਾ ਹੈ।

ਅਜਿਹੀ ਸਥਿਤੀ ਵਿੱਚ, ਖ਼ਰਾਬ ਅਤੇ ਦੂਸ਼ਿਤ ਮੀਟ ਤੋਂ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ 4,80,000 ਤੋਂ 6,40,000 ਕੇਸਾਂ ਦੇ ਬਰਾਬਰ ਹੋ ਸਕਦੀ ਹੈ। ਐਸਚੇਰੀਚੀਆ ਕੋਲੀ ਨਾਮਕ ਬੈਕਟੀਰੀਆ ਜਾਨਵਰਾਂ ਦੇ ਨਾਲ-ਨਾਲ ਮਨੁੱਖਾਂ ਦੀਆਂ ਅੰਤੜੀਆਂ ਵਿੱਚ ਪਾਇਆ ਜਾਂਦਾ ਹੈ। ਉਹ ਆਮ ਮਾਈਕਰੋਬਾਇਓਮ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਪਰ ਕਈ ਵਾਰ ਗੰਭੀਰ ਬਿਮਾਰੀ ਦਾ ਕਾਰਨ ਬਣ ਸਕਦੇ ਹਨ।

ਯੂਟੀਆਈ ਨੂੰ ਪਿਸ਼ਾਬ ਨਾਲੀ ਦੀ ਲਾਗ ਕਿਹਾ ਜਾਂਦਾ ਹੈ। ਇਸ ਦੇ ਕਈ ਲੱਛਣ ਹਨ। ਇਸ ਵਿੱਚ ਪਿਸ਼ਾਬ ਵਿੱਚ ਬਦਬੂ ਆਉਣਾ, ਪਿਸ਼ਾਬ ਦੌਰਾਨ ਦਰਦ ਜਾਂ ਜਲਨ, ਪੇਟ ਵਿੱਚ ਦਬਾਅ ਅਤੇ ਠੰਢ ਲੱਗਣਾ ਜਾਂ ਲਗਾਤਾਰ ਬੁਖ਼ਾਰ, ਮਤਲੀ ਅਤੇ ਉਲਟੀਆਂ ਵਰਗੇ ਲੱਛਣ ਹਨ। ਅਜਿਹੀ ਸਥਿਤੀ ਸ਼ੂਗਰ ਕਾਰਨ ਵੀ ਪੈਦਾ ਹੁੰਦੀ ਹੈ।

# ਮੈਕਸੀਕੋ-ਅਮਰੀਕਾ ਸਰਹੱਦ ਨੇੜੇ ਪ੍ਰਵਾਸੀ ਨਜ਼ਰਬੰਦੀ ਕੇਂਦਰ ’ਚ ਭਿਆਨਕ ਅੱਗ ਲੱਗੀ

## ਅੱਗ ਲੱਗਣ ਕਾਰਨ ਘੱਟੋ-ਘੱਟ 40 ਲੋਕਾਂ ਦੀ ਮੌਤ ਹੋ ਗਈ

ਮੈਕਸੀਕੋ ਦੇ ਅਧਿਕਾਰੀਆਂ ਅਨੁਸਾਰ ਸੰਯੁਕਤ ਰਾਜ ਦੀ ਸਰਹੱਦ ’ਤੇ ਉੱਤਰੀ ਮੈਕਸੀਕੋ ਦੇ ਇੱਕ ਸ਼ਹਿਰ ਸਿਉਦਾਦ ਜੁਆਰੇਜ਼ ਵਿੱਚ ਸਰਕਾਰੀ ਪ੍ਰਵਾਸੀ ਨਜ਼ਰਬੰਦੀ ਕੇਂਦਰ ਵਿੱਚ ਸੋਮਵਾਰ ਰਾਤ ਨੂੰ ਅੱਗ ਲੱਗਣ ਨਾਲ ਘੱਟੋ-ਘੱਟ 40 ਲੋਕਾਂ ਦੀ ਮੌਤ ਹੋ ਗਈ।



ਇਸ ਮਾਰੂ ਅੱਗ ਨੇ ਸਰਹੱਦ ਦੇ ਨਾਲ ਮੈਕਸੀਕਨ ਸ਼ਹਿਰਾਂ ਦੀ ਸਥਿਤੀ ਨੂੰ ਰੇਖਾਂਕਿਤ ਕੀਤਾ ਹੈ, ਜੋ ਕਿ ਮਈ ਦੇ ਸ਼ੁਰੂ ਵਿੱਚ ਖਤਮ ਹੋਣ ਵਾਲੀ ਮਹਾਂਮਾਰੀ-ਯੁੱਗ ਦੀ ਜਨਤਕ ਸਿਹਤ ਪਾਬੰਦੀ ਦੁਆਰਾ ਸੰਯੁਕਤ ਰਾਜ ਤੋਂ ਵਾਪਸ ਭੇਜੇ ਗਏ ਪ੍ਰਵਾਸੀਆਂ ਨਾਲ ਡੁੱਬ ਗਏ ਹਨ।

ਨੈਸ਼ਨਲ ਮਾਈਗ੍ਰੇਸ਼ਨ ਇੰਸਟੀਚਿਊਟ (ਆਈ.ਐੱਨ.ਐੱਮ.) ਅਨੁਸਾਰ ਅੱਗ ਰਾਤ 10 ਵਜੇ ਤੋਂ ਬਾਅਦ ਲੱਗ ਗਈ ਸੀ। ਏਜੰਸੀ ਦੇ ਅਨੁਸਾਰ, ਇੱਕ ਰਿਹਾਇਸ਼ ਖੇਤਰ ਦੇ ਅੰਦਰ ਅਧਿਕਾਰੀਆਂ ਨੇ ਕਿਹਾ ਕਿ ਇਹ ਉਦੋਂ ਸ਼ੁਰੂ ਹੋਇਆ ਜਦੋਂ ਉਨ੍ਹਾਂ ਨੇ ਸਰਹੱਦੀ ਸ਼ਹਿਰ ਦੀਆਂ ਸੜਕਾਂ ਤੋਂ ਪ੍ਰਵਾਸੀਆਂ ਦੇ ਇੱਕ ਸਮੂਹ ਨੂੰ ਚੁੱਕਿਆ ਅਤੇ ਹਿਰਾਸਤ ਵਿੱਚ ਲਿਆ, ਜੋ ਕਿ ਐਲ ਪਾਸੋ, ਟੈਕਸਾਸ ਤੋਂ ਪਾਰ ਬੈਠੇ ਸਨ।

ਆਈਐਨ ਐਮ ਨੇ ਇੱਕ ਬਿਆਨ ਵਿੱਚ ਕਿਹਾ ਗਿਆ ਕਿ ਸੈਂਟਰਲ ਅਤੇ ਦੱਖਣੀ ਅਮਰੀਕਾ ਦੇ 68 ਆਦਮੀਆਂ ਨੂੰ ਸੁਵਿਧਾ ਵਿੱਚ ਰੱਖਿਆ ਜਾ ਰਿਹਾ ਸੀ, ਅੱਗ ਵਿੱਚ ਜ਼ਖਮੀ ਹੋਏ 29 ਲੋਕਾਂ ਨੂੰ ਐਮਰਜੈਂਸੀ ਦੇਖਭਾਲ ਲਈ ਸਥਾਨਕ ਹਸਪਤਾਲਾਂ ਵਿੱਚ ਲਿਜਾਇਆ ਗਿਆ।

(ਬਾਕੀ ਸਫ਼ਾ 29 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

29 ਮਾਰਚ ਤੋਂ 4 ਅਪ੍ਰੈਲ, 2023

## ਰਵਾਇਤ ਬਨਾਮ ਵਕਤੀ ਸਰੋਕਾਰ

18 ਮਾਰਚ ਤੋਂ ਮਨੋਵਿਗਿਆਨਕ ਹਮਲੇ ਰਾਹੀਂ ਸਿੱਖਾਂ ਨੂੰ ਬਦਨਾਮ ਅਤੇ ਪੰਜਾਬ ਨੂੰ ਦਹਿਸ਼ਤਜਦਾ ਕਰਨ ਲਈ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਏ ਗਏ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਲੰਘੀ 27 ਮਾਰਚ ਨੂੰ ਇਕੱਤਰਤਾ ਸੱਦੀ ਗਈ। ਇਸ ਇਕੱਤਰਤਾ ਬਾਰੇ ਕੁਝ ਸੁਹਿਰਦ ਸੰਘਰਸ਼ੀ ਪੰਥ ਸੇਵਕਾਂ ਦਾ ਵੀ ਬਿਆਨ ਆਇਆ ਜਿਸ ਵਿੱਚ ਕਿਹਾ ਗਿਆ ਕਿ "ਬੇਸ਼ੱਕ ਇਹ ਬਿਪਤਾ ਦਾ ਸਮਾਂ ਹੈ ਤੇ ਸਾਂਝੀ ਵਿਓਂਤਬੰਦੀ ਤੇ ਕਾਰਵਾਈ ਦੀ ਲੋੜ ਵੀ ਹੈ ਪਰ ਪੰਜਾਬ ਵਿੱਚ ਦਿੱਲੀ ਦਰਬਾਰ ਦੀਆਂ ਫੋਰਸਾਂ ਵੱਲੋਂ ਸਿੱਖਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਵਿਰੁਧ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸੱਦੀ ਇਕੱਤਰਤਾ ਬੜੇ ਵੱਡੇ ਦਵੰਧ ਦਾ ਪ੍ਰਗਟਾਵਾ ਹੈ ਕਿਉਂਕਿ ਉਹ ਖ਼ੁਦ ਇਹਨਾਂ ਫੋਰਸਾਂ ਦੇ ਦਸਤਿਆਂ ਦੀ ਸੁਰੱਖਿਆ ਹੇਠ ਹੀ ਹਨ। ਆਪ ਦਿੱਲੀ ਦਰਬਾਰ ਦੀਆਂ ਫੋਰਸਾਂ ਦੀ ਸੁਰੱਖਿਆ ਵਿੱਚ ਬੈਠ ਕੇ ਉਹਨਾਂ ਫੋਰਸਾਂ ਵੱਲੋਂ ਸਿੱਖ ਨੌਜਵਾਨਾਂ ਵਿਰੁਧ ਕੀਤੀ ਜਾ ਰਹੀ ਧੱਕੇਸ਼ਾਹੀ ਵਿਰੁਧ ਇਕੱਤਰਤਾ ਕਰਨ ਦਾ ਸੱਦਾ ਦੇਣਾ ਸਮੁੱਚੀ ਕਾਰਵਾਈ ਨੂੰ ਹੀ ਸਿਧਾਂਤਕ ਤੇ ਨੈਤਿਕ ਸਵਾਲਾਂ ਦੇ ਘੇਰੇ ਵਿਚ ਲਿਆਉਂਦਾ ਹੈ ਤੇ ਗੈਰਵਾਜਿਬ ਬਣਾਉਂਦਾ ਹੈ। ਉਹਨਾਂ ਇਹ ਖਦਸ਼ਾ ਵੀ ਜਾਹਰ ਕੀਤਾ ਕਿ ਇਸ ਮਨੋਵਿਗਿਆਨਕ ਹਮਲੇ ਤੋਂ ਬਾਅਦ ਹੁਣ ਅਸਾਰ ਇਹ ਹਨ ਕਿ ਸਰਕਾਰ ਸਿੱਖ ਸਫਾਂ ਵਿੱਚ ਅਗਵਾਈ ਦੇ ਪੱਧਰ ਉੱਤੇ ਆਪਣੇ ਅਨੁਸਾਰੀ ਤਬਦੀਲੀਆਂ ਲਿਆਉਣ ਦਾ ਅਮਲ ਸ਼ੁਰੂ ਕਰੇਗੀ।

ਬੀਤੇ ਦਿਨੀਂ ਅਕਾਲ ਤਖਤ ਸਾਹਿਬ 'ਤੇ ਇਹ ਇਕੱਠ ਹੋਇਆ ਅਤੇ ਇਸ ਵਿੱਚ ਜੋ ਫੈਸਲਿਆਂ ਦਾ ਐਲਾਨ ਹੋਇਆ ਉਹਨਾਂ ਵਿੱਚ ਕਿਹਾ ਗਿਆ ਕਿ 24 ਘੰਟਿਆਂ ਵਿੱਚ ਸਰਕਾਰ ਫੜ੍ਹੇ ਨੌਜਵਾਨ ਛੱਡੇ, ਐਨ.ਐਸ.ਏ ਹਟਾਈ ਜਾਵੇ, ਹਰੀਕੇ ਤੋਂ ਜ਼ਬਤ ਕੀਤੀਆਂ ਗੱਡੀਆਂ ਤੇ ਹੋਰ ਵਾਹਨ ਵਾਪਸ ਕੀਤੇ ਜਾਣ, ਪੁਲਿਸ ਗੱਡੀਆਂ ਦੀ ਭੰਨ-ਤੋੜ ਕਰਨ ਵਾਲਿਆਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਕੱਦਮਾ ਦਰਜ ਕਰਵਾਏ, ਖਾਲਸਾਈ ਨਿਸ਼ਾਨਾਂ ਨੂੰ ਸਿੱਖ ਆਪਣੇ ਘਰਾਂ 'ਤੇ ਝੁਲਾਉਣ, ਪੁਲਿਸ ਸਿੱਖ ਪੱਤਰਕਾਰਾਂ ਨੂੰ ਧਮਕਾਉਣਾ ਬੰਦ ਕਰੇ, ਬੰਦ ਕੀਤੇ ਸ਼ੋਸ਼ਲ ਮੀਡੀਆ ਖਾਤੇ ਤੇ ਚੈਨਲ ਚਲਾਏ ਜਾਣ, ਸਿੱਖਾਂ ਖਿਲਾਫ ਨਫਰਤ ਫੈਲਾਉਣ ਵਾਲੇ ਚੈਨਲਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਕਮੇਟੀ ਅਦਾਲਤੀ ਕਾਰਵਾਈ ਕਰਵਾਏ ਅਤੇ ਇਹ ਵੀ ਕਿਹਾ ਗਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਖ਼ਾਲਸਾ ਵਹੀਰ ਕੱਢੀ ਜਾਵੇਗੀ। ਇਸ ਤੋਂ ਇਲਾਵਾ ਇਹ ਕਿਹਾ ਗਿਆ ਕਿ ਪਹਿਲਾਂ ਹਿੰਦੂ ਰਾਸ਼ਟਰ ਦੀ ਗੱਲ ਕਰਨ ਵਾਲਿਆਂ 'ਤੇ ਐਨ.ਐਸ.ਏ ਲਗਾਇਆ ਜਾਵੇ ਫਿਰ ਅਸੀਂ ਵੀ ਝੱਲ ਲਵਾਂਗੇ।

ਇਸ ਸਭ ਨੂੰ ਵੇਖਣ ਦੀ ਦੋ ਤਰ੍ਹਾਂ ਦੀ ਪਹੁੰਚ ਬਣਦੀ ਹੈ ਇੱਕ ਕਿ ਫੈਸਲੇ ਕੀ ਹੋਏ ਅਤੇ ਦੂਸਰਾ ਫੈਸਲੇ ਕਰਨ ਦਾ ਤਰੀਕਾ ਕੀ ਅਪਣਾਇਆ ਗਿਆ। ਦੋਵੇਂ ਪਹੁੰਚਾਂ ਵਿੱਚ ਬਹੁਤ ਅੰਤਰ ਹੈ, ਦੋਵੇਂ ਥਾਵਾਂ ਤੋਂ ਗੱਲ ਬਿਲਕੁਲ ਵੱਖਰੀ ਸਮਝ ਆਵੇਗੀ। ਇੱਕ ਗੱਲ ਤਾਂ ਹੁਣ ਬਿਲਕੁਲ ਸਪਸ਼ਟ ਹੈ ਕਿ ਇਹ ਦਿੱਲੀ ਦਰਬਾਰ ਦਾ ਮਨੋਵਿਗਿਆਨਕ ਹਮਲਾ ਸੀ। 'ਨੈਓਮੀ ਕਲੇਨ' ਦੇ 'ਸਦਮਾ ਸਿਧਾਂਤ' ਅਨੁਸਾਰ ਵੱਡੇ ਸੰਕਟ ਦੌਰਾਨ ਹੀ ਵੱਡੀਆਂ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ ਅਤੇ ਉਹਨਾਂ ਦੀ ਪ੍ਰਵਾਨਗੀ ਕਰਵਾ ਲਈ ਜਾਂਦੀ ਹੈ। ਸਦਮੇ 'ਚ ਹੋਣ ਵਕਤ ਬੰਦੇ ਦੀ ਭਾਵੁਕਤਾ ਹਾਵੀ ਹੋ ਜਾਂਦੀ ਹੈ ਜਿਸ ਕਰਕੇ ਮਹਿਜ ਫੌਰੀ ਸਰੋਕਾਰ ਹੱਲ ਕਰਨੇ ਹੀ ਮੁੱਖ ਹੋ ਜਾਂਦੇ ਹਨ। ਵਕਤੀ ਤੌਰ 'ਤੇ ਉਹ ਸਹੀ ਵੀ ਲੱਗ ਰਿਹਾ ਹੁੰਦਾ ਹੈ ਪਰ ਜੇਕਰ ਲੀਹ 'ਤੇ ਤੁਰਦੇ ਰਹਾਂਗੇ ਤਾਂ ਇੱਕ ਦਿਨ ਉਸ ਨੇ ਰਾਹ ਹੀ ਬਣਨਾ ਹੁੰਦਾ ਹੈ, ਸੋ ਇਸ ਕਰਕੇ ਭਵਿੱਖ ਵਿੱਚ ਉਹ ਗਲਤ ਲੀਹਾਂ ਰਾਹ ਬਣ ਜਾਂਦੀਆਂ ਹਨ ਅਤੇ ਵੱਡੀਆਂ ਮੁਸੀਬਤਾਂ ਬੂਹਾ ਖੜਕਾਉਂਦੀਆਂ ਹਨ। ਵਕਤੀ ਸਰੋਕਾਰਾਂ ਦੀ ਥਾਵੇਂ ਇਹ ਨਹੀਂ ਵਿਚਾਰਿਆ ਜਾਂਦਾ ਕਿ ਇਹ ਸਥਿਤੀ ਬਣੀ ਕਿਉਂ? ਅਸਲ ਬਿਮਾਰੀ ਕੀ ਹੈ? ਕੀ ਅਸੀਂ ਬਿਮਾਰੀ ਦਾ ਇਲਾਜ ਕਰ ਰਹੇ ਹਾਂ ਜਾਂ ਬਿਮਾਰੀ ਦੇ ਲੱਛਣਾਂ ਨਾਲ ਹੀ ਜਦੋਜਹਿਦ ਕਰ ਰਹੇ ਹਾਂ?

ਹਾਲ ਹੀ ਵਿੱਚ ਹੋਏ ਫੈਸਲਿਆਂ ਨੂੰ ਸਰਾਹਿਆ ਜਾ ਰਿਹਾ ਹੈ ਕਿਉਂਕਿ ਜਿਆਦਾਤਰ ਹਿੱਸਾ ਹੋਏ ਫੈਸਲਿਆਂ 'ਤੇ ਖੜ੍ਹ ਕੇ ਇਸ ਸਭ ਕਾਸੇ ਨੂੰ ਵੇਖ ਰਿਹਾ ਹੈ। ਜਦੋਂ ਅਸੀਂ ਸਾਡੇ ਫੈਸਲੇ ਕਰਨ ਦੇ ਤਰੀਕਾਕਾਰ ਨੂੰ ਵੇਖਾਂਗੇ ਤਾਂ ਗੱਲ ਹੋਰ ਤਰ੍ਹਾਂ ਸਮਝ ਆਵੇਗੀ। ਸਾਡੀ ਫੈਸਲੇ ਕਰਨ ਦੀ ਵਿਧੀ ਗੁਰਮਤਾ ਹੈ। ਗੁਰਮਤਾ ਕਿਵੇਂ ਕੀਤਾ ਜਾਂਦਾ ਸੀ - ਇੱਕ ਸਿੰਘ ਜੋ ਆਮ ਤੌਰ 'ਤੇ ਸਰਬ ਪ੍ਰਵਾਨਤ ਅਤੇ ਸਤਿਕਾਰਤ ਹਸਤੀ ਹੁੰਦਾ ਸੀ, ਸਰਬੱਤ ਖਾਲਸਾ ਜੀ ਨੂੰ ਮੁੱਦੇ ਤੋਂ ਆਗਾਹ ਕਰਾਉਂਦਾ ਸੀ ਕਿ ਅੱਜ ਖਾਲਸਾ ਜੀ ਨੇ ਕਿਸ ਵਿਸ਼ੇ ਉੱਪਰ ਫ਼ੈਸਲਾ ਕਰਨਾ ਹੈ। ਉਪਰੰਤ ਉਹ ਖਾਲਸਾ ਜੀ ਵਿਚੋਂ ਕਥਨੀ ਕਰਨੀ ਦੇ ਪੂਰੇ ਪੰਜ ਸਿੰਘ ਚੁਣਦਾ ਸੀ ਅਤੇ ਉਨ੍ਹਾਂ ਪੰਜ ਸਿੰਘਾਂ ਪ੍ਰਤੀ ਸੰਗਤ ਵਿੱਚੋਂ ਹੋਕਾ ਦੇ ਕੇ ਇਤਰਾਜ਼ਾਂ ਦੀ ਮੰਗ ਕਰਦਾ ਸੀ। ਕੋਈ ਇਤਰਾਜ਼ ਨਾ ਆਉਣ 'ਤੇ ਉਹ ਪੰਜ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਜ ਜਾਂਦੇ, ਖਾਲਸਾ ਜੀ ਨੂੰ ਵਿਸ਼ੇ ਪ੍ਰਤੀ ਜਾਣੂ ਕਰਵਾਉਣ ਅਤੇ ਪੰਜ ਸਿੰਘਾਂ ਦੇ ਨਾਮ ਪੁਕਾਰਨ ਵਾਲੇ ਸਿੰਘ ਨੂੰ ਸਾਖੀ ਸਿੰਘ ਕਿਹਾ ਜਾਂਦਾ ਸੀ, ਜੋ ਪੰਜ ਸਿੰਘਾਂ ਦੇ ਨਾਵਾਂ 'ਤੇ ਸਹਿਮਤੀ ਬਣਨ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਜਾਂਦਾ ਸੀ। ਫੇਰ ਪੰਜ ਸਿੰਘ ਆਪਣੇ ਵਿੱਚੋਂ ਇੱਕ ਨੁਮਾਇੰਦਾ ਚੁਣ ਕੇ ਕਾਰਵਾਈ ਨੂੰ ਅੱਗੇ ਚਲਾਉਂਦੇ ਸਨ। ਆਮ ਤੌਰ 'ਤੇ ਇਕੱਤਰਤਾ ਵਿੱਚੋਂ ਉਸ ਮੁੱਦੇ ਪ੍ਰਤੀ ਲਗਭਗ ਸਾਰਿਆਂ ਦੀ ਰਾਏ ਲਈ ਜਾਂਦੀ ਸੀ ਉਪਰੰਤ ਪੰਜ ਸਿੰਘ ਦਿੱਤੀ ਗਈ ਰਾਇ ਉਪਰ ਵਿਚਾਰ ਕਰਦੇ ਅਤੇ ਆਪਣਾ ਫ਼ੈਸਲਾ ਸੁਣਾਉਂਦੇ। ਇਸ ਫ਼ੈਸਲੇ ਨੂੰ ਗੁਰਮਤਾ ਕਿਹਾ ਜਾਂਦਾ ਅਤੇ ਇਹ ਗੁਰੂ ਦੇ ਹੁਕਮ ਵਾਂਗ ਅਦਬ ਸਹਿਤ ਮੰਨਿਆ ਜਾਂਦਾ।

ਸੋ ਅੱਜ ਜੋ ਮੁੱਖ ਸਮੱਸਿਆ ਸਾਨੂੰ ਦਰਪੇਸ਼ ਹੈ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਗੁਰੂ ਖਾਲਸਾ ਪੰਥ ਦੀਆਂ ਰਵਾਇਤਾਂ ਅਨੁਸਾਰ ਨਾ ਰਹਿਣ ਅਤੇ ਓਥੋਂ ਪੰਚ ਪ੍ਰਧਾਨੀ ਪ੍ਰਣਾਲੀ ਰਾਹੀਂ ਗੁਰਮਤਾ ਨਾ ਹੋਣ ਦੀ ਹੈ। ਇਸ ਦੇ ਕਾਰਨ ਹੀ ਦਿੱਲੀ ਦਰਬਾਰ ਸਿੱਖਾਂ ਵਿੱਚ ਆਏ ਖਿੰਡਾਓ ਨੂੰ ਲਗਾਤਾਰ ਹੋਰ ਵਧਾਉਂਦਾ ਆ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਖਾਲਸਾ ਪੰਥ ਵੱਲੋਂ ਪੰਚ ਪ੍ਰਧਾਨੀ ਪ੍ਰਣਾਲੀ ਰਾਹੀਂ ਕੀਤਾ ਜਾਂਦਾ ਗੁਰਮਤਾ ਹੀ ਖਾਲਸਾ ਪੰਥ ਦੀ ਸਮੂਹਿਕ ਭਾਵਨਾ ਦਾ ਪ੍ਰਗਟਾਵਾ ਹੈ ਤੇ ਸਿਰਫ ਇਹ ਹੀ ਹੋ ਸਕਦਾ ਹੈ। ਵਕਤੀ ਮਸਲਿਆਂ ਦੇ ਹੱਲ ਲਈ ਸਾਡੀ ਪਹੁੰਚ ਆਪਣੀ ਰਵਾਇਤ ਅਨੁਸਾਰ ਨਾ ਹੋਣ ਕਰਕੇ ਬਣ ਰਹੀਆਂ ਲੀਹਾਂ ਹੀ ਪੱਕੇ ਰਾਹ ਬਣਾ ਜਾਂਦੀਆਂ ਹਨ, ਸੋ ਸਾਨੂੰ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਨੂੰ ਪੰਥਕ ਰਵਾਇਤ ਅਨੁਸਾਰ ਕਰਨ ਵੱਲ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ।

**ਧੰਨਵਾਦ ,**
**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਸ਼੍ਰੋਮਣੀ ਕਮੇਟੀ ਲਈ ਇੱਕ ਪਾਰਲੀਮੈਂਟ ਵਾਂਗ ਕੰਮ ਕਰਨ ਦਾ ਢੁਕਵਾਂ ਸਮਾਂ



ਭਾਈ ਹਰਿਸਿਮਰਨ ਸਿੰਘ
ਮੁਖੀ, ਸੈਂਟਰ ਫ਼ਾਰ ਪੰਥਕ ਕ੍ਰਿਏਟੀਵਿਟੀ, ਸ੍ਰੀ ਅਨੰਦਪੁਰ ਸਾਹਿਬ। ਮੋ. 9872591713



ਇਸ ਵਿਚਾਰ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਪਿਛਲੇ ਦਹਾਕਿਆਂ ਵਿੱਚ ਹੋਈਆਂ ਕਈ ਦੁਖਦ ਘਟਨਾਵਾਂ ਕਾਰਨ ਪੰਜਾਬ ਅਤੇ ਸਿੱਖ ਪੰਥ ਕਈ ਤਰ੍ਹਾਂ ਦੀਆਂ ਉਲਝਣਾਂ ਅਤੇ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ। ਪੰਥ ਦੇ ਸੰਵੇਦਨਸ਼ੀਲ ਅਤੇ ਫ਼ਿਕਰਮੰਦ ਹਲਕਿਆਂ ਵੱਲੋਂ ਪੰਜਾਬ ਨੂੰ ਦਰਪੇਸ਼ ਚੁਨੌਤੀਆਂ ਦਾ ਸਾਹਮਣਾ ਕਰਨ ਲਈ ਕਈ ਪਲੇਟਫ਼ਾਰਮਾਂ ਅਤੇ ਜਥੇਬੰਦੀਆਂ ਦੇ ਮੰਚਾਂ ਤੋਂ ਯਤਨ ਤਾਂ ਹੋ ਰਹੇ ਹਨ, ਪਰ ਕੀ ਕਾਰਨ ਹਨ ਕਿ ਇਤਨੇ ਲੰਮੇ ਸਮੇਂ ਤੋਂ ਵੱਖ-ਵੱਖ ਮੁੱਦਿਆਂ ਬਾਰੇ ਲਗਾਤਾਰ ਸੰਘਰਸ਼ ਲੜਨ ਦੇ ਬਾਵਜੂਦ ਕੋਈ ਸਾਰਥਿਕ ਨਤੀਜੇ ਨਹੀਂ ਨਿਕਲ ਰਹੇ। ਆਖ਼ਰ ਸਿੱਖਾਂ ਵਿੱਚ ਪਸਰੀ ਇਸ ਬੇਚੈਨੀ ਦੇ ਕੀ ਕਾਰਨ ਹਨ? ਸਿੱਖਾਂ ਨਾਲ ਜੁੜੇ ਰਾਜਸੀ, ਧਾਰਮਿਕ, ਆਰਥਿਕ, ਪਾਣੀਆਂ, ਬੇਅਦਬੀਆਂ, ਕਿਸਾਨੀ, ਬੰਦੀ ਸਿੰਘਾਂ ਅਤੇ ਸਮੇਤ ਸਿੱਖ ਅਧਿਕਾਰਾਂ ਦਾ ਇਤਨੇ ਸੰਘਰਸ਼ ਲੜਨ ਤੇ ਲੜੇ ਜਾ ਰਹੇ ਸੰਘਰਸ਼ਾਂ ਦੇ ਬਾਵਜੂਦ ਮਸਲਿਆਂ ਦਾ ਨਿਪਟਾਰਾ ਕਿਉਂ ਨਹੀਂ ਕੀਤਾ ਜਾ ਰਿਹਾ? ਸਪਸ਼ਟ ਹੈ ਕਿ ਜਦੋਂ ਤੱਕ ਕਿਸੇ ਮਸਲੇ ਦੇ ਪੈਦਾ ਹੋਣ ਵਾਲੇ ਕਾਰਨਾਂ ਨੂੰ ਖ਼ਤਮ ਨਹੀਂ ਕੀਤਾ ਜਾਂਦਾ, ਉਹ ਮਸਲੇ ਅਤੇ ਸਮੱਸਿਆਵਾਂ ਸਗੋਂ ਹੋਰ ਪੇਚੀਦਾ ਬਣ ਜਾਂਦੇ ਹਨ। ਸੋ ਮੂਲ ਮੁੱਦਾ ਪੰਥ, ਪੰਜਾਬ ਅਤੇ ਸੰਘਰਸ਼ ਨਾਲ ਜੁੜੇ ਮੁੱਦਿਆਂ ਬਾਰੇ ਗੰਭੀਰ, ਸੰਵੇਦਨਸ਼ੀਲ ਅਤੇ ਸਿਰਜਣਾਤਮਿਕ ਪਹੁੰਚ ਅਪਨਾ ਕੇ ਅਤੇ ਸੰਜੀਦਗੀ ਨਾਲ ਆਪਸੀ ਸੰਵਾਦ ਰਚਾ ਕੇ ਸਾਰੀਆਂ ਧਿਰਾਂ ਦੀ ਸੰਤੁਸ਼ਟੀ ਤੱਕ ਕਿਸੇ ਨਤੀਜੇ ਉੱਤੇ ਪਹੁੰਚਣ ਲਈ ਨਵੇਂ ਰਾਹ ਤਲਾਸ਼ਣ ਦਾ ਬਣ ਗਿਆ ਹੈ।

ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦਾ ਆਪਣਾ ਜੋ ਵੀ ਏਜੰਡਾ ਹੈ ਅਤੇ ਇਸ ਦੀਆਂ ਜੋ ਵੀ ਧਾਰਨਾਵਾਂ ਬਣੀਆਂ ਹੋਈਆਂ ਹਨ, ਉਨ੍ਹਾਂ ਅਨੁਸਾਰ ਇਹ ਸਰਕਾਰ ਕੇਂਦਰ ਦੀ ਬੀ.ਜੇ.ਪੀ. ਸਰਕਾਰ ਨਾਲ ਨਜਿੱਠ ਰਹੀ ਹੈ ਅਤੇ ਜਿਵੇਂ ਵੀ ਹੈ ਪੰਜਾਬ ਦਾ ਪ੍ਰਸ਼ਾਸਨ ਚਲਾ ਰਹੀ ਹੈ। ਪਰ ਸਵਾਲ ਹੈ ਕਿ ਸਿੱਖ ਪੰਥ ਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲਾਂ, ਪੰਥਕ ਧਿਰਾਂ ਸਮੇਤ ਭਾਈ ਅੰਮ੍ਰਿਤਪਾਲ ਸਿੰਘ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਜਗਤਾਰ ਸਿੰਘ ਹਵਾਰਾ, ਸ. ਗਜਿੰਦਰ ਸਿੰਘ ਦਲ ਖ਼ਾਲਸਾ, ਕੌਮੀ ਇਨਸਾਫ਼ ਮੋਰਚਾ ਅਤੇ ਪੰਥਕ-ਧਿਰਾਂ ਆਦਿ ਆਗੂਆਂ ਦੀ ਕਿਹੜੀ ਸੋਚ, ਪਹੁੰਚ ਅਤੇ ਵਿਚਾਰਧਾਰਕ ਦਿਸ਼ਾਵਾਂ ਹਨ, ਜਿਸ ਨਾਲ ਉਹ ਪੰਜਾਬ ਅਤੇ ਸਮੁੱਚੇ ਵਿਸ਼ਵ ਵਿਚ ਫੈਲੇ ਸਿੱਖ ਪੰਥ ਅਤੇ ਕੌਮ ਨੂੰ ਕਿਸੇ ਨਵੇਂ ਸਿਰਜਣਾਤਮਿਕ ਨਤੀਜਾ-ਕੇਂਦਰਿਤ ਸਥਿਤੀਆਂ ਵਿੱਚ ਲੈ ਕੇ ਜਾਣ ਵਿੱਚ ਸਫਲ ਹੋਣ। ਜ਼ਾਹਿਰ ਹੈ ਕਿ ਇਨ੍ਹਾਂ ਅਸਧਾਰਨ ਸਥਿਤੀਆਂ ਵਿੱਚ ਹਰ ਸਬੰਧਿਤ ਧਿਰ ਵੱਲੋਂ ਅਸਧਾਰਨ ਫ਼ੈਸਲੇ ਲੈ ਕੇ ਹੀ ਅੱਗੇ ਵਧਿਆ ਜਾ ਸਕਦਾ ਹੈ।

ਆਮ ਤੌਰ 'ਤੇ ਸਿੱਖ ਧਿਰਾਂ ਵਿੱਚ ਪਈਆਂ ਦੂਰੀਆਂ ਅਤੇ ਫੁੱਟ ਅਤੇ ਹੋਰ ਕਮਜ਼ੋਰੀਆਂ ਆਦਿ ਨੂੰ ਸਿੱਖ ਤਰਾਸਦੀ ਦਾ ਵੱਡਾ ਕਾਰਨ ਸਮਝਿਆ ਜਾਂਦਾ ਹੈ। ਪਰ ਸਵਾਲ ਹੈ ਕਿ ਜੇਕਰ ਇਹ ਫੁੱਟ ਖ਼ਤਮ ਨਹੀਂ ਹੁੰਦੀ ਅਤੇ ਸਮਾਂ ਵੀ ਅਜਾਈਂ ਜਾ ਰਿਹਾ ਹੈ ਤਾਂ ਕੀ ਮਿਸਲਾਂ ਦੇ ਸਮੇਂ ਅਪਣਾਈ ਜਾਂਦੀ ਸਰਬੱਤ ਖ਼ਾਲਸਾ ਪਹੁੰਚ ਨੂੰ ਵਰਤਮਾਨ ਸਥਿਤੀਆਂ ਅਨੁਸਾਰ ਨਵ-ਵਿਆਖਿਆ ਦੇ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਿਖਰੇ ਹੋਏ ਮਣਕਿਆਂ ਨੂੰ ਇਕ ਧਾਗੇ ਅਤੇ ਮੇਰੂ ਦੇ ਮਣਕੇ ਵਾਂਗ ਨਹੀਂ ਪਰੋ ਸਕਦੇ। ਪਰ ਅਠਾਰ੍ਹਵੀਂ ਸਦੀ ਵਾਲੇ ਸਿੰਘਾਂ ਵਰਗੀ ਪਹੁੰਚ ਅਤੇ ਕਿਰਦਾਰ ਕਿਥੋਂ ਲੈ ਕੇ ਆਈਏ? ਜੇਕਰ ਜਥੇਦਾਰ ਸਾਹਿਬ ਅਜਿਹਾ ਕੁਝ ਨਹੀਂ ਕਰਦੇ ਤਾਂ ਫਿਰ ਕੀ ਕਿਸੇ ਹੋਰ ਰਣਜੀਤ ਸਿੰਘ ਦੇ ਉਭਾਰ ਦੀ ਇੰਤਜ਼ਾਰ ਕੀਤੀ ਜਾਵੇ? ਸਿੱਖ ਮਾਨਸਿਕਤਾ ਸਥਿਤੀਆਂ ਨੂੰ ਉਸ ਦਿਸ਼ਾ ਵੱਲ ਕਿਵੇਂ ਵਧਾਵੇ? ਪਰ ਇਕ ਵਿਚਾਰ ਸਪਸ਼ਟ ਹੁੰਦਾ ਜਾ ਰਿਹਾ ਹੈ ਕਿ ਹੁਣ ਸਥਿਤੀਆਂ ਭਵਿੱਖ ਦੇ ਸਿੱਖ ਇਤਿਹਾਸ ਦੀ ਸਿਰਜਣਾ ਬੇਤਰਤੀਬੀ ਵਾਲੀ ਪਹੁੰਚ ਨਾਲ ਨਹੀਂ ਸਗੋਂ ਇਕ ਕਾਰਗਰ ਯੋਜਨਾਬੰਦੀ ਦੀ ਮੰਗ ਕਰਦੀਆਂ ਹਨ। ਅਜਿਹੇ ਯਤਨਾਂ ਲਈ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸਮਾਦੀ-ਪੂਰਬੀ ਚਿੰਤਨ ਅਤੇ ਆਦਰਸ਼ਕ ਸਿੱਖ-ਵਿਸ਼ਵ ਇਤਿਹਾਸ ਵਿਚਾਰਧਾਰਕ ਦਿਸ਼ਾ ਦਿੰਦੇ ਹਨ।

ਪਰ ਬਿੱਲੀ ਗੱਲ ਘੰਟੀ ਕੌਣ ਬੰਨੇ? ਇਹੀ ਉਹ ਵੱਡਾ ਪ੍ਰਸ਼ਨ ਹੈ ਜੋ ਪੰਥਕ ਵਿਦਵਾਨਾਂ ਅਤੇ ਆਗੂਆਂ ਨੂੰ ਨਹੀਂ ਸਮਝ ਲਗ ਰਿਹਾ ਲੀਡਰਸ਼ਿਪ ਦੇ ਮਸਲੇ ਵਿੱਚ 15 ਸਾਲ ਸੱਤਾ ਵਿੱਚ ਰਹਿਣ ਦੇ ਬਾਵਜੂਦ ਹਾਲਾਤ, ਸਥਿਤੀਆਂ ਅਤੇ ਸੱਤ੍ਹਾ ਹੇਠ ਚੱਲ ਰਹੀ ਹਲਚਲ ਨੇ ਭਾਈ ਅੰਮ੍ਰਿਤਪਾਲ ਸਿੰਘ, ਭਾਈ ਜਗਤਾਰ ਸਿੰਘ ਹਵਾਰਾ ਅਤੇ ਭਾਈ ਦਲਜੀਤ ਸਿੰਘ ਬਿੱਟੂ ਨੂੰ ਪੰਥਕ ਮੰਚ ਉੱਤੇ ਉੱਭਾਰਿਆ ਹੈ ਤਾਂ ਬਜਾਇ ਇਨ੍ਹਾਂ ਸਥਿਤੀਆਂ ਦਾ ਸਾਕਾਰਾਤਮਕ ਵਿਸ਼ਲੇਸ਼ਣ ਕਰਨ ਦੇ ਵਧੇਰੇ ਵਿਦਵਾਨ ਤੇ ਆਗੂ ਆਦਿ ਇਨ੍ਹਾਂ ਆਗੂਆਂ ਦਾ ਪੰਥਕ ਪ੍ਰਸੰਗ ਵਿੱਚ ਵਿਸ਼ਲੇਸ਼ਣ ਨਹੀਂ ਕਰ ਰਹੇ। ਸਪਸ਼ਟ ਹੈ ਕਿ ਜਦ ਤੱਕ ਇਨ੍ਹਾਂ ਸਾਰੇ ਹਾਲਾਤ ਦਾ ਸਿੱਖ ਵਿਚਾਰਧਾਰਾ, ਪੰਜਾਬ ਦੇ ਸੱਭਿਆਚਾਰ, ਸਿੱਖੀ ਪਰੰਪਰਾਵਾਂ, ਇਤਿਹਾਸ ਅਤੇ ਵਰਤਮਾਨ ਦੀਆਂ ਲੋੜਾਂ ਆਦਿ ਅਨੁਸਾਰ ਉਸਾਰੂ ਵਿਸ਼ਲੇਸ਼ਣ ਕਰਕੇ ਸਥਿਤੀਆਂ ਤੋਂ ਪਾਰ ਨਹੀਂ ਵੇਖਿਆ ਜਾਏਗਾ, ਤਾਂ ਨਾ ਕੋਈ ਸਾਕਾਰਾਤਮਿਕ ਏਜੰਡਾ ਅਤੇ ਨਾ ਹੀ ਕੋਈ ਦਿਸ਼ਾ ਮਿਲ ਸਕੇਗੀ। ਹਾਲਾਤ ਦੀ ਇਸ ਤਰਾਸਦੀ ਅਤੇ ਗਰਦਿਸ਼ ਵਿੱਚ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਅਨੰਦਪੁਰ ਸਾਹਿਬ ਦਿੱਤੇ ਗਏ ਸੰਦੇਸ਼ਨੁਮਾ ਵਿਚਾਰਾਂ ਨੂੰ ਵੇਖਣਾ ਹੋਏਗਾ।

ਵਰਤਮਾਨ ਵਿੱਚ ਤਤਕਾਲੀ ਕੇਂਦਰ ਸਰਕਾਰ ਅਤੇ ਮੀਡੀਆ ਆਦਿ ਵੱਲੋਂ ਪਹਿਲਾਂ ਵਾਂਗ ਸਿੱਖ ਸੰਸਥਾਵਾਂ, ਵਿਸ਼ੇਸ਼ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ-ਪੰਥਕ ਰਾਜਨੀਤੀ ਤੇ ਸੰਘਰਸ਼ ਨੂੰ ਕਮਜ਼ੋਰ ਕਰਨ ਦਾ ਇਕ ਨਿਯਮਿਤ ਏਜੰਡਾ ਚੱਲ ਰਿਹਾ ਹੈ। ਸੰਨ 2000 ਤੋਂ ਪਹਿਲਾਂ ਵੀ ਇਹ ਯਤਨ ਹੁੰਦੇ ਸਨ, ਪਰ ਉਦੋਂ ਸੁਭਾਗਵੱਸ ਸਾਡੀਆਂ ਇਹ ਸੰਸਥਾਵਾਂ ਖ਼ੁਦ ਸ਼ਕਤੀਸ਼ਾਲੀ ਸਨ, ਪਰ ਹੁਣ ਜਦੋਂ ਵਧੇਰੇ ਕਰਕੇ ਸਿੱਖ ਪੰਥ ਦੇ ਅੰਦਰੂਨੀ ਰਾਜਸੀ ਕਾਰਨਾਂ ਕਰਕੇ ਇਹ ਸੰਸਥਾਵਾਂ ਕਮਜ਼ੋਰ ਹੋ ਗਈਆਂ ਹਨ ਅਤੇ ਸਮੁੱਚੇ ਅਕਾਲੀ ਅਤੇ ਪੰਥਕ ਆਗੂ ਕਈ ਤਰ੍ਹਾਂ ਦੀਆਂ ਉਲਝਣਾਂ ਵਿੱਚ ਫਸੇ ਹੋਏ ਹਨ। ਗਿਆਨੀ ਹਰਪ੍ਰੀਤ ਸਿੰਘ ਖ਼ੁਦ ਭਲੀ ਭਾਂਤ ਜਾਣਦੇ ਹਨ ਕਿ ਇਹਨਾਂ ਅੰਦਰੂਨੀ ਕਾਰਨਾਂ ਕਰਕੇ ਸਿੱਖ ਸੰਸਥਾਵਾਂ ਕਮਜ਼ੋਰ ਹੋਈਆਂ ਹਨ, ਪਰ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਦੇ ਤੇਜ ਅਤੇ ਗੌਰਵ ਨੂੰ ਇਸ ਸਬੰਧੀ ਨਹੀਂ ਵਰਤ ਰਹੇ। ਪਰ ਇਹ ਵਿਚਾਰ ਸਪਸ਼ਟ ਹੈ ਕਿ ਜਦ ਤੱਕ ਸਿੱਖ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਹੋਣ ਦਾ ਖ਼ੁਦ ਕੋਈ ਠੋਸ ਬਾਨਣੂੰ ਨਹੀਂ ਬੰਨ੍ਹਿਆ ਜਾਏਗਾ, ਉਨ੍ਹਾਂ ਦਾ ਬਿਆਨ ਇਤਿਹਾਸ ਦੇ ਵਰਕਿਆਂ ਵਿੱਚ ਗੁਆਚ ਜਾਏਗਾ।

ਸਵਾਲ ਹੈ ਕਿ ਆਖ਼ਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਪੰਥ ਦੀ ਸੰਸਦ ਵਾਂਗ ਕਿਉਂ ਨਹੀਂ ਚਲਾਇਆ ਜਾ ਸਕਦਾ? ਮੈਂ ਮਹਿਸੂਸ ਕਰਦਾ ਹਾਂ ਕਿ ਇੱਕ ਸਸ਼ਕਤੀਕ੍ਰਿਤ ਯੋਜਨਾਬੰਧੀ ਅਤੇ ਪੰਥਕ ਏਜੰਡੇ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਜੇਕਰ ਇੱਕ ਪ੍ਰਤੀਨਿਧ ਖ਼ਾਲਸਾ ਸਦਨ ਵਾਂਗ ਚਲਾਉਣ ਲਈ ਅੰਤ੍ਰਿੰਗ ਕਮੇਟੀ ਦਾ ਮਤਾ ਪਾ ਕੇ ਇੱਕ ਵੱਡੀ ਸ਼ੁਰੂਆਤ ਕਰ ਲਈ ਜਾਏ, ਤਾਂ ਨਵੀਂਆਂ ਪੰਥਕ ਪ੍ਰਾਪਤੀਆਂ ਕਰਨ ਲਈ ਇਹ ਵੱਡੀ ਸ਼ੁਰੂਆਤ ਕੀਤੀ ਜਾ ਸਕਦੀ ਹੈ। ਕਮਜ਼ੋਰ ਵਿਕਟ 'ਤੇ ਖੜੋ ਕੇ ਜੰਗਾਂ ਨਹੀਂ ਜਿੱਤੀਆਂ ਜਾ ਸਕਦੀਆਂ। ਸਮਾਂ ਅਤੇ ਇਤਿਹਾਸ ਸਿੰਘ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੋਂ ਇਕ ਵੱਡੀ ਸਿੰਘ ਗਰਜ ਵਾਲੀ ਪਹਿਲਕਦਮੀ ਦੀ ਆਸ ਰੱਖਦੇ ਹਨ।

ਇਨ੍ਹਾਂ ਅਤੇ ਹੋਰ ਸਰੋਕਾਰਾਂ ਨਾਲ ਸਬੰਧਿਤ ਮੁੱਦਿਆਂ ਬਾਰੇ ਵਿਚਾਰ ਕਰਦਿਆਂ ਮੈਂ ਮਹਿਸੂਸ ਕਰਦਾ ਹਾਂ ਕਿ ਸ਼੍ਰੋਮਣੀ ਕਮੇਟੀ ਦੇ ਇੱਕ ਸਾਲ ਵਿੱਚ ਘੱਟੋ-ਘੱਟ ਤਿੰਨ ਵੱਡੇ ਅਸਲ ਸੈਸ਼ਨ ਬੁਲਾਉਣੇ ਜ਼ਰੂਰੀ ਹਨ। ਇਨ੍ਹਾਂ ਸੈਸ਼ਨਾਂ ਵਿੱਚ ਇਸ ਸਦਨ ਦੇ ਮੈਂਬਰ ਖ਼ਾਲਸਾ ਪੰਥ ਦੇ ਕੁਝ ਵਿਚਾਰਵਾਨਾਂ ਦੇ ਸਹਿਯੋਗ ਨਾਲ ਤਿਆਰ ਕੀਤੇ ਗਏ ਮੁੱਦਿਆਂ ਬਾਰੇ ਏਜੰਡੇ ਨੂੰ ਵਿਚਾਰ ਕਰਨ ਲਈ ਪੇਸ਼ ਕਰਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਵਸ 'ਤੇ ਹੋਣ ਵਾਲਾ ਸੈਸ਼ਨ ਸਿੱਖ ਧਰਮ ਪ੍ਰਚਾਰ-ਪ੍ਰਸਾਰ, ਗੁਰਦੁਆਰਾ ਪ੍ਰਬੰਧ, ਸੰਚਾਰ ਸੰਸਥਾ, ਪੰਜਾਬੀ ਬੋਲੀ ਅਤੇ ਸਾਹਿਤ ਦੇ ਵਿਕਾਸ ਤੇ ਸਿੱਖ ਵਿੱਦਿਆ ਦੀ ਸੰਸਥਾ ਆਦਿ ਬਾਰੇ ਵਿਚਾਰ ਕਰੇ। ਇਸ ਸੈਸ਼ਨ ਵਿੱਚ ਹੀ ਸਿੱਖ ਕਲਾ, ਸਿੱਖ ਮਨੁੱਖੀ ਵਸੀਲੇ ਸਿਰਜਣ ਤੇ ਉਨ੍ਹਾਂ ਦੀਆਂ ਸੇਵਾਵਾਂ ਲੈਣ ਦੀ ਜੁਗਤਿ ਤੇ ਸਿੱਖ ਸਿਹਤ ਸੇਵਾਵਾਂ ਦੇ ਵਿਕਾਸ ਆਦਿ ਬਾਰੇ ਵਿਚਾਰ ਵਟਾਂਦਰਾ ਕਰਕੇ ਗੁਰਮਤਾ ਰੂਪ ਵਿੱਚ ਫ਼ੈਸਲੇ ਲਵੇ ਅਤੇ ਉਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਸਬੰਧਿਤ ਧਿਰਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਕਾਸ਼ ਦਿਹਾੜੇ 'ਤੇ ਹੋਣ ਵਾਲੇ ਸੈਸ਼ਨ ਵਿੱਚ ਸਿੱਖ ਰਾਜਨੀਤੀ, ਸਿੱਖ ਸੱਤਾ, ਭੂ-ਰਾਜਸੀ ਸਥਿਤੀ ਸਿੱਖ ਬੌਧਿਕਤਾ ਤੇ ਵਿਸ਼ਵ ਸਾਹਿਤ (ਬਾਕੀ ਸਫ਼ਾ 31 'ਤੇ)

# ਪੱਗਾਂ ਦੇ ਰੰਗਾਂ ਨਾਲ ਵੀ ਬਦਲਦੇ ਨੇ ਪੰਜਾਬ ਦੀ ਸਿਆਸਤ ਦੇ ਰੰਗ



- ਅਕਾਲੀ ਆਗੂ ਨੀਲੀ ਤੇ ਕਾਂਗਰਸੀ ਆਗੂ ਸਫ਼ੈਦ ਰੰਗ ਦੀ ਪੱਗ ਬੰਨਣ ਨੂੰ ਦਿੰਦੇ ਨੇ ਤਰਜੀਹ
- ਆਮ ਆਦਮੀ ਪਾਰਟੀ ਦੇ ਆਗੂ ਪੀਲੇ ਰੰਗ ਦੀ ਪੱਗ ਬੰਨਕੇ ਬਣਾ ਰਹੇ ਨੇ ਵੱਖਰੀ ਪਹਿਚਾਣ
- ਖੱਬੇ ਪੱਖੀ ਸਿਆਸੀ ਪਾਰਟੀਆਂ ਦੇ ਆਗੂ ਜਿਆਦਾਤਰ ਬੰਨਦੇ ਹਨ ਲਾਲ ਰੰਗ ਦੀ ਪੱਗ
- ਪੰਜਾਬ ਦੀ ਸਿਆਸਤ ਵਿੱਚ ਕਈ ਵਾਰ ਰਾਤੋ ਰਾਤ ਬਦਲ ਜਾਂਦੇ ਹਨ ਪੱਗਾਂ ਦੇ ਰੰਗ



ਕੈਨੇਡਾ ਵਿੱਚ ਨਿਊ ਡੈਮੋਕ੍ਰੇਟਿਵ ਪਾਰਟੀ ਦੇ ਆਗੂ ਅਤੇ ਮੈਂਬਰ ਪਾਰਲੀਮੈਂਟ ਜਗਮੀਤ ਸਿੰਘ ਵੱਲੋਂ ਬੰਨਿਆ ਜਾਂਦਾ ਦੁਮਾਲਾ (ਗੋਲ ਪੱਗ) ਬਾਰੇ ਵੀ ਅਕਸਰ ਚਰਚਾ ਹੁੰਦੀ ਰਹਿੰਦੀ ਹੈ। ਕਿਹਾ ਜਾਂਦਾ ਹੈ ਕਿ ਵਿਸ਼ੇਸ਼ ਮੀਟਿੰਗਾਂ ਸਮੇਂ ਉਹ ਵਿਸ਼ੇਸ਼ ਰੰਗ ਦਾ ਦੁਮਾਲਾ ਸਜਾਉਂਦੇ ਹਨ।



ਜਦੋਂ ਡਾ. ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਸਨ ਤਾਂ ਉਸ ਸਮੇਂ ਉਹਨਾਂ ਵੱਲੋਂ ਬੰਨੀ ਜਾਂਦੀ ਹਲਕੇ ਨੀਲੇ ਭਾਵ ਅਸਮਾਣੀ ਰੰਗ ਦੀ ਪੱਗ ਕਾਫੀ ਪ੍ਰਚਲਿਤ ਹੋ ਗਈ ਸੀ ਅਤੇ ਵੱਡੀ ਗਿਣਤੀ ਸਿੱਖ ਅਸਮਾਣੀ ਰੰਗ ਦੀਆਂ ਪੱਗਾਂ ਬੰਨੀ ਦਿਖਾਈ ਦਿੰਦੇ ਸਨ।



ਪੰਜਾਬ ਦੀ ਸਿਆਸਤ ਦੀ ਜਦੋਂ ਵੀ ਗੱਲ ਤੁਰਦੀ ਹੈ ਤਾਂ ਅਕਸਰ ਸਿਆਸੀ ਆਗੂਆਂ ਦੀਆਂ ਪੱਗਾਂ ਦੇ ਰੰਗਾਂ 'ਤੇ ਵੀ ਜਾ ਪਹੁੰਚਦੀ ਹੈ। ਪੰਜਾਬ ਦੀ ਸਿਆਸਤ ਵਿੱਚ ਪੱਗਾਂ ਦੇ ਰੰਗਾਂ ਦੀ ਪਰੰਪਰਾ ਤੇ ਮਹੱਤਤਾ ਸਿਆਸਤ ਜਿੰਨੀ ਹੀ ਪੁਰਾਣੀ ਹੈ। ਅਕਸਰ ਕਿਹਾ ਜਾਂਦਾ ਹੈ ਕਿ ਪੰਜਾਬ ਵਿੱਚ ਜਦੋਂ ਸਰਕਾਰ ਬਦਲਦੀ ਹੈ ਤਾਂ ਵੱਡੀ ਗਿਣਤੀ ਸਿਆਸੀ ਆਗੂਆਂ ਦੇ ਨਾਲ - ਨਾਲ ਉਹਨਾਂ ਦੇ ਸਮਰਥਕਾਂ ਦੀਆਂ ਪੱਗਾਂ ਦੇ ਰੰਗ ਵੀ ਬਦਲ ਜਾਂਦੇ ਹਨ। ਅਸਲੀਅਤ ਤਾਂ ਇਹ ਹੈ ਕਿ ਬੀਤੇ ਸਮੇਂ ਦੌਰਾਨ ਪੱਗਾਂ ਦੇ ਰੰਗਾਂ ਨਾਲ ਵੀ ਪੰਜਾਬ ਦੀ ਸਿਆਸਤ ਦੇ ਰੰਗ ਬਦਲਦੇ ਰਹੇ ਹਨ।

ਧਾਰਮਿਕ ਨਿਸ਼ਾਨੀ ਹੋਣ ਦੇ ਨਾਲ-ਨਾਲ ਪੱਗ ਦਾ ਸੱਭਿਆਚਾਰ ਵਿੱਚ ਵੀ ਮਹੱਤਵਪੂਰਣ ਸਥਾਨ ਰਿਹਾ ਹੈ।ਇਸਦੇ ਨਾਲ ਹੀ ਪੰਜਾਬ ਦੀ ਸਿਆਸਤ ਵਿੱਚ ਵੀ ਪੱਗ ਦਾ ਬਹੁਤ ਮਹੱਤਵਪੂਰਨ ਸਥਾਨ ਰਿਹਾ ਹੈ। ਪੱਗਾਂ ਦੇ ਕੁਝ ਰੰਗ ਕੁਝ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਪਹਿਚਾਣ ਦਸਦੇ ਰਹੇ ਹਨ। ਅਕਾਲੀ ਰਾਜਨੀਤੀ ਨਾਲ ਨੇੜੇ ਦਾ ਸਬੰਧ ਰੱਖਣ ਵਾਲੇ ਦਸਦੇ ਹਨ ਕਿ ਅਕਾਲੀ ਦਲ ਦੇ ਆਗੂਆਂ ਵੱਲੋਂ ਪਹਿਲਾਂ ਕਾਲੇ ਰੰਗ ਦੀਆਂ ਪੱਗਾਂ ਜਿਆਦਾਤਰ ਬੰਨੀਆਂ ਜਾਂਦੀਆਂ ਸਨ ਪਰ ਬਾਅਦ ਵਿੱਚ ਅਕਾਲੀਆਂ ਨੇ ਆਪਣੀਆਂ ਪੱਗਾਂ ਦਾ ਰੰਗ ਨੀਲਾ ਕਰ ਲਿਆ। ਪੰਜਾਬ ਵਿੱਚ ਕਈ ਸਾਲ ਪਹਿਲਾਂ ਜਦੋਂ ਅਕਾਲੀ ਦਲ ਦੀ ਸਰਕਾਰ ਬਣੀ ਸੀ ਤਾਂ ਅਕਾਲੀਆਂ ਦੀ ਪੱਗ ਵਾਲਾ ਨੀਲਾ ਰੰਗ ਪੰਜਾਬ ਵਿੱਚ ਬਹੁਤ ਪ੍ਰਚਲਿਤ ਹੋ ਗਿਆ ਸੀ ਅਤੇ ਉਸ ਸਮੇਂ ਨੀਲੇ ਰੰਗ ਦੀਆਂ ਪੱਗਾਂ ਦੀ ਭਾਰੀ ਵਿਕਰੀ ਹੋਣ ਕਾਰਨ ਪੰਜਾਬ ਦੀਆਂ ਅਨੇਕਾਂ ਦੁਕਾਨਾਂ ਵਿੱਚ ਨੀਲੇ ਰੰਗ ਦੀਆਂ ਪੱਗਾਂ ਦਾ ਸਟਾਕ ਖਤਮ ਹੋਣ ਦੀਆਂ ਖਬਰਾਂ ਵੀ ਆਈਆਂ ਸਨ। ਅਕਾਲੀਆਂ ਦੀ ਨੀਲੀ ਪੱਗ ਦੇ ਰੰਗ ਨੂੰ 'ਟੌਹੜਾ ਕਲਰ' ਵੀ ਕਿਹਾ ਜਾਂਦਾ ਹੈ ਕਿਉਂਕਿ ਅਕਾਲੀ ਦਲ ਦੇ ਆਗੂ ਜਿਆਦਾਤਰ ਜਿਹੜੇ ਨੀਲੇ ਰੰਗ ਦੀਆਂ ਪੱਗਾਂ ਬੰਨਦੇ ਹਨ, ਉਹ ਨੇਵੀ ਬਲੂ ਨਾਲੋਂ ਕੁਝ ਵੱਖਰਾ ਹੁੰਦਾ ਹੈ, ਜਿਸ ਨੂੰ ਅਕਸਰ ਦੁਕਾਨਦਾਰਾਂ ਵੱਲੋਂ 'ਟੌਹੜਾ ਕਲਰ' ਕਿਹਾ ਜਾਂਦਾ ਹੈ। ਅਸਲ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਇਸੇ ਰੰਗ ਦੀ ਪੱਗ ਪਹਿਣਦੇ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਕਰਕੇ ਹੀ ਉਹਨਾਂ ਦੀ ਪੱਗ ਦੇ ਰੰਗ ਵਰਗੀਆਂ ਪੱਗਾਂ ਦੇ



ਰੰਗ ਦਾ ਨਾਂਅ ਟੌਹੜਾ ਕਲਰ ਪੈ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੁੰਦਿਆਂ ਜਿਸ ਤਰਾਂ ਜਥੇਦਾਰ ਟੌਹੜਾ ਦਾ ਪੰਜਾਬ ਦੀ ਰਾਜਨੀਤੀ ਵਿੱਚ ਕਾਫੀ ਦਬਦਬਾ ਮੰਨਿਆ ਜਾਂਦਾ ਸੀ, ਉਸੇ ਤਰਾਂ ਪੱਗਾਂ ਦੇ ਰੰਗਾਂ ਵਿੱਚ ਉਹਨਾਂ ਵੱਲੋਂ ਬੰਨੀ ਜਾਂਦੀ ਪੱਗ ਦੇ ਰੰਗ ਦਾ ਵੀ ਦਬਦਬਾ ਰਿਹਾ ਹੈ।

ਕਾਂਗਰਸੀ ਆਗੂ ਅਕਸਰ ਸਫੈਦ ਰੰਗ ਦੀ ਪੱਗ ਬੰਨਣ ਨੂੰ ਤਰਜੀਹ ਦਿੰਦੇ ਹਨ ਭਾਵੇਂ ਕਿ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਕਾਂਗਰਸੀਆਂ ਵੱਲੋਂ ਸਫੈਦ ਰੰਗ ਦੇ ਨਾਲ ਕੈਪਟਨ ਅਮਰਿੰਦਰ ਸਿੰਘ ਵਾਂਗੂੰ ਹੋਰਨਾਂ ਰੰਗਾਂ ਦੀਆਂ ਪੱਗਾਂ ਵੀ ਬੰਨਣੀਆਂ ਸ਼ੁਰੂ ਕਰ ਦਿਤੀਆਂ ਗਈਆਂ ਪਰ ਕੈਪਟਨ ਯੁੱਗ ਸ਼ੁਰੂ ਹੋਣ ਤੋਂ ਪਹਿਲਾਂ ਜਿਆਦਾਤਰ ਕਾਂਗਰਸੀ ਚਿੱਟੇ ਰੰਗ ਦੀਆਂ ਪੱਗਾਂ ਹੀ ਬੰਨਦੇ ਸਨ।

ਇਸ ਤਰਾਂ ਖੱਬੇਪੱਖੀ ਸਿਆਸੀ ਪਾਰਟੀਆਂ ਦੇ ਆਗੂ ਜ਼ਿਆਦਾਤਰ ਲਾਲ ਰੰਗ ਦੀਆਂ ਪੱਗਾਂ ਬੰਨਣ ਨੂੰ ਤਰਜੀਹ ਦਿੰਦੇ ਰਹੇ ਹਨ। ਪੰਜਾਬ ਸਮੇਤ ਦੇਸ਼ ਦੀ ਸਿਆਸਤ ਵਿੱਚ ਕਿਸੇ ਸਮੇਂ ਲਾਲ ਪੱਗਾਂ ਵਾਲੇ ਕਾਮਰੇਡਾਂ ਅਤੇ ਖੱਬੇਪੱਖੀਆਂ ਦੀ ਕਾਫੀ ਅਹਿਮੀਅਤ ਮੰਨੀ ਜਾਂਦੀ ਸੀ।

ਹੁਣ ਆਮ ਆਦਮੀ ਪਾਰਟੀ ਦੇ ਆਗੂ ਜਿਆਦਾਤਰ ਪੀਲੀਆਂ ਪੱਗਾਂ ਬੰਨਣ ਨੂੰ ਤਰਜੀਹ ਦਿੰਦੇ ਹਨ। ਇਸ ਤੋਂ ਇਲਾਵਾ ਕਿਸਾਨ ਆਗੂ ਜਿਆਦਾਤਰ ਹਰੇ ਰੰਗ ਦੀਆਂ ਪੱਗਾਂ ਬੰਨਦੇ ਹਨ। ਦੋ ਸਾਲ ਪਹਿਲਾਂ ਦਿੱਲੀ ਵਿਖੇ ਲਗਿਆ ਵਿਸ਼ਾਲ ਕਿਸਾਨ ਧਰਨਾ , ਜਿਸ ਨੂੰ ਇਕ ਵਾਰੀ ਸਿਆਸਤ ਨਾਲ ਜੋੜ ਕੇ ਵੇਖਿਆ ਜਾ ਰਿਹਾ ਸੀ, ਉਸ ਮੌਕੇ ਧਰਨੇ ਵਿੱਚ ਹਰਾ ਅਤੇ ਕੇਸਰੀ ਰੰਗ ਹਾਵੀ ਰਿਹਾ ਸੀ। ਪੰਜਾਬ ਦੇ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਦੀ ਕੱਦੂ ਰੰਗੀ ਪੱਗ ਵੀ ਅਕਸਰ ਚਰਚਾ ਦਾ ਵਿਸ਼ਾ ਬਣਦੀ ਰਹੀ ਹੈ, ਉਹਨਾਂ ਦੀ ਪੱਗ ਨੂੰ ਅਕਸਰ 'ਭੂੰਦੜ ਪੱਗ' ਅਤੇ ਪੱਗ ਦੇ ਰੰਗ ਨੂੰ 'ਭੂੰਦੜ ਕਲਰ' ਵੀ ਕਿਹਾ ਜਾਂਦਾ ਹੈ।

ਪੰਜਾਬ ਵਿੱਚ ਇੱਕ ਸਮੇਂ ਕੇਸਰੀ ਰੰਗਾਂ ਦੀਆਂ ਪੱਗਾਂ ਦਾ ਵੀ ਹੜ੍ਹ ਆ ਗਿਆ ਸੀ ਅਤੇ ਉਸ ਸਮੇਂ ਹਰ ਪਗੜੀਧਾਰੀ ਵਿਅਕਤੀ ਕੇਸਰੀ ਰੰਗ ਦੀ ਪੱਗ ਬੰਨਣ ਨੂੰ ਤਰਜੀਹ ਦੇਣ ਲੱਗ ਪਿਆ ਸੀ। ਇਸ ਸਮੇਂ ਵੀ ਜਿਆਦਾਤਰ ਪਗੜੀਧਾਰੀ ਨੌਜਵਾਨ ਜਿਆਦਾਤਰ ਕੇਸਰੀ ਰੰਗ ਦੀਆਂ ਪੱਗਾਂ ਬੰਨਣ ਨੂੰ ਤਰਜੀਹ ਦਿੰਦੇ ਹਨ।

ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਹੁੰਦੀ ਹੈ ਤਾਂ ਹਰ ਪਾਸੇ ਨੀਲੀਆਂ ਪੱਗਾਂ ਵਾਲੇ ਲੋਕ ਦਿਖਾਈ ਦੇਣ ਲੱਗਦੇ ਹਨ ਅਤੇ ਜਦੋਂ ਪੰਜਾਬ ਵਿੱਚ ਕਾਂਗਰਸ ਸਰਕਾਰ ਹੁੰਦੀ ਹੈ ਤਾਂ ਜਿਆਦਾਤਰ ਲੋਕ ਸਫੈਦ ਪੱਗਾਂ ਬੰਨੀ ਨਜ਼ਰ ਆਉਂਦੇ ਹਨ। ਹੁਣ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਤਾਂ ਆਪ ਆਗੂਆਂ ਸਮੇਤ ਜਿਆਦਾਤਰ ਲੋਕ ਪੀਲੇ ਰੰਗ ਦੀਆਂ ਪੱਗਾਂ ਬੰਨੀ ਦਿਖਾਈ ਦਿੰਦੇ ਹਨ। ਆਪ ਵਿਧਾਇਕ ਤਾਂ ਪੰਜਾਬ ਵਿਧਾਨ ਸਭਾ ਵਿੱਚ ਵੀ ਅਕਸਰ ਪੀਲੇ ਰੰਗ ਦੀਆਂ ਪੱਗਾਂ ਬੰਨੀ ਦਿਖਾਈ ਦਿੰਦੇ ਰਹੇ ਹਨ। ਕਿਹਾ ਜਾਂਦਾ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੀਲੇ ਰੰਗ ਦੀਆਂ ਪੱਗਾਂ ਦੀ ਵਿਕਰੀ ਵੀ ਕਾਫੀ ਵੱਧ ਗਈ ਹੈ।

ਪੱਗਾਂ ਦੇ ਰੰਗ ਤੋਂ ਅਕਸਰ ਪਗੜੀਧਾਰੀ ਵਿਅਕਤੀ ਦੀ ਪਹਿਚਾਣ ਉਸ ਰੰਗ ਦੀ ਪੱਗੜੀ ਬੰਨਣੇ ਵਾਲੇ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਸਮਰਥਕਾਂ ਵਜੋਂ ਕੀਤੀ ਜਾਂਦੀ ਹੈ। ਇਸੇ ਕਾਰਨ ਜਿਹੜੀ ਸਿਆਸੀ ਪਾਰਟੀ ਦੀ ਸਰਕਾਰ ਹੁੰਦੀ ਹੈ, ਜਿਆਦਾਤਰ ਲੋਕ ਉਸੇ ਸਿਆਸੀ ਪਾਰਟੀਆਂ ਦੇ ਆਗੂਆਂ ਦੀਆਂ ਪੱਗਾਂ ਦੇ ਰੰਗ ਦੀਆਂ ਪੱਗਾਂ ਬੰਨਦੇ ਹਨ ਤਾਂ ਕਿ ਸਰਕਾਰੇ ਦਰਬਾਰੇ ਅਤੇ ਆਮ ਜਿੰਦਗੀ ਵਿੱਚ ਵਿਚਰਦਿਆਂ ਉਹਨਾਂ ਨੂੰ ਸੱਤਾਧਾਰੀ ਸਿਆਸੀ ਪਾਰਟੀ ਦਾ ਆਗੂ ਸਮਝਦਿਆਂ ਹੋਰਨਾਂ ਨਾਲੋਂ ਵੱਧ ਮਾਣ ਸਤਿਕਾਰ ਮਿਲੇ। ਇਸ ਤਰਾਂ ਵੱਖ ਵੱਖ ਸਿਆਸੀ ਪਾਰਟੀਆਂ ਦੇ ਸਮਰਥਕਾਂ ਦੀ ਪਹਿਚਾਣ ਉਹਨਾਂ ਦੀਆਂ ਪੱਗਾਂ ਦੇ ਰੰਗਾਂ ਤੋਂ ਵੀ ਕੀਤੀ ਜਾਂਦੀ ਹੈ।

ਇਸ ਤਰਾਂ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਸਿਆਸਤ 'ਤੇ ਪੱਗਾਂ ਦੇ ਰੰਗਾਂ ਦਾ ਕਾਫੀ ਪ੍ਰਭਾਵ ਰਿਹਾ ਹੈ। ਕਈ ਵਾਰ ਪੰਜਾਬ ਦੇ ਸੀਨੀਅਰ ਆਗੂਆਂ ਵੱਲੋਂ ਰਾਤੋਂ ਰਾਤ ਆਪਣੀਆਂ ਪੱਗਾਂ ਦਾ ਰੰਗ ਬਦਲ ਕੇ ਪੰਜਾਬ ਦੀ ਸਿਆਸਤ ਵਿੱਚ ਵੱਡੇ ਉਲਟਫੇਰ ਵੀ ਕੀਤੇ

## ਪੱਗ ਦਾ ਇਤਿਹਾਸ



ਸਿੱਖ | ਅਰਬ | ਅਫ਼ਗਾਨ | ਮੁਸਲਿਮ

ਪੱਗ ਬੰਨਣ ਦੀ ਸ਼ੁਰੂਆਤ ਤਾਂ ਈਸਾ ਮਸੀਹ ਤੋਂ ਹਜ਼ਾਰਾਂ ਸਾਲ ਪਹਿਲਾਂ ਹੀ ਹੋ ਗਈ ਸੀ। ਇਸ ਦਾ ਸਭ ਤੋਂ ਵੱਡਾ ਸਬੂਤ ਚੀਨ 'ਚ 184 ਈਸਵੀ ਪੂਰਵ ਵਿੱਚ ਕੀਤਾ ਗਿਆ ਵਿਦਰੋਹ ਸੀ।ਪੱਗ ਨੂੰ ਦਸਤਾਰ ਵੀ ਕਿਹਾ ਜਾਂਦਾ ਹੈ।

ਸਿੱਖ ਧਰਮ ਦਾ ਦਸਤਾਰ ਨਾਲ ਸਬੰਧ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਰਿਹਾ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਸਤਾਰ ਜ਼ਰੂਰੀ ਕਰਨ ਤੋਂ ਪਹਿਲਾਂ ਵੀ ਸਾਰੇ ਗੁਰੂ ਸਹਿਬਾਨਾਂ ਨੇ ਦਸਤਾਰ ਸਜਾ ਕੇ ਰੱਖੀ ਹੈ।

ਸਿੱਖ ਗੁਰੂਆਂ ਤੋਂ ਬਾਅਦ ਸਿੱਖ ਇਤਿਹਾਸ ਵਿੱਚ ਸਾਰੀਆਂ ਮਹੱਤਵਪੂਰਣ ਸ਼ਖਸ਼ੀਅਤਾਂ ਦਸਤਾਰ-ਧਾਰੀ ਰਹੀਆਂ ਹਨ।ਅਜੌਕੇ ਸਮੇਂ ਵਿੱਚ ਵੀ ਸਿੱਖਾਂ ਨੇ ਆਪਣਾ ਦਸਤਾਰ ਦਾ ਹੱਕ ਹਾਸਲ ਕਰਨ ਲਈ ਬਹੁਤ ਘਾਲਣਾ ਘਾਲੀਆਂ ਹਨ।

ਪੱਗਾਂ ਦੇ ਇਤਿਹਾਸ ਦੇ ਪੰਨੇ ਫਰੋਲਦਿਆਂ ਪਤਾ ਚੱਲਦਾ ਹੈ ਕਿ ਪੱਗਾਂ ਦੀ ਸ਼ੁਰੂਆਤ ਮੱਧ ਪੂਰਬ ਵਿੱਚ ਹੋਈ ਸੀ। ਕੁਝ ਪ੍ਰਾਚੀਨ ਸਭਿਅਤਾਵਾਂ ਜਿਵੇਂ ਕਿ ਮੇਸੋਪੋਟੇਮੀਆ, ਸੁਮੇਰੀਅਨ ਅਤੇ ਬੇਬੀਲੋਨੀਅਨ ਨੇ ਸਪੱਸ਼ਟ ਤੌਰ 'ਤੇ ਪੱਗਾਂ ਦੀ ਵਰਤੋਂ ਕੀਤੀ ਸੀ।400-600 ਦੌਰਾਨ ਬਿਜ਼ੰਤੀਨੀ ਫੌਜ ਦੇ ਸਿਪਾਹੀਆਂ ਦੁਆਰਾ ਅਤੇ ਨਾਲ ਹੀ ਬਿਜ਼ੰਤੀਨੀ ਨਾਗਰਿਕਾਂ ਦੁਆਰਾ ਵੀ ਪੱਗਾਂ ਬੰਨੀਆਂ ਜਾਂਦੀਆਂ ਸਨ।

# ਪੰਜਾਬੀਆਂ ਦੀ ਬਦਲ ਰਹੀ ਹੈ ਜੀਵਨ ਸ਼ੈਲੀ



- ਘਰਾਂ ਦੀਆਂ ਛੱਤਾਂ ’ਤੇ ਬਣਾਏ ਜਹਾਜ਼, ਟਰੈਕਟਰ ਅਤੇ ਕਈ ਹੋਰ ਕਲਾਕ੍ਰਿਤੀਆਂ
- ਪੰਜਾਬ ’ਚ ਕਿੱਲੇ ਵੇਚ ਕੇ ਕਿਲੇ ਬਣਾਉਣ ਦਾ ਵਧਿਆ ਰੁਝਾਨ




ਸਮਾਂ ਕਦੇ ਰੁਕਦਾ ਨਹੀਂ, ਸਮਾਂ ਹਮੇਸ਼ਾ ਚੱਲਦਾ ਰਹਿੰਦਾ ਹੈ, ਸਮੇਂ ਦੇ ਬਦਲਣ ਅਨੁਸਾਰ ਹੀ ਲੋਕਾਂ ਦੀ ਜੀਵਨ ਸ਼ੈਲੀ ਅਤੇ ਰਹਿਣ ਸਹਿਣ ਵਿੱਚ ਵੀ ਫਰਕ ਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਬਾਰਾਂ ਕੋਹਾਂ ’ਤੇ ਬੋਲੀ ਤੇ ਪਹਿਰਾਵਾ ਤਾਂ ਬਦਲਦੇ ਹੀ ਹਨ, ਲੋਕਾਂ ਦੀ ਸੋਚ ਵੀ ਬਦਲੀ ਜਿਹੀ ਲੱਗਦੀ ਹੈ, ਭਾਵੇਂ ਕਿ ਇੰਟਰਨੈਟ ਕਰਕੇ ਹੁਣ ਦੁਨੀਆਂ ਇੱਕ ਗਲੋਬਲ ਪਿੰਡ ਜਿਹਾ ਹੀ ਤਾਂ ਬਣ ਗਈ ਹੈ, ਪਰ ਜਿਹੜੇ ਲੋਕ ਕੰਪਿਊਟਰ ਤੇ ਇੰਟਰਨੈਟ ਦੀ ਵਰਤੋਂ ਨਹੀਂ ਕਰਦੇ, ਉਹਨਾਂ ਲਈ ਤਾਂ ਅਜੇ ਵੀ ਹਰ ਚੀਜ਼ ਪਹਿਲਾਂ ਵਰਗੀ ਹੈ, ਹਾਂ! ਹੋਰਨਾਂ ਲੋਕਾਂ ਵਿੱਚ ਆਈ ਤਬਦੀਲੀ ਵੇਖਕੇ ਉਹ ਹੈਰਾਨ ਜਿਹੇ ਜ਼ਰੂਰ ਹੁੰਦੇ ਹਨ।

ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਪੰਜਾਬ ਨੇ ਸਨਅਤੀ, ਹੌਜ਼ਰੀ, ਵਿਦਿਅਕ ਤੇ ਹੋਰ ਖੇਤਰਾਂ ਵਿੱਚ ਅਹਿਮ ਤਰੱਕੀ ਕੀਤੀ ਹੈ। ਜਿਸਦਾ ਸਬੂਤ ਲੁਧਿਆਣਾ ਤੇ ਹੋਰ ਸ਼ਹਿਰਾਂ ਵਿੱਚ ਚਲਦੇ ਕਾਰਖਾਨੇ, ਫੈਕਟਰੀਆਂ ਅਤੇ ਹਰ ਸ਼ਹਿਰ ਤੇ ਪਿੰਡ ਵਿੱਚ ਖੁੱਲੇ ਸਕੂਲ /ਕਾਲਜਾਂ ਤੋਂ ਵੀ ਮਿਲ ਜਾਂਦੀ ਹੈ ਪਰ ਪੰਜਾਬ ਦੇ ਵਿਕਾਸ ਦੀ ਤਸਵੀਰ ਦਾ ਦੂਜਾ ਪਾਸਾ ਬੜਾ ਭਿਅੰਕਰ ਰੂਪ ਪੇਸ਼ ਕਰ ਰਿਹਾ ਹੈ। ਇੱਕ ਪਾਸੇ ਵਾਹੀਯੋਗ ਜ਼ਮੀਨ ਕਿੱਲਿਆਂ ਦੇ ਕਿੱਲੇ ਦੇ ਹਿਸਾਬ ਨਾਲ ਵੇਚੀ ਜਾ ਰਹੀ ਹੈ, ਦੂਜੇ ਪਾਸੇ ਇਸ ਵਾਹੀਯੋਗ ਜ਼ਮੀਨ ਉਪਰ ਬਹੁਮੰਜ਼ਲੀ ਇਮਾਰਤਾਂ ਦੀ ਉਸਾਰੀ ਹੋ ਰਹੀ ਹੈ। ਹਰ ਸ਼ਹਿਰ, ਕਸਬੇ ਤੇ ਪਿੰਡਾਂ ਵਿੱਚ ਹਰ ਪਾਸੇ ਹੀ ਖੇਤੀਬਾੜੀ ਵਾਲੀ ਜ਼ਮੀਨ ਉਪਰ ਹੀ ਬਹੁਮੰਜ਼ਿਲੀ ਇਮਾਰਤਾਂ ਦੀ ਉਸਾਰੀ ਹੋ ਰਹੀ ਹੈ, ਜਿਸਨੂੰ ਵਿਕਾਸ ਦਾ ਨਾਂਅ ਦਿੱਤਾ ਜਾ ਰਿਹਾ ਹੈ।

ਇੱਕ ਪਾਸੇ ਖੇਤੀਯੋਗ ਉਪਜਾਊ ਜ਼ਮੀਨ ਘੱਟਦੀ ਜਾ ਰਹੀ ਹੈ, ਜਿਸ ਨਾਲ ਖੇਤੀ ਹੇਠ ਰਕਬਾ ਘੱਟ ਰਿਹਾ ਹੈ ਅਤੇ ਫਸਲਾਂ ਦੀ ਪੈਦਾਵਾਰ ਘੱਟ ਰਹੀ ਹੈ, ਦੂਜੇ ਪਾਸੇ ਪੰਜਾਬੀਆਂ ਵਿੱਚ ਆਲੀਸ਼ਾਨ ਅਤੇ ਵੱਡੇ- ਵੱਡੇ ਘਰ ਬਣਾਉਣ ਦਾ ਰੁਝਾਨ ਵੱਧਦਾ ਹੀ ਜਾ ਰਿਹਾ ਹੈ। ਪੰਜਾਬ ਦੇ ਕਿਸੇ ਵੀ ਪਿੰਡ ਜਾ ਕੇ ਵੇਖ ਲਓ, ਹਰ ਪਿੰਡ ਵਿੱਚ ਹੀ ਆਲੀਸ਼ਾਨ ਘਰ ਬਣੇ ਨਜ਼ਰ ਆਉਣਗੇ। ਹੁਸ਼ਿਆਰਪੁਰ ਤੋਂ ਲੈ ਕੇ ਬਠਿੰਡਾ ਤੱਕ ਦੂਰੀ ਤਾਂ ਬਹੁਤ ਹੈ,ਪਰ ਇਹਨਾਂ ਇਲਾਕਿਆ ਦੀ ਇੱਕ ਗਲ ਸਾਂਝੀ ਹੈ ਕਿ ਇਨ੍ਹਾਂ ਇਲਾਕਿਆ ਦੇ ਨਾਲ- ਨਾਲ ਰਾਹ ਵਿੱਚ ਹੋਰਨਾਂ ਪਿੰਡਾਂ-ਸ਼ਹਿਰਾਂ ਵਿੱਚ ਹੁਣ ਕੱਚੇ ਘਰ ਨਹੀਂ ਰਹੇ, ਸਗੋਂ ਪੱਕੇ ਘਰ ਬਣਨ ਦੇ ਨਾਲ -ਨਾਲ ਆਲੀਸ਼ਾਨ ਕਿਲੇ ਅਤੇ ਮਹੱਲਾਂ ਵਰਗੇ ਘਰ ਬਣ ਗਏ ਹਨ। ਕਿਸੇ ਵੀ ਪਿੰਡ ਜਾ ਕੇ ਵੇਖ ਲਉ ਜਾਂ ਫਿਰ ਕਿਸੇ ਸ਼ਹਿਰ ਕਸਬੇ ਵਿੱਚ ਕਿਸੇ ਵੀ ਗਲੀ ਵਿੱਚ ਜਾਓ ਤਾਂ ਹਰ ਪਾਸੇ ਹੀ ਤੁਹਾਨੂੰ ਵੱਡੇ ਵੱਡੇ ਤੇ ਉਚੇ ਆਲੀਸ਼ਾਨ ਘਰ







ਨਜ਼ਰ ਆਉਣਗੇ। ਇਹ ਵੱਖਰੀ ਗਲ ਹੈ ਕਿ ਵੱਡੀ ਗਿਣਤੀ ਮਹੱਲਾਂ ਵਰਗੇ ਘਰਾਂ ਵਿੱਚ ਜਿੰਦਗੀ ਨਹੀਂ ਧੜਕਦੀ। ਇਹਨਾਂ ਬੰਗਲਿਆਂ ਤੇ ਮੱਹਲਾਂ ਦੇ ਵਸਨੀਕ ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ ਵਿੱਚ ਵਸੇ ਹੋਏ ਹਨ। ਉਹ ਤਾਂ ਸਾਲ ਬਾਅਦ ਜਾਂ ਫਿਰ ਪੰਜ ਕੁ ਸਾਲ ਬਾਅਦ ਪੰਜਾਬ ਗੇੜੀ ਮਾਰਦੇ ਹਨ ।

ਸੱਤ ਸਮੁੰਦਰ ਪਾਰ ਵੱਖ- ਵੱਖ ਮੁਲਕਾਂ ਵਿੱਚ ਵਸੇ ਪੰਜਾਬੀਆਂ ਨੇ ਆਪਣੇ ਪੰਜਾਬ ਵਿੱਚ ਬਣਾਏ ਹੋਏ ਮਹੱਲਾਂ ਵਰਗੇ ਆਲੀਸ਼ਾਨ ਘਰਾਂ / ਕੋਠੀਆਂ ਉਪਰ ਕਿਸੇ ਨੇ ਹਵਾਈ ਜਹਾਜ਼ ਬਣਾ ਰਖਿਆ ਹੈ, ਕਿਸੇ ਨੇ ਟੈਂਕ, ਕਿਸੇ ਨੇ ਸਮੁੰਦਰੀ ਜਹਾਜ਼, ਕਿਸ਼ਤੀਆਂ ਬਣਾ ਰਖੇ ਹਨ, ਕਿਸੇ ਐਨ ਆਰ ਆਈ ਪੰਜਾਬੀ ਨੇ ਆਪਣੇ ਘਰ ਦੀ ਛੱਤ ਉਪਰ ਬਲਦਾਂ ਦੀ ਜੋੜੀ ਬਣਾ ਰੱਖੀ ਹੈ, ਕਿਸੇ ਨੇ ਆਪਣੇ ਘਰ ਦੀ ਛੱਤ ’ਤੇ ਘੋੜਾ ਬਣਾ ਰਖਿਆ ਹੈ, ਕਿਸੇ ਨੇ ਕਾਰ ਅਤੇ ਕਿਸੇ ਨੇ ਫੁੱਟਬਾਲ ਅਤੇ ਕੁਝ ਹੋਰ। ਬਠਿੰਡਾ ਤੇ ਫਰੀਦਕੋਟ ਜ਼ਿਲਿਆਂ ਦੇ ਪਿੰਡ ਬਾਦਲ, ਲੰਬੀ, ਸਿੱਖ ਵਾਲਾ, ਬਰਨਾਲਾ ਜ਼ਿਲ੍ਹੇ ਦੇ ਪਿੰਡਾਂ ਭਦੌੜ, ਸ਼ਹਿਣਾ, ਸੇਖਾ, ਰੰਗੀਆਂ, ਮੂਲੋਵਾਲ, ਹੰਡਿਆਇਆ, ਸੰਗਰੂਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ, ਮੋਹਾਲੀ ਜ਼ਿਲ੍ਹੇ ਦੇ ਪਿੰਡਾਂ ਮੁੱਲਾਂਪੁਰ ਗਰੀਬਦਾਸ, ਕੁੱਬਾਹੇੜੀ, ਖ਼ਿਜ਼ਰਾਬਾਦ, ਜਲੰਧਰ ਜ਼ਿਲ੍ਹੇ ਦੇ ਪਿੰਡਾਂ ਤੱਲਣ, ਜੈਜੋਂ ਦੁਆਬਾ, ਨੰਗਲ ਸ਼ਾਮਾਂ, ਰਾਮਾ ਮੰਡੀ, ਖਜ਼ੂਰਲਾ, ਜੰਡੂ ਸਿੰਘਾ, ਬੋਲੀਨਾ ਦੋਆਬਾ ਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡਾਂ/ ਕਸਬਿਆਂ ਮਾਹਿਲਪੁਰ, ਚੱਬੇਵਾਲ ਤੇ ਹੋਰਨਾਂ ਇਲਾਕਿਆਂ ਵਿੱਚ ਜਿਥੇ ਮਰਜ਼ੀ ਨਜ਼ਰ ਮਾਰ ਲਵੋ ਤਾਂ ਹਰ ਪਾਸੇ ਹੀ ਆਲੀਸ਼ਾਨ ਮਹੱਲਾਂ ਵਰਗੀਆਂ ਕੋਠੀਆਂ ਨਜ਼ਰ ਆ ਜਾਣਗੀਆਂ। ਹਾਲ ਤਾਂ ਇਹ ਹੈ ਕਿ ਜਿਹੜੇ ਖੇਤਾਂ



ਵਿੱਚ ਕੁਝ ਦਹਾਕੇ ਪਹਿਲਾਂ ਸਿਰਫ ਕੱਚਾ ਕੋਠਾ ਹੀ ਹੁੰਦਾ ਸੀ, ਹੁਣ ਉਸੇ ਖੇਤ ਵਿੱਚ ਵਿਚਾਲੇ ਜਿਹੇ ਕਈ ਮੰਜ਼ਿਲੀ ਮਹੱਲ ਮੁਨਾਰੇ ਬਣ ਗਏ ਹਨ। ਹਾਲ ਤਾਂ ਇਹ ਹੈ ਕਿ ਦਿਨੋਂ ਦਿਨ ਕਿੱਲੇ ਘੱਟ ਰਹੇ ਹਨ ਅਤੇ ਕਿਲੇ ਵਰਗੇ ਘਰ ਵੱਧ ਰਹੇ ਹਨ।

ਪਹਿਲਾਂ ਉਚੀਆਂ ਕੰਧਾਂ ਵਾਲੇ ਮਕਾਨ ਲੋਕਾਂ ਦੀ ਪਸੰਦ ਸਨ ਤੇ ਘਰ ਦਾ ਪੜ੍ਹਦਾ ਉਚੀਆਂ ਕੰਧਾਂ ਕਾਰਨ ਰਹਿੰਦਾ ਸੀ ਪਰ ਹੁਣ ਤਾਂ ਹਾਲ ਇਹ ਹੈ ਕਿ ਨੀਵੀਆਂ ਕੰਧਾਂ ਵਾਲੀਆਂ ਕੋਠੀਆਂ ਹਰ ਕਿਸੇ ਦੀ ਪਹਿਲੀ ਪਸੰਦ ਬਣ ਗਈ ਹੈ। ਗਲ ਕੀ , ਹੁਣ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਢੇਰਾਂ ਅੰਤਰ ਆ ਗਿਆ ਹੈ । ਕੁੜਤੇ ਪਜ਼ਾਮੇ ਪਾਉਣ ਵਾਲੇ ਬੰਦੇ ਜੀਨ ਤੇ ਬਰਾਂਡਿਡ ਸ਼ਰਟਾਂ ਤੋਂ ਘੱਟ ਗਲ ਨਹੀਂ ਕਰਦੇ। ਬੂਟ, ਬੈਲਟਾਂ ਵੀ ਮੈਚਿੰਗ ਕਰਕੇ ਲਈਆਂ ਜਾਂਦੀਆਂ ਹਨ। ਗੱਡੀ ਦੇ ਰੰਗ ਨਾਲ ਮਿਲਦੇ ਕੱਪੜੇ ਪਾਏ ਜਾਂਦੇ ਹਨ। ਹਾਲ ਤਾਂ ਇਹ ਹੈ ਕਿ ਖਰਚੇ ਵੱਧ ਰਹੇ ਹਨ, ਆਮਦਨੀ ਘੱਟ ਰਹੀ ਹੈ। ਧਰਮਸ਼ਾਲਾਵਾਂ ਤੇ ਘਰਾਂ ਵਿੱਚ ਹੀ ਹੁੰਦੇ ਵਿਆਹ ਹੁਣ ਮੈਰਿਜ ਪੈਲੇਸਾਂ ਅਤੇ ਹੋਟਲਾਂ ਵਿੱਚ ਹੁੰਦੇ ਹਨ, ਜਿਹਨਾਂ ਉਪਰ ਖਰਚਾ ਕਾਫੀ ਹੁੰਦਾ ਹੈ। ਕਈ ਲੋਕ ਤਾਂ ਕਰਜ਼ਾ ਚੁੱਕ ਕੇ ਆਪਣੇ ਧੀਆਂ ਤੇ ਪੁੱਤਰਾਂ ਦਾ ਆਲੀਸ਼ਾਨ ਵਿਆਹ ਕਰਦੇ ਹਨ ਤੇ ਫਿਰ ਸਾਰੀ ਉਮਰ ਕਰਜ਼ਾ ਉਤਾਰਨ ਵਿੱਚ ਹੀ ਲਗਾ ਦਿੰਦੇ ਹਨ। ਹਾਲ ਤਾਂ ਇਹ ਹੈ ਕਿ ਹਰ ਪਾਸੇ ਹੀ ਕਰਜ਼ੇ ਦੀ ਦਲ - ਦਲ ਵਿੱਚ ਲੋਕ ਫਸਦੇ ਜਾ ਰਹੇ ਹਨ। ਕਰਜ਼ੇ ਉਪਰ ਲਏ ਵਾਹਨ ਵੀ ਤਾਂ ਕਰਜ਼ਾ ਹੀ ਹੁੰਦਾ ਹੈ। ਜਿਸਦੀਆਂ ਕਿਸ਼ਤਾਂ ਕਈ -ਕਈ ਸਾਲ ਚਲਦੀਆਂ ਰਹਿੰਦੀਆਂ ਹਨ, ਪਹਿਲਾਂ ਇੱਕ ਗੱਡੀ ਵਿੱਚ ਹੀ ਪੂਰਾ ਪਰਿਵਾਰ ਸਫਰ ਕਰਦਾ ਹੁੰਦਾ ਸੀ, ਹੁਣ ਪਰਿਵਾਰ ਦੇ ਹਰ ਮੈਂਬਰ ਕੋਲ ਆਪਣੀ ਗੱਡੀ ਹੈ। ਇਸ ਤਰਾਂ ਪੰਜਾਬ ਦੇ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਬਹੁਤ ਜਿਆਦਾ ਤਬਦੀਲੀ ਆ ਗਈ ਹੈ।

ਪੰਜਾਬ ਵਿੱਚ ਤਾਂ ਹਰ ਕੋਈ ਵਿਦੇਸ਼ ਜਾਣਾ ਚਾਹੁੰਦਾ ਹੈ ਅਤੇ ਹਰ ਕੋਈ ਹੀ ਮਹੱਲ ਵਰਗਾ ਘਰ ਬਣਾਉਣਾ ਚਾਹੁੰਦਾ ਹੈ। ਕਈ ਲੋਕ ਤਾਂ ਚੰਗੇ ਭਲੇ ਘਰਾਂ ਨੂੰ ਵੀ ਢਾਹ ਕੇ ਨਵੇਂ ਘਰ ਬਣਾ ਰਹੇ ਹਨ। ਗਲ ਕੀ ਹਰ ਪਾਸੇ ਹੀ ਹੁਣ ਆਲੀਸ਼ਾਨ ਘਰ ਨਜ਼ਰ ਆ ਰਹੇ ਹਨ,ਜੋ ਕਿ ਪੰਜਾਬੀਆਂ ਦੀ ਖੁਸ਼ਹਾਲੀ ਦਾ ਪ੍ਰਤੀਕ ਹਨ। ਦੂਜੇ ਪਾਸੇ ਮਹਿੰਗੀਆਂ ਗੱਡੀਆਂ ਵਿੱਚ ਘੁੰਮਦੇ ਮੁੰਡੇ ਕੋਈ ਕੰਮ ਧੰਦਾ ਕਰਨ ਦੀ ਥਾਂ ਐਸ਼ਪ੍ਰਸ਼ਤੀ ਵਿੱਚ ਜ਼ਿਆਦਾ ਪਏ ਹੋਏ ਹਨ, ਜਿਸ ਕਾਰਨ ਬੇਰੋਜ਼ਗਾਰੀ ਵੀ ਵੱਧ ਰਹੀ ਹੈ, ਹੋਰ ਵੀ ਕਈ ਤਰਾਂ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਹਰ ਪਿੰਡ ਦੇ ਖੇਤਾਂ ਵਿੱਚ ਹੀ ਹੁਣ ਤਾਂ ਟਿਊਬਵੈਲ ਵਾਲੇ ਕੋਠਿਆਂ ਤੋਂ ਥੋੜੀ ਦੂਰ ਆਲੀਸ਼ਾਨ ਘਰ ਨਜ਼ਰ ਆ ਰਹੇ ਹਨ। ਦਿਨੋਂ ਦਿਨ ਖੇਤੀ ਹੇਠ ਰਕਬਾ ਘਟ ਰਿਹਾ ਹੈ, ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦਸੇਗਾ ਕਿ ਕਿੱਲੇ ਵੇਚਕੇ ਕਿਲੇ ਬਣਾਉਣ ਦਾ ਵੱਧ ਰਿਹਾ ਰੁਝਾਨ ਕੀ ਗੁਲ ਖਿਲਾਵੇਗਾ। ਕੁੱਝ ਲੋਕ ਇਸਨੂੰ ਪੰਜਾਬੀਆਂ ਦੀ ਤਰੱਕੀ ਨਾਲ ਜੋੜ ਰਹੇ ਹਨ ਅਤੇ ਕੁੱਝ ਲੋਕ ਆਉਣ ਵਾਲੇ ਸਮੇਂ ਲਈ ਇਸਨੂੰ ਠੀਕ ਨਹੀਂ ਸਮਝਦੇ। ਹੁਣ ਭਵਿੱਖ ਦੇ ਢਿੱਡ ਵਿੱਚ ਕੀ ਹੈ, ਇਹ ਕਿਸੇ ਨੂੰ ਨਹੀਂ ਪਤਾ। ਹਾਂ! ਹੁਣ ਆਲੀਸ਼ਾਨ ਇਮਾਰਤਾਂ, ਮਹਿੰਗੀਆਂ ਤੇ ਵੱਡੀਆਂ ਗੱਡੀਆਂ ਵੇਖਕੇ ਹਰ ਇੱਕ ਆਮ ਵਿਅਕਤੀ ਦਾ ਦਿਲ ਜ਼ਰੂਰ ਖ਼ੁਸ਼ ਹੋ ਜਾਂਦਾ ਹੈ ਅਤੇ ਹਰ ਆਮ ਵਿਅਕਤੀ ਵੀ ਅਜਿਹਾ ਸਭ ਕੁਝ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਅਜਿਹੀਆਂ ਚੀਜ਼ਾਂ ਦੇ ਸੁਪਨੇ ਲੈਂਦਾ ਅਕਸਰ ਆਮ ਵਿਅਕਤੀ ਕੁੱਝ ਸਮੇਂ ਲਈ ਕਿਸੇ ਸੁਪਨਮਈ ਦੁਨੀਆਂ ਵਿੱਚ ਪਹੁੰਚ ਜਾਂਦਾ ਹੈ ਪਰ ਜਦੋਂ ਹਕੀਕਤ ਸਾਹਮਣੇ ਆਉਣ ਕਾਰਨ ਉਸਦੇ ਸੁਪਨੇ ਟੁੱਟਦੇ ਹਨ ਤਾਂ ਉਹ ਡੌਰ ਭੌਰ ਹੋ ਜਾਂਦੇ ਹਨ। ਫਿਰ ਅਜਿਹੇ ਸਮੇਂ ਅਜਿਹੇ ਵਿਅਕਤੀ ਦਿਨੇ ਤਾਂ ਕੀ ਰਾਤ ਨੂੰ ਵੀ ਸੁਪਨੇ ਨਹੀਂ ਲੈਂਦੇ, ਦੁਨੀਆਂ ਵਿੱਚ ਸਭ ਤੋਂ ਖਤਰਨਾਕ ਸੁਪਨਿਆਂ ਦਾ ਮਰ ਜਾਣਾ ਹੀ ਤਾਂ ਹੁੰਦਾ ਹੈ।





# 2023 ਦੌਰਾਨ ਲੋਕ ਅੰਦੋਲਨਾਂ ਨੂੰ ਕੁਚਲਣ ਲਈ ਸਰਕਾਰੀ ਰਿਹਰਸਲਾਂ ਸ਼ੁਰੂ

## ਵਿਸ਼ਵ ਬੈਂਕ ਨੇ ਦੁਨੀਆ ’ਚ ਆਰਥਿਕ ਵਿਕਾਸ ਦਰ ਸਿਰਫ਼ 1.7 ਫ਼ੀਸਦੀ ਰਹਿਣ ਦੀ ਭਵਿੱਖਬਾਣੀ ਕੀਤੀ

## ਫਰਾਂਸ ਤੇ ਇਜ਼ਰਾਇਲ ਵਿੱਚ ਲੋਕ ਸੰਘਰਸ਼ ਦੇ ਰਾਹ ਪਏ

ਪ੍ਰੋ. ਬਲਵਿੰਦਰ ਪਾਲ ਸਿੰਘ
9815700916

ਮਹਿੰਗਾਈ, ਆਰਥਿਕ ਮੰਦੀ, ਬੇਰੁਜ਼ਗਾਰੀ ਕਾਰਣ ਵਿਸ਼ਵ ਭਰ ਵਿੱਚ ਲੋਕ ਅੰਦੋਲਨ ਸ਼ੁਰੂ ਹੋ ਚੁੱਕੇ ਹਨ।ਮੰਦੀ ਨਾਲ ਨਜਿੱਠਣ ਲਈ ਸਰਕਾਰਾਂ ਵੱਲੋਂ ਆਖ਼ਰੀ ਹਥਿਆਰ ਕੋਰੋਨਾ ਦੀ ਵਰਤੋਂ ਸੰਭਵ ਹੈ, ਜਿਸ ਦੀ ਰਿਹਰਸਲ ਪੂਰੀ ਦੁਨੀਆ ਵਿੱਚ ਸ਼ੁਰੂ ਹੋ ਚੁੱਕੀ ਹੈ।ਬੀਤੇ ਦਿਨੀਂ ਸਰਕਾਰੀ ਰਿਪੋਰਟ ਅਨੁਸਾਰ ਫਰਾਂਸ ਵਿੱਚ ਪੈਨਸ਼ਨ ਸੁਧਾਰਾਂ ਦੇ ਵਿਰੋਧ ਵਿੱਚ 10 ਲੱਖ ਤੋਂ ਵੱਧ ਲੋਕ ਪ੍ਰਦਰਸ਼ਨਾਂ ਲਈ ਸੜਕਾਂ ਉਪਰ ਉੱਤਰੇ, ਜਦਕਿ ਯੂਨੀਅਨਾਂ ਦਾ ਕਹਿਣਾ ਸੀ ਕਿ ਇਨ੍ਹਾਂ ਪ੍ਰਦਰਸ਼ਨਾਂ ਵਿੱਚ 30 ਲੱਖ ਤੋਂ ਜ਼ਿਆਦਾ ਲੋਕਾਂ ਨੇ ਹਿੱਸਾ ਲਿਆ ਸੀ। ਜੋ ਕਿ 15 ਮਾਰਚ ਨੂੰ ਕੀਤੇ ਪ੍ਰਦਰਸ਼ਨ ਤੋਂ ਦੁੱਗਣਾ ਸੀ। ਰਿਪੋਰਟ ਮੁਤਾਬਕ ਪ੍ਰਦਰਸ਼ਨ ਦੌਰਾਨ ਫਰਾਂਸ ਦੀ ਰਾਜਧਾਨੀ ਵਿੱਚ ਗੈਰ ਗੋਰ ਸਮੂਹ ਦੇ ਕੱਟੜਪੰਥੀਆਂ ਅਤੇ ਪੁਲਿਸ ਅਧਿਕਾਰੀਆਂ ਵਿਚਾਲੇ ਝੜਪਾਂ ਹੋਈਆਂ। ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੀ ਵਰਤੋਂ ਕੀਤੀ, ਮੌਕੇ ’ਤੇ ਵਾਟਰ ਕੈਨਨ ਵੀ ਦੇਖੇ ਗਏ। ਗ੍ਰਹਿ ਮੰਤਰਾਲੇ ਅਨੁਸਾਰ ਦੇਸ਼ ਭਰ ’ਚ 80 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਇਸ ਦੌਰਾਨ ਕਰੀਬ 120 ਪੁਲਿਸ ਅਧਿਕਾਰੀ ਜ਼ਖਮੀ ਹੋਏ।

ਇਜ਼ਰਾਇਲ ਦੀ ਸੰਸਦ ਨੇ ਬੀਤੇ ਹਫ਼ਤੇ ਨਿਆਂਪਾਲਿਕਾ ’ਚ ਥੋੜ੍ਹੇ-ਬਹੁਤ ਬਦਲਾਅ ਲਈ ਪ੍ਰਸਤਾਵਿਤ ਕਈ ਵਿਵਾਦਿਤ ਕਾਨੂੰਨਾਂ ’ਚੋਂ ਪਹਿਲਾ ਕਾਨੂੰਨ ਪਾਸ ਕੀਤਾ। ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਦੀ ਗੱਠਜੋੜ ਸਰਕਾਰ ਨੇ ਬਿੱਲ ਨੂੰ ਮਨਜ਼ੂਰੀ ਦਿੱਤੀ, ਜੋ ਭ੍ਰਿਸ਼ਟਾਚਾਰ ਅਤੇ ਹਿੱਤਾਂ ਨਾਲ ਟਕਰਾਅ ਦੇ ਮਾਮਲੇ ’ਚ ਸੁਣਵਾਈ ਦਾ ਸਾਹਮਣਾ ਕਰ ਰਹੇ ਇਜ਼ਰਾਈਲੀ ਨੇਤਾ ਨੂੰ ਸ਼ਾਸਨ ਕਰਨ ਤੋਂ ਆਯੋਗ ਕਰਾਰ ਦਿੱਤੇ ਜਾਣ ਤੋਂ ਬਚਾਏਗਾ।ਲੋਕਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਨੇਤਨਯਾਹੂ ਲਈ ਬਣਾਇਆ ਗਿਆ ਹੈ ਅਤੇ ਇਸ ਨਾਲ ਭ੍ਰਿਸ਼ਟਾਚਾਰ ਨੂੰ ਉਤਸ਼ਾਹ ਮਿਲੇਗਾ ਤੇ ਨਿਆਂਪਾਲਿਕਾ ਵਿੱਚ ਬਦਲਾਅ ਨੂੰ ਲੈ ਕੇ ਜਨਤਾ ਦਰਮਿਆਨ ਪਾੜਾ ਹੋਰ ਵਧ ਜਾਏਗਾ। ਕਾਨੂੰਨੀ ਬਦਲਾਅ ਨੂੰ ਲੈ ਕੇ ਦੇਸ਼ 2 ਧੜਿਆਂ ਵਿੱਚ ਵੰਡਿਆ ਗਿਆ ਹੈ। ਇਕ ਵਰਗ ਦਾ ਮੰਨਣਾ ਹੈ ਕਿ ਨਵੀਆਂ ਨੀਤੀਆਂ ਇਜ਼ਰਾਈਲ ਨੂੰ ਉਸ ਦੀਆਂ ਲੋਕਤੰਤਰਿਕ ਕਦਰਾਂ-ਕੀਮਤਾਂ ਤੋਂ ਦੂਰ ਕਰ ਰਹੀਆਂ ਹਨ, ਜਦ ਕਿ ਦੂਜੇ ਧੜੇ ਦਾ ਮੰਨਣਾ ਹੈ ਕਿ ਉਦਾਰ ਨਿਆਂਪਾਲਿਕਾ ਸਰਹੱਦ ਤੋਂ ਪਰ੍ਹੇ ਜਾ ਕੇ ਦੇਸ਼ ਚਲਾ ਰਹੀ ਹੈ।

ਉਕਤ ਕਾਨੂੰਨ ਅਜਿਹੇ ਸਮੇਂ ’ਚ ਪਾਸ ਹੋਇਆ ਹੈ ਜਦੋਂ ਸੜਕਾਂ ’ਤੇ ਇਸ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ।

ਬੀਤਿਆ ਸਾਲ ਦੁਨੀਆ ਦੇ ਲਗਭਗ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਦੇ ਖ਼ਿਲਾਫ਼ ਪ੍ਰਦਰਸ਼ਨਾਂ ਲਈ ਵੀ ਜਾਣਿਆ ਜਾਵੇਗਾ। ਜੂਨ 2022 ਵਿੱਚ, ਬਰਤਾਨੀਆ, ਬੈਲਜੀਅਮ, ਗ੍ਰੀਸ, ਟਿਊਨੀਸ਼ੀਆ, ਚਿਲੀ, ਇਕਵਾਡੋਰ, ਮੈਸੇਡੋਨੀਆ, ਸੋਡੋਨੀਆ ਵਿੱਚ ਰੇਲਵੇ, ਟਰਾਂਸਪੋਰਟ, ਸਕੂਲ, ਹਸਪਤਾਲ ਅਤੇ ਹੋਰ ਜਨਤਕ ਸੇਵਾਵਾਂ ਦੇ ਕਾਮੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਹੜ੍ਹਤਾਲ, ਰੈਲੀਆਂ ਅਤੇ ਪ੍ਰਦਰਸ਼ਨ ਕਰ ਰਹੇ ਸਨ। ਮਹਿੰਗਾਈ, ਬੇਰੁਜ਼ਗਾਰੀ ਬ੍ਰਿਟੇਨ ਵਿੱਚ, ਜੂਨ 2022 ਵਿੱਚ ਇੱਕ ਹਫ਼ਤੇ ਦੌਰਾਨ, ਰੇਲਵੇ ਕਰਮਚਾਰੀਆਂ ਨੇ ਤਿੰਨ ਵਾਰ ਰੇਲ ਸੇਵਾ ਬੰਦ ਕੀਤੀ। ਟਿਊਨੀਸ਼ੀਆ ਵਿੱਚ ਸਰਕਾਰ ਨੇ ਉਜਰਤ ਬਿੱਲ ਵਿੱਚ ਭਾਰੀ ਕਟੌਤੀ ਕੀਤੀ ਅਤੇ ਅਗਲੇ ਸਾਲ ਤੋਂ ਊਰਜਾ ਅਤੇ ਭੋਜਨ ਸਬਸਿਡੀਆਂ ਵਿੱਚ ਕਟੌਤੀ ਦਾ ਐਲਾਨ ਕੀਤਾ। ਇਸ ਦੇ ਵਿਰੋਧ ਵਿੱਚ ਟਿਊਨੀਸ਼ੀਆ ਦੀ ਸਭ ਤੋਂ ਤਾਕਤਵਰ ਜਨਰਲ ਲੇਬਰ ਯੂਨੀਅਨ ਨੇ 23 ਜੂਨ ਨੂੰ ਹੜ੍ਹਤਾਲ ਕੀਤੀ ਸੀ।



ਅਕਤੂਬਰ 2022 ਵਿੱਚ, ਛੇ ਜਰਮਨ ਸ਼ਹਿਰਾਂ ਬਰਲਿਨ, ਸਟਟਗਾਰਟ, ਡੁਸਲਡੋਰਫ, ਹੈਨੋਵਰ, ਡ੍ਰੇਜ਼ਡਨ ਅਤੇ ਫਰੈਂਕਫਰਟ ਵਿੱਚ ਵਧਦੀਆਂ ਕੀਮਤਾਂ ਦੇ ਖ਼ਿਲਾਫ਼ ਵੱਡੇ ਪ੍ਰਦਰਸ਼ਨ ਹੋਏ। ਅਕਤੂਬਰ 2022 ਵਿੱਚ ਹੀ, ਰੋਮਾਨੀਆ ਦੀ ਰਾਜਧਾਨੀ ਬੁਖਾਰੇਸਟ ਸਮੇਤ ਰੋਮਾਨੀਆ ਦੀਆਂ ਸੜਕਾਂ ’ਤੇ ਲੋਕਾਂ ਨੇ ਊਰਜਾ, ਭੋਜਨ, ਮਹਿੰਗਾਈ, ਬੇਰੁਜ਼ਗਾਰੀ ਦੇ ਵਿਰੋਧ ਵਿੱਚ ਬਗ਼ਲ ਅਤੇ ਡਰੰਮ ਵਜਾਉਂਦੇ ਹੋਏ ਪ੍ਰਦਰਸ਼ਨ ਕੀਤਾ। 9 ਦਸੰਬਰ 2022 ਨੂੰ, ਲੱਖਾਂ ਲੋਕਾਂ ਨੇ ਢਾਕਾ ਵਿੱਚ ਵੱਧ ਰਹੀ ਮਹਿੰਗਾਈ ਦੇ ਕਾਰਨ ਵਿਰੋਧ ਪ੍ਰਦਰਸ਼ਨ ਕੀਤਾ। 16 ਦਸੰਬਰ ਨੂੰ ਬੈਲਜੀਅਮ ਦੀ ਰਾਜਧਾਨੀ ਬ੍ਰਸੇਲਜ਼ ਵਿੱਚ ਹਜ਼ਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤਾ। 20 ਜੂਨ, 2022 ਨੂੰ, ਸਕੂਲਾਂ, ਹਸਪਤਾਲਾਂ, ਟਰਾਂਸਪੋਰਟ ਅਤੇ ਹੋਰ ਜਨਤਕ ਸੇਵਾਵਾਂ ਦੇ 80 ਹਜ਼ਾਰ ਕਰਮਚਾਰੀਆਂ ਨੇ ਬ੍ਰਸੇਲਜ਼ ਵਿੱਚ ਹੀ ਮਹਿੰਗਾਈ ਅਤੇ ਬੇਰੁਜ਼ਗਾਰੀ ਵਿਰੁੱਧ ਪ੍ਰਦਰਸ਼ਨ ਕੀਤਾ। 7 ਦਸੰਬਰ 2022 ਨੂੰ, ਬ੍ਰਿਟੇਨ ਦੀ ਅਧਿਆਪਕ ਯੂਨੀਅਨ ਨੇ ਤਨਖ਼ਾਹ ਵਾਧੇ ਲਈ ਹੜ੍ਹਤਾਲ ਕੀਤੀ। ਬ੍ਰਿਟੇਨ ਵਿੱਚ ਰੇਲ, ਬੱਸ, ਹਵਾਈ ਅੱਡਾ, ਐਂਬੂਲੈਂਸ, ਨਰਸਿੰਗ, ਡਾਕ ਕਰਮਚਾਰੀਆਂ ਸਮੇਤ ਕਈ ਵਿਭਾਗਾਂ ਦੇ ਲੱਖਾਂ ਕਰਮਚਾਰੀਆਂ ਨੇ ਕ੍ਰਿਸਮਸ ਅਤੇ ਨਵੇਂ ਸਾਲ ਦੇ ਵਿਚਕਾਰ ਹੜ੍ਹਤਾਲ ਦਾ ਸੱਦਾ ਦਿੱਤਾ।

**ਲੋਕ ਅੰਦੋਲਨਾਂ ਨੂੰ ਕੁਚਲਣ ਲਈ ਸਰਕਾਰ ਤਾਨਾਸ਼ਾਹੀ ਦੇ ਰਾਹ**

ਵੱਧ ਰਹੀ ਅਸਮਾਨਤਾ ਦੇ ਵਿਰੋਧ ਵਿੱਚ



ਹੋ ਰਹੇ ਰੋਸ ਮੁਜ਼ਾਹਰਿਆਂ ਨਾਲ ਨਜਿੱਠਣ ਲਈ ਦੁਨੀਆ ਦੀਆਂ ਸਰਕਾਰਾਂ ਹਰ ਤਰ੍ਹਾਂ ਦੇ ਸਖ਼ਤ ਕਾਨੂੰਨ ਬਣਾ ਰਹੀਆਂ ਹਨ ਅਤੇ ਹੜ੍ਹਤਾਲਾਂ, ਮੁਜ਼ਾਹਰੇ, ਰੈਲੀਆਂ, ਧਰਨੇ ਉੱਤੇ ਪਾਬੰਦੀ ਲਗਾ ਰਹੀਆਂ ਹਨ। ਭਾਰਤ ਵਿੱਚ ਵੀ ਕਿਸਾਨ, ਮਜ਼ਦੂਰ ਅਤੇ ਨੌਜਵਾਨ ਸਰਕਾਰ ਦੀਆਂ ਮਹਿੰਗਾਈ, ਬੇਰੁਜ਼ਗਾਰੀ ਅਤੇ ਲੋਕ ਵਿਰੋਧੀ ਨੀਤੀਆਂ ਵਿਰੁੱਧ ਲਗਾਤਾਰ ਵੱਡੇ-ਵੱਡੇ ਮੁਜ਼ਾਹਰੇ ਕਰ ਰਹੇ ਹਨ ਪਰ ਮੀਡੀਆ ਵੱਲੋਂ ਅੰਦੋਲਨਾਂ ਦੀ ਕਵਰੇਜ ਨਾ ਕਰਕੇ ਇਸ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਦੁਨੀਆ ਮੰਦੀ, ਬੇਰੁਜ਼ਗਾਰੀ ਦਾ ਸ਼ਿਕਾਰ**

ਵਿਸ਼ਵ ਬੈਂਕ ਨੇ ਇਸ ਸਾਲ ਵਿਕਸਿਤ ਦੇਸ਼ਾਂ ਵਿੱਚ ਹੋਰ ਮੰਦੀ ਅਤੇ ਦੁਨੀਆ ਵਿੱਚ ਆਰਥਿਕ ਵਿਕਾਸ ਦਰ ਸਿਰਫ਼ 1.7




ਫ਼ੀਸਦੀ ਰਹਿਣ ਦੀ ਭਵਿੱਖਬਾਣੀ ਕੀਤੀ ਹੈ। ਵਿਸ਼ਵ ਬੈਂਕ ਦੀ ਰਿਪੋਰਟ ਗਲੋਬਲ ਇਕਨਾਮਿਕ ਪ੍ਰਾਸਪੈਕਟਸ ਵਿੱਚ ਇਹ ਛੇ ਮਹੀਨੇ ਪਹਿਲਾਂ ਦੇ ਅੰਦਾਜੇ ਦਾ ਅੱਧਾ ਹਿੱਸਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਪਿਛਲੇ 30 ਸਾਲਾਂ ਵਿੱਚ 2019 ਅਤੇ 2020 ਨੂੰ ਛੱਡ ਕੇ ਵਿਸ਼ਵ ਅਰਥਵਿਵਸਥਾ ਵਿੱਚ ਸਭ ਤੋਂ ਘੱਟ ਜੀਡੀਪੀ ਵਿਕਾਸ ਦਰ ਦਾ ਸਾਲ ਹੋਵੇਗਾ। ਰਿਪੋਰਟ ਵਿੱਚ ਵਿਸਵ ਬੈਂਕ ਸਮੂਹ ਦੇ ਪ੍ਰਧਾਨ ਡੇਵਿਡ ਮਾਲਪਾਸ ਨੇ ਕਿਹਾ ਹੈ ਕਿ ਵਿਕਸਤ ਦੇਸ਼ਾਂ ਵਿੱਚ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਉਸ ਨੇ ਕਿਹਾ ਹੈ ਕਿ ਤਾਜ਼ਾ ਅਨੁਮਾਨ ਦਰਸਾ ਰਹੇ ਹਨ ਕਿ ਸਥਿਤੀ ਤੇਜ਼ੀ ਨਾਲ ਅਤੇ ਵਿਆਪਕ ਤੌਰ ’ਤੇ ਵਿਗੜ ਰਹੀ ਹੈ।ਦੁਨੀਆ ਦੇ ਲਗਭਗ ਸਾਰੇ ਖੇਤਰਾਂ ਵਿੱਚ ਪ੍ਰਤੀ ਵਿਅਕਤੀ ਆਮਦਨ ਕੋਵਿਡ ਮਹਾਂਮਾਰੀ ਤੋਂ ਪਹਿਲਾਂ ਦੇ ਦਹਾਕੇ ਦੇ ਮੁਕਾਬਲੇ ਹੌਲੀ ਦਰ ਨਾਲ ਵਧੇਗੀ ਕਿਉਂਕਿ ਵਿਸ਼ਵ ਆਰਥਿਕਤਾ ਦੀਆਂ ਸੰਭਾਵਨਾਵਾਂ ਲਈ ਚੁਣੌਤੀਆਂ ਬਣੇ ਰਹਿਣ ਦੀ ਸੰਭਾਵਨਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2024 ਦੇ ਅੰਤ ਵਿੱਚ ਉਭਰ ਰਹੇ ਬਾਜਾਰਾਂ ਅਤੇ ਵਿਕਾਸਸੀਲ ਦੇਸਾਂ ਦੀਆਂ ਅਰਥਵਿਵਸਥਾਵਾਂ ਦਾ ਕੁੱਲ ਘਰੇਲੂ ਉਤਪਾਦ (ਜੀਡੀਪੀ) ਕੋਵਿਡ -19 ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਦੇ ਮੁਕਾਬਲੇ ਛੇ ਪ੍ਰਤੀਸ਼ਤ ਘੱਟ ਹੋਵੇਗਾ। ਰਿਪੋਰਟ ’ਚ ਕਿਹਾ ਗਿਆ ਹੈ ਕਿ ਵਿਕਾਸਸ਼ੀਲ ਦੇਸ਼ਾਂ ਦੇ ਸਾਹਮਣੇ ਕਰਜ਼ੇ ਦੇ ਬੋਝ ਅਤੇ ਕਮਜ਼ੋਰ ਨਿਵੇਸ਼ ਕਾਰਣ ਆਰਥਿਕ ਵਿਕਾਸ ਦੇ ਕਈ ਸਾਲਾਂ ਤੱਕ ਨਰਮ ਰਹਿਣ ਦਾ ਖਤਰਾ ਹੈ।

ਨਵੰਬਰ 2022 ਵਿੱਚ, ਦੁਨੀਆ ਦੇ ਅਮੀਰਾਂ ਦੀ ਸੂਚੀ ਵਿੱਚ ਚੌਥੇ ਸਥਾਨ ’ਤੇ ਰਹਿਣ ਵਾਲੇ ਐਮਾਜ਼ਾਨ ਦੇ ਮਾਲਕ ਜੈਫ ਬੇਜੋਸ ਨੇ ਅਮਰੀਕੀ ਟੀਵੀ ਚੈਨਲ ਸੀਐਨਐਨ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਲੋਕਾਂ ਨੂੰ ਮੇਰੀ ਸਲਾਹ ਹੈ ਕਿ ਜੇਕਰ ਤੁਸੀਂ ਵੱਡੀ ਖ਼ਰੀਦਦਾਰੀ ਕਰਨ ਜਾ ਰਹੇ ਹੋ। ਆਉਣ ਵਾਲੇ ਮਹੀਨੇ ਜੇਕਰ ਅਜਿਹਾ ਹੈ, ਤਾਂ ਉਸ ਖ਼ਰੀਦ ਨੂੰ ਰੋਕ ਦਿਓ। ਖ਼ਰੀਦਦਾਰੀ ਦੀ ਨਕਦੀ ਆਪਣੇ ਕੋਲ ਰੱਖੋ। ਜੇਕਰ ਤੁਸੀਂ ਕਾਰ, ਵੱਡੀ ਸਕਰੀਨ ਵਾਲੇ ਟੀਵੀ, ਫ਼ਰਿਜ ਅਤੇ ਹੋਰ ਕੁਝ ਵੀ ਖ਼ਰੀਦਣਾ ਚਾਹੁੰਦੇ ਹੋ, ਤਾਂ ਤੁਸੀਂ ਇੰਤਜ਼ਾਰ ਕਰ ਸਕਦੇ ਹੋ ਕਿਉਂਕਿ ਵਿਸ਼ਵ ਅਰਥਵਿਵਸਥਾ ਇਸ ਸਮੇਂ ਵਧੀਆ ਨਹੀਂ ਲੱਗ ਰਹੀ ਹੈ। ਤੁਸੀਂ ਆਰਥਿਕਤਾ ਦੇ ਕਈ ਖੇਤਰਾਂ ਵਿੱਚ ਛਾਂਟੀ ਦੇਖ ਰਹੇ ਹੋ। ਇਹ ਆਰਥਿਕ ਮੰਦੀ ਦੇ ਸੰਕੇਤ ਹਨ।

ਜਦੋਂ ਜੈਫ ਬੇਜੋਸ ਮੰਦੀ ਤੋਂ ਬਚਣ ਲਈ ਲੋਕਾਂ ਨੂੰ ਇਹ ਗਿਆਨ ਵੰਡ ਰਹੇ ਸਨ, ਉਸੇ ਸਮੇਂ ਉਨ੍ਹਾਂ ਨੇ ਆਪਣੀ ਕੰਪਨੀ ਐਮਾਜ਼ਾਨ ਤੋਂ 10,000 ਲੋਕਾਂ ਨੂੰ ਬਾਹਰ ਦਾ ਰਸਤਾ ਦਿਖਾਇਆ ਗਿਆ ਸੀ ਅਤੇ ਇਸ ਦੇ ਸਮਰਥਨ ਵਿੱਚ ਦਲੀਲ ਦਿੱਤੀ ਸੀ ਕਿ ਅਸੀਂ ਰੋਬੋਟ ਦੁਆਰਾ ਆਪਣਾ ਕੰਮ ਕਰਵਾ ਰਹੇ ਹਾਂ, ਜਿਸ ਕਾਰਣ ਸਾਡੀ ਮਨੁੱਖਾਂ ’ਤੇ ਨਿਰਭਰਤਾ ਘਟਦੀ ਜਾ ਰਹੀ ਹੈ। ਰੋਬੋਟ ਹੁਣ ਪੈਕੇਜਿੰਗ ਅਤੇ ਡਿਲੀਵਰੀ ਦਾ ਕੰਮ ਕਰੇਗਾ, ਇਸ ਲਈ ਸਾਨੂੰ ਮਨੁੱਖੀ ਮਜ਼ਦੂਰੀ ਦੀ ਲੋੜ ਨਹੀਂ ਹੈ।

ਐਮਾਜ਼ਾਨ ਇਕੱਲਾ ਅਜਿਹਾ ਨਹੀਂ ਹੈ ਜਿੱਥੇ ਮਨੁੱਖੀ ਕਿਰਤ ਦੀ ਲੋੜ ਖ਼ਤਮ ਹੋ ਰਹੀ ਹੈ। ਅਖਬਾਰਾਂ ਅਤੇ ਸੋਸ਼ਲ ਮੀਡੀਆ ਦੇ ਅਨੁਸਾਰ ਐਮਾਜੋਨ, ਟਵਿਟਰ, ਨੈਟਫਲਿਕਸ, ਜ਼ੋਮਾਟੋ, ਕਵਾਈਨ ਬੇਸ, ਅਨਅਕੈਡਮੀ, ਕਾਜ24, ਵੇਦਾਂਤੂ, ਸਿਟੀ ਗਰੁਪ, ਔਲਾ, ਮਾਈਕਰੋਸਾਫਟ, ਸਨੈਪਚਾਟ, ਫੋਰਡ ਮੋਟਰ, ਸੇਲਜਫੋਰਸ, ਲਿਫਟ ਅਲਫਾਬੇਟ ਆਦਿ ਨੇ ਲੱਖਾਂ ਲੋਕਾਂ ਨੂੰ ਨੌਕਰੀਆਂ ਤੋਂ ਬਾਹਰ ਕੱਢ ਦਿੱਤਾ ਹੈ। ਅਜਿਹਾ ਲਗਦਾ ਹੈ ਕਿ ਦੁਨੀਆ ਭਰ ਦੀਆਂ ਸਾਰੀਆਂ ਕੰਪਨੀਆਂ ਕਰਮਚਾਰੀਆਂ ਨੂੰ ਛਾਂਟਣ ਦੀ ਕੋਸ਼ਿਸ਼ ਵਿੱਚ ਲੱਗੀਆਂ ਹੋਈਆਂ ਹਨ। ਵਿਡੰਬਨਾ ਇਹ ਹੈ ਕਿ ਕਰਮਚਾਰੀਆਂ ਦੀ ਛਾਂਟੀ ਦੇ ਬਾਵਜੂਦ ਕੰਪਨੀਆਂ ਮੁਨਾਫੇ ਵਿਚ ਰਹਿਣਗੀਆਂ। ਅਪ੍ਰੈਲ ਤੋਂ ਜੂਨ 2022 ਦੀ ਤਿਮਾਹੀ ਵਿੱਚ ਐਮਾਜ਼ਾਨ ਨੂੰ 54.8 ਅਰਬ ਡਾਲਰ ਦਾ ਮੁਨਾਫ਼ਾ ਹੋਇਆ ਸੀ, ਜਦਕਿ ਅਲਫਾਬੇਟ ਨੂੰ 39.6 ਅਰਬ ਡਾਲਰ, ਗੂਗਲ ਨੂੰ 29.9 ਅਰਬ ਡਾਲਰ, ਟਵਿੱਟਰ ਨੂੰ 39.6 ਅਰਬ ਡਾਲਰ, ਐਪਲ ਨੂੰ ਅਪ੍ਰੈਲ ਤੋਂ ਜੂਨ ਤਿਮਾਹੀ ਵਿੱਚ 81.4 ਅਰਬ ਡਾਲਰ ਦਾ ਮੁਨਾਫ਼ਾ ਹੋਇਆ ਸੀ।

ਕੰਪਨੀਆਂ ਦਾ ਮੁਨਾਫ਼ਾ ਵਧ ਰਿਹਾ ਹੈ ਪਰ ਨੌਕਰੀਆਂ ਖ਼ਤਮ ਹੋ ਰਹੀਆਂ ਹਨ। ਇਹ ਸਥਿਤੀ ਭਾਰਤ ਵਿੱਚ ਖ਼ਾਸ ਤੌਰ ’ਤੇ ਦੇਖਣ ਯੋਗ ਹੈ ਜਿੱਥੇ ਭਾਰਤੀ ਅਰਬਪਤੀਆਂ ਦੀ ਕੁੱਲ ਸੰਪਤੀ 23 ਲੱਖ ਕਰੋੜ ਰੁਪਏ ਤੋਂ ਵਧ ਕੇ 56 ਲੱਖ ਕਰੋੜ ਰੁਪਏ ਹੋ ਗਈ ਹੈ, ਜੋ ਕਿ ਦੁੱਗਣੇ ਤੋਂ ਵੀ ਵੱਧ ਲਾਭ ਵਿੱਚ ਹੈ। ਆਕਸਫੈਮ ਇੰਡੀਆ ਦੁਆਰਾ ਜਨਵਰੀ 2022 ਵਿੱਚ ਜਾਰੀ ਕੀਤੇ ਗਏ ਸਾਲਾਨਾ ਅਸਮਾਨਤਾ ਸਰਵੇਖਣ ਦੇ ਅਨੁਸਾਰ, ਉਸੇ ਸਮੇਂ ਵਿੱਚ, ਭਾਰਤ ਵਿੱਚ 48 ਮਿਲੀਅਨ ਲੋਕ ਗਰੀਬੀ ਦੇ ਹੇਠਾਂ ਆ ਗਏ ਅਤੇ ਲਗਭਗ 84 ਪ੍ਰਤੀਸ਼ਤ ਭਾਰਤੀ ਪਰਿਵਾਰਾਂ ਦੀ ਆਮਦਨ ਵਿੱਚ ਕਮੀ ਆਈ।

ਯਾਦ ਰਹੇ ਕਿ ਭਾਰਤ ਵਿੱਚ ਕੋਰੋਨਾ ਮਹਾਂਮਾਰੀ ਦੌਰਾਨ ਜਦੋਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਸਨ ਅਤੇ ਕੰਪਨੀਆਂ ਬੰਦ ਹੋ ਗਈਆਂ ਸਨ, ਤਾਂ ਅੱਸੀ ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਵੰਡਿਆ ਜਾ ਰਿਹਾ ਸੀ। ਲੋਕ ਦਵਾਈਆਂ ਅਤੇ ਇਲਾਜ ਦੀ ਘਾਟ ਕਾਰਨ ਮਰ ਰਹੇ ਸਨ, ਉਸੇ ਸਮੇਂ ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ ਵਧ ਰਹੀ ਸੀ। ਆਕਸਫੈਮ ਦੇ ਅਨੁਸਾਰ, 2020 ਤੋਂ 2022 ਤੱਕ ਭਾਰਤ ਵਿੱਚ ਅਰਬਪਤੀਆਂ ਦੀ ਸੂਚੀ ਵਿੱਚ 40 ਨਵੇਂ ਅਮੀਰ ਸ਼ਾਮਲ ਕੀਤੇ ਗਏ ਸਨ। ਅੰਬਾਨੀ ਦੀ ਦੌਲਤ 24 ਫ਼ੀਸਦੀ, ਮਹਿੰਦਰਾ ਦੀ 100 ਫ਼ੀਸਦੀ, ਅੰਬਾਨੀ ਦੇ ਭਰਾ ਵਿਨੋਦ ਦੀ 128 ਫ਼ੀਸਦੀ, ਸਾਫਟਵੇਅਰ ਕੰਪਨੀ ਜੇਡ ਕਲੇਅਰ ਦੇ ਜੈ ਚੌਧਰੀ ਦੀ 274 ਫ਼ੀਸਦੀ, ਬਾਇਓਕਾਨ ਦੇ ਮੁਖੀ ਕਿਰਨ ਮਜ਼ੂਮਦਾਰ ਦੀ 41 ਫ਼ੀਸਦੀ ਵਧੀ ਸੀ। ਦੌਲਤ ਵਿੱਚ ਸਭ ਤੋਂ ਵੱਧ ਵਾਧਾ ਗੌਤਮ ਅਡਾਨੀ ਦਾ ਸੀ ਜੋ 42.7 ਬਿਲੀਅਨ ਡਾਲਰ ਸੀ।

ਆਰਥਿਕ ਮਾਹਿਰਾਂ ਅਨੁਸਾਰ ਲੋਕ ਜਾਬਲੈਸ ਗ੍ਰੋਥ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਭਾਰੀ ਬੇਰੁਜ਼ਗਾਰੀ ਕਾਰਨ ਲੋਕਾਂ ਦੀ ਖ਼ਰੀਦ ਸ਼ਕਤੀ ਘੱਟ ਜਾਂਦੀ ਹੈ ਜਾਂ ਉਤਪਾਦਨ ਵਿੱਚ ਕਮੀ ਆ ਜਾਂਦੀ ਹੈ।

ਇਸ ਵਧਦੀ ਬੇਰੁਜ਼ਗਾਰੀ ਦਾ ਭਾਰਤੀ ਸਮਾਜ ’ਤੇ ਕੀ ਅਸਰ ਪੈ ਰਿਹਾ ਹੈ, ਇਹ ਭਾਰਤ ਸਰਕਾਰ ਦੇ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਵੱਲੋਂ ਫਰਵਰੀ 2022 ਵਿੱਚ ਰਾਜ ਸਭਾ ਵਿੱਚ ਦਿੱਤੇ ਗਏ ਬਿਆਨ ਤੋਂ ਪਤਾ ਲੱਗਦਾ ਹੈ। ਉਨ੍ਹਾਂ ਰਾਜ ਸਭਾ ਵਿੱਚ ਦੱਸਿਆ ਕਿ 2018 ਤੋਂ 2020 ਤੱਕ 9140 ਲੋਕਾਂ ਨੇ ਬੇਰੁਜ਼ਗਾਰੀ ਕਾਰਨ ਖ਼ੁਦਕੁਸ਼ੀ ਕੀਤੀ ਹੈ, ਜਦਕਿ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਮੁਤਾਬਕ 2019 ਵਿਚ ਕੁੱਲ 139123 ਲੋਕਾਂ ਨੇ ਖ਼ੁਦਕੁਸ਼ੀ ਕੀਤੀ, ਜਿਨ੍ਹਾਂ ਵਿਚੋਂ 14051 ਲੋਕ ਬੇਰੁਜ਼ਗਾਰ ਸਨ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ 2018 ਵਿੱਚ ਖ਼ੁਦਕੁਸ਼ੀ ਕਰਨ ਵਾਲੇ ਬੇਰੁਜ਼ਗਾਰਾਂ ਦੀ ਗਿਣਤੀ 12936 ਸੀ। ਜਦੋਂ ਕਿ 2018-20 ਦੇ ਤਿੰਨ ਸਾਲਾਂ ਵਿੱਚ 16091 ਲੋਕਾਂ ਨੇ ਦੀਵਾਲੀਆਪਨ ਅਤੇ ਕਰਜ਼ੇ ਕਾਰਨ ਖ਼ੁਦਕੁਸ਼ੀ ਕੀਤੀ ਹੈ।

ਮਹਿੰਗਾਈ ਅਤੇ ਬੇਰੁਜ਼ਗਾਰੀ ਤੋਂ ਬਚਣ ਦਾ ਇੱਕੋ-ਇੱਕ ਰਸਤਾ ਖੇਤੀਬਾੜੀ, ਸਿੱਖਿਆ, ਸਿਹਤ, ਹਵਾਬਾਜ਼ੀ, ਤਕਨਾਲੋਜੀ, ਟਰਾਂਸਪੋਰਟ, ਸੈਰ-ਸਪਾਟਾ, ਰੇਲ, ਦੂਰਸੰਚਾਰ, ਬੈਂਕਾਂ ਅਤੇ ਵੱਖ-ਵੱਖ ਉਦਯੋਗਾਂ ਵਿੱਚ ਸਰਕਾਰੀ ਨਿਵੇਸ਼ ਕਰਨ ਦੀ ਲੋੜ ਹੈ। ਨਿਵੇਸ਼ ਨਾਲ

(ਬਾਕੀ ਸਫ਼ਾ 31 ’ਤੇ)

# ਅਮਰੀਕਾ ਅਤੇ ਚੀਨ ਵਿਚਾਲੇ ਜੰਗ ਦੀ ਸਥਿਤੀ

## ਪੈਂਟਾਗਨ ਨੇ ਕਿਹਾ- ਟਕਰਾਅ ਲਈ ਤਿਆਰ ਰਹਿਣਾ ਚਾਹੀਦੈ

### ਚੀਨ ਦੀਆਂ ਫ਼ੌਜੀ ਤਿਆਰੀਆਂ, ਧਮਕੀਆਂ ਕਾਰਣ ਏਸ਼ੀਆ ਖੇਤਰ ਵਿੱਚ ਚਿੰਤਾ ਦਾ ਮਾਹੌਲ

ਅਮਰੀਕਾ ਅਤੇ ਚੀਨ ਵਿਚਾਲੇ ਫਿਰ ਤੋਂ ਤਣਾਅ ਵਧਣ ਦੀ ਸੰਭਾਵਨਾ ਹੈ। ਤਾਇਵਾਨ, ਤਿੱਬਤ, ਉਇਗਰ, ਹਾਂਗਕਾਂਗ ਅਤੇ ਦੱਖਣੀ ਚੀਨ ਸਾਗਰ ਵਰਗੇ ਕਈ ਮੁੱਦਿਆਂ 'ਤੇ ਦੋਵਾਂ ਦੇਸ਼ਾਂ ਵਿਚਾਲੇ ਵਿਵਾਦ ਚੱਲ ਰਿਹਾ ਹੈ। ਇਸੇ ਦੌਰਾਨ ਬੀਤੇ ਦਿਨ ਚੀਨੀ ਫ਼ੌਜ ਨੇ ਕਿਹਾ ਕਿ ਅਮਰੀਕੀ ਜੰਗੀ ਬੇੜਾ ਬਿਨਾਂ ਕਿਸੇ ਇਜਾਜ਼ਤ ਦੇ ਉਨ੍ਹਾਂ ਦੇ ਸਮੁੰਦਰ (ਦੱਖਣੀ ਚੀਨ ਸਾਗਰ) ਵਿੱਚ ਦਾਖ਼ਲ ਹੋ ਗਿਆ ਸੀ। ਇਸ ਬਾਰੇ ਚੀਨ ਦਾ ਕਹਿਣਾ ਹੈ ਕਿ ਅਮਰੀਕਾ ਨੇ ਬਿਨਾਂ ਕਿਸੇ ਭੜਕਾਹਟ ਦੇ ਘੁਸਪੈਠ ਦੀ ਕੋਸ਼ਿਸ਼ ਕੀਤੀ ਹੈ।

ਹੁਣ ਅਮਰੀਕੀ ਰੱਖਿਆ ਵਿਭਾਗ ਦੇ ਮੁੱਖ ਦਫ਼ਤਰ ਪੈਂਟਾਗਨ ਦੇ ਅਧਿਕਾਰੀਆਂ ਨੇ ਕਿਹਾ ਕਿ ਅਮਰੀਕੀ ਫ਼ੌਜ ਨੂੰ ਚੀਨ ਨਾਲ ਸੰਭਾਵਿਤ ਟਕਰਾਅ ਲਈ ਤਿਆਰ ਰਹਿਣਾ ਚਾਹੀਦਾ ਹੈ। ਪੈਂਟਾਗਨ ਨੇ ਕਾਂਗਰਸ ਨੂੰ ਏਸ਼ੀਆ ਅਤੇ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿੱਚ ਅਮਰੀਕੀ ਫ਼ੌਜ ਨੂੰ ਮਜ਼ਬੂਤ ਕ ਰਨ ਲਈ ਰੱਖਿਆ ਵਿਭਾਗ ਲਈ 842 ਬਿਲੀਅਨ ਡਾਲਰ ਦੇ ਬਜਟ ਨੂੰ ਮਨਜ਼ੂਰੀ ਦੇਣ ਦੀ ਅਪੀਲ ਕੀਤੀ ਹੈ। ਅਮਰੀਕੀ ਰੱਖਿਆ ਸਕੱਤਰ ਲੋਇਡ ਔਸਟਿਨ ਨੇ ਰੱਖਿਆ ਮਾਮਲਿਆਂ 'ਤੇ ਉਪ-ਕਮੇਟੀ ਦੇ ਸਾਹਮਣੇ ਕਿਹਾ ਕਿ ਇਹ ਇਕ ਰਣਨੀਤੀ-ਸੰਚਾਲਿਤ ਬਜਟ ਹੈ, ਜੋ ਚੀਨ ਨਾਲ ਸਾਡੇ ਰਣਨੀਤਕ ਟਕਰਾਅ ਦੀ ਗੰਭੀਰਤਾ ਤੋਂ ਪ੍ਰੇਰਿਤ ਹੈ।

ਜ਼ਿਕਰਯੋਗ ਹੈ ਕਿ ਤਾਈਵਾਨ ਸਮੇਤ ਦੱਖਣੀ ਚੀਨ ਸਾਗਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਚੀਨ ਨੂੰ ਮੂੰਹ ਤੋੜ ਜਵਾਬ ਦੇਣ ਲਈ ਅਮਰੀਕੀ ਫ਼ੌਜ 4 ਨਵੇਂ ਫ਼ੌਜੀ ਅੱਡੇ ਬਣਾਉਣ ਜਾ ਰਹੀ ਹੈ। ਇਹ ਅਮਰੀਕੀ ਫ਼ੌਜੀ ਅੱਡੇ ਦੱਖਣੀ ਚੀਨ ਸਾਗਰ 'ਚ ਸਥਿਤ ਫਿਲੀਪੀਨਜ਼ ਦੇ ਟਾਪੂਆਂ 'ਤੇ ਬਣਾਏ ਜਾਣਗੇ, ਜੋ ਚੀਨ ਅਤੇ ਤਾਈਵਾਨ ਦੇ ਬਹੁਤ ਨੇੜੇ ਹਨ।



ਫਿਲੀਪੀਨਜ਼ ਦੇ ਰਾਸ਼ਟਰਪਤੀ ਫਰਡੀਨੈਂਡ ਮਾਰਕੋਸ ਜੂਨੀਅਰ ਨੇ ਇਨ੍ਹਾਂ ਅਮਰੀਕੀ ਫ਼ੌਜੀ ਠਿਕਾਣਿਆਂ ਦਾ ਐਲਾਨ ਕੀਤਾ ਸੀ। ਫਿਲੀਪੀਨਜ਼ ਨੇ ਅਮਰੀਕਾ ਨਾਲ ਇਕ ਨਵਾਂ ਰੱਖਿਆ ਸਮਝੌਤਾ ਕੀਤਾ ਹੈ ਅਤੇ ਇਸ ਦੇ ਤਹਿਤ ਇਹ ਨਵੇਂ ਅਮਰੀਕੀ ਬੇਸ ਬਣਾਏ ਜਾ ਰਹੇ ਹਨ।ਇਨ੍ਹਾਂ ਵਿੱਚੋਂ ਇੱਕ ਅਮਰੀਕੀ ਟਿਕਾਣਾ ਉਸ ਟਾਪੂ ਦੇ ਨੇੜੇ ਹੋਵੇਗਾ ਜੋ ਚੀਨ ਅਤੇ ਫਿਲੀਪੀਨਜ਼ ਦਰਮਿਆਨ ਤਣਾਅ ਵਿੱਚ ਹੈ। ਚੀਨ ਨੇ ਦੱਖਣੀ ਚੀਨ ਸਾਗਰ ਵਿੱਚ ਕਈ ਨਕਲੀ ਟਾਪੂ ਬਣਾਏ ਹਨ ਅਤੇ ਉਨ੍ਹਾਂ 'ਤੇ ਮਿਜ਼ਾਈਲਾਂ ਤੋਂ ਲੈ ਕੇ ਲੜਾਕੂ ਜਹਾਜ਼ਾਂ ਤੱਕ ਸਭ ਕੁਝ ਤਾਇਨਾਤ ਕੀਤਾ ਹੋਇਆ ਹੈ।

**ਅਮਰੀਕਾ-ਜਾਪਾਨ ਲਗਾਤਾਰ ਮਿਲਟਰੀ ਅਭਿਆਸ**

1945 ਵਿਚ ਜਾਪਾਨ ਦੇ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਐਟਮ ਬੰਬ ਸੁੱਟਣ ਵਾਲੇ ਅਮਰੀਕੀ ਲੜਾਕੂ ਜਹਾਜ਼ਾਂ ਨੇ ਪ੍ਰਸ਼ਾਂਤ ਮਹਾਸਾਗਰ 'ਵਿਚ ਸਥਿਤ ਟਿਨੀਅਨ ਟਾਪੂ ਤੋਂ ਉਡਾਣ ਭਰੀ ਸੀ। ਹੁਣ ਉੱਥੇ ਜੰਗਲ ਵਿੱਚ ਇਕ ਨਵਾਂ ਰਨਵੇ ਬਣਾਇਆ ਜਾ ਰਿਹਾ ਹੈ। ਅਮਰੀਕਾ-ਜਾਪਾਨ ਲਗਾਤਾਰ ਮਿਲਟਰੀ ਅਭਿਆਸ ਕਰ ਰਹੇ ਹਨ।

ਚੀਨ ਅਤੇ ਅਮਰੀਕਾ ਵਿਚਾਲੇ ਰਣਨੀਤਕ ਦੁਸ਼ਮਣੀ ਵਧਣ ਨਾਲ ਡਰ ਫੈਲ ਰਿਹਾ ਹੈ। ਪਿਛਲੇ ਹਫ਼ਤੇ ਮਾਸਕੋ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਮੁਲਾਕਾਤ ਨੇ ਪੱਛਮੀ ਦੇਸ਼ਾਂ ਵਿਰੁੱਧ ਸ਼ਕਤੀਸ਼ਾਲੀ ਤਾਕਤਾਂ ਦੇ ਗੱਠਜੋੜ ਦਾ ਸੰਕੇਤ ਦਿੱਤਾ ਹੈ। ਸ਼ੀ ਨੇ ਆਪਣੇ ਇਰਾਦੇ ਸਪੱਸ਼ਟ ਕਰ ਦਿੱਤੇ ਹਨ। ਉਨ੍ਹਾਂ ਦਾ ਟੀਚਾ ਅਮਰੀਕਾ ਦੇ ਦਬਦਬੇ ਨੂੰ ਘੱਟ ਕਰਨਾ ਹੈ। ਉਹ ਦੱਖਣੀ ਚੀਨ ਸਾਗਰ 'ਤੇ ਕੰਟਰੋਲ ਦੇ ਨਾਲ-ਨਾਲ ਤਾਈਵਾਨ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਜਵਾਬ ਵਿਚ ਚੀਨ ਦੇ ਕਈ ਗੁਆਂਢੀ ਅਤੇ ਅਮਰੀਕਾ ਵੀ ਤਿਆਰ ਹੋ ਰਹੇ ਹਨ।

**ਭਾਰਤ-ਜਾਪਾਨ ਨੇ ਸਭ ਤੋਂ ਪਹਿਲਾਂ ਖ਼ਤਰੇ 'ਤੇ ਦਿੱਤਾ ਧਿਆਨ**

ਸਭ ਤੋਂ ਪਹਿਲਾਂ 2006 ਵਿਚ ਭਾਰਤ-ਜਾਪਾਨ ਨੇ ਚੀਨ ਦੇ ਫ਼ੌਜੀ ਇਰਾਦਿਆਂ ਦੇ ਸਬੰਧ ਵਿੱਚ ਖ਼ਤਰੇ ਦੀ ਘੰਟੀ ਵਜਾਈ ਸੀ। ਉਸ ਤੋਂ ਬਾਅਦ ਭਾਰਤ-ਜਾਪਾਨ ਨੇ ਕਈ ਰੱਖਿਆ ਸਮਝੌਤੇ ਕੀਤੇ ਹਨ। ਉਹ ਸੰਯੁਕਤ ਫ਼ੌਜੀ ਅਭਿਆਸ ਵੀ ਕਰ ਰਹੇ ਹਨ। ਸਾਬਕਾ ਭਾਰਤੀ ਡਿਪਲੋਮੈਟ ਮੈਨਨ ਨੇ ਕਹਿੰਦੇ ਹਨ, "ਦੋਵੇਂ ਦੇਸ਼ ਅਮਰੀਕਾ ਨਾਲ ਸਹਿਯੋਗ ਵਧਾਉਣ ਦੇ ਨਾਲ-ਨਾਲ ਤੈਅ ਕਰ ਰਹੇ ਹਨ ਕਿ ਉਹ ਬਹੁਤ ਜ਼ਿਆਦਾ ਨਿਰਭਰ ਵੀ ਨਾ ਰਹਿਣ।

**ਚੀਨ ਦੀਆਂ ਫ਼ੌਜੀ ਤਿਆਰੀਆਂ ਦਾ ਫੋਕਸ ਏਸ਼ੀਆ 'ਤੇ**

2000 'ਚ ਉੱਤਰੀ ਕੋਰੀਆ ਨੂੰ ਛੱਡ ਕੇ ਏਸ਼ੀਆ ਪੈਸੇਫਿਕ 'ਚ ਫ਼ੌਜੀ ਖ਼ਰਚ ਦੁਨੀਆ ਦੇ ਰੱਖਿਆ ਖ਼ਰਚਿਆਂ ਦਾ 17.5 ਪ੍ਰਤੀਸ਼ਤ ਸੀ। 2021 ਵਿਚ ਇਹ 27.7 ਪ੍ਰਤੀਸ਼ਤ ਹੋ ਗਿਆ ਸੀ। ਉਸ ਤੋਂ ਬਾਅਦ ਤੇਜ਼ੀ ਨਾਲ ਵਾਧਾ ਹੋਇਆ। ਇਸ ਵਿਚ ਚੀਨ ਦਾ ਹਿੱਸਾ ਸਭ ਤੋਂ ਵੱਧ ਹੈ। 2000 ਵਿੱਚ ਚੀਨ ਦਾ ਰੱਖਿਆ ਬਜਟ 1.81 ਲੱਖ ਕਰੋੜ ਰੁਪਏ ਸੀ। ਹੁਣ ਇਹ 24 ਲੱਖ ਕਰੋੜ ਰੁਪਏ ਹੋ ਗਿਆ ਹੈ। ਅਮਰੀਕਾ ਦਾ ਰੱਖਿਆ ਬਜਟ 65 ਲੱਖ ਕਰੋੜ ਰੁਪਏ ਹੈ। ਅਮਰੀਕੀ ਫ਼ੌਜੀ ਖ਼ਰਚ ਵੀ ਗਲੋਬਲ ਨੈੱਟਵਰਕ 'ਤੇ ਕੇਂਦਰਿਤ ਹੈ ਪਰ ਚੀਨ ਦਾ ਫੋਕਸ ਏਸ਼ੀਆ 'ਤੇ ਹੈ।

### ਮੋਦੀ ਸਰਕਾਰ ਨੇ ਫ਼ੌਜੀ ਬਜਟ ਵਧਾਇਆ

ਮੋਦੀ ਸਰਕਾਰ ਨੇ 2023 -2024 ਲਈ ਕੁੱਲ ਸੁਰੱਖਿਆ ਬਜਟ 5.94 ਲੱਖ ਕਰੋੜ ਰੱਖਿਆ ਹੈ, ਜੋ ਕਿ 2022-2023 ਲਈ 5 ਲੱਖ ਕਰੋੜ ਸੀ, ਮਤਲਬ ਕਿ ਇਸ ਸਾਲ ਕੁੱਲ ਸੁਰੱਖਿਆ ਬਜਟ ਵਿੱਚ ਲਗਭਗ 1 ਲੱਖ-ਕਰੋੜ ਰੁਪਏ ਦਾ ਵਾਧਾ ਕੀਤਾ ਗਿਆ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਪਿਛਲੇ ਸਾਲਾਂ ਵਿੱਚ ਜਿੱਥੇ ਸੁਰੱਖਿਆ ਬਜਟ ਵਿੱਚ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ, ਉੱਥੇ ਹੀ ਸੁਰੱਖਿਆ ਉੱਤੇ ਅਸਲ ਖਰਚਾ ਬਜਟ ਵਿੱਚ ਇਸ ਲਈ ਰਾਖਵੀਂ ਰਕਮ ਤੋਂ ਵੀ ਵਧੇਰੇ ਕੀਤਾ ਜਾ ਰਿਹਾ ਹੈ। ਸੁਰੱਖਿਆ ਉੱਤੇ ਬਜਟ ਵਿੱਚ ਜੋ ਰਕਮ ਰਾਖਵੀਂ ਰੱਖੀ ਗਈ ਸੀ, ਅਸਲ ਖਰਚਾ ਉਸ ਤੋਂ 2020-2021 ਵਿੱਚ 20,776 ਕਰੋੜ ਰੁਪਏ ਵਧੇਰੇ, 2021-2022 ਵਿੱਚ 24,689 ਕਰੋੜ ਰੁਪਏ ਵਧੇਰੇ ਤੇ 2022-2023 ਵਿੱਚ 60,000 ਕਰੋੜ ਰੁਪਏ ਵਧੇਰੇ ਕੀਤਾ ਗਿਆ। ਸਿਰਫ਼ ਇਹ ਹੀ ਨਹੀਂ ਅਸਲ ਮਾਅਨਿਆਂ ਵਿੱਚ ਸਰਕਾਰ ਦਾ ਸੁਰੱਖਿਆ ਬਜਟ ਇਸ ਤੋਂ ਵੀ ਕਿਤੇ ਵੱਧ ਹੈ ਕਿਉਂਕਿ ਕੀਤੇ ਜਾਣ ਵਾਲ਼ੇ ਫ਼ੌਜੀ ਖ਼ਰਚੇ ਸਿਰਫ਼ ਸੁਰੱਖਿਆ ਮਦ ਹੇਠ ਨਹੀਂ ਆਉਂਦੇ। ਬਜਟ ਵਿੱਚ ਇੱਕ ਮਦ ਗ੍ਰਹਿ ਮੰਤਰਾਲੇ ਨੂੰ ਜਾਰੀ ਕੀਤੀ ਗਈ ਰਕਮ ਹੁੰਦੀ ਹੈ, ਜਿਸ ਦਾ ਸਭ ਤੋਂ ਵੱਡਾ ਹਿੱਸਾ ਹਥਿਆਰਬੰਦ ਤਾਕਤਾਂ ਉੱਤੇ ਹੀ ਖ਼ਰਚਿਆ ਜਾਂਦਾ ਹੈ। ਸਾਲ 2023-24 ਦੇ ਬਜਟ ਵਿੱਚ ਗ੍ਰਹਿ ਮੰਤਰਾਲੇ ਨੂੰ ਜਾਰੀ ਕੀਤੀ ਗਈ ਰਾਸ਼ੀ 1,96,035 ਕਰੋੜ ਵਿੱਚੋਂ 1,27,756.74 ਕਰੋੜ ਰੁਪਏ ਸੀ.ਆਰ.ਪੀ.ਐਫ ਨੂੰ ਜਾਰੀ ਕੀਤੇ ਗਏ ਹਨ। ਇੰਝ ਵੱਖੋ-ਵੱਖ ਮਦਾਂ ਰਾਹੀਂ ਸਰਕਾਰ ਵੱਲੋਂ ਫ਼ੌਜੀ ਖ਼ਰਚੇ ਲਈ ਰਾਖਵੀਂ ਰਕਮ ਨੂੰ ਜੇ ਦੇਖੀਏ ਤਾਂ ਕੁੱਲ ਸੁਰੱਖਿਆ ਬਜਟ 5.94 ਲੱਖ ਕਰੋੜ ਦੀ ਥਾਵੇਂ 7.6 ਲੱਖ ਕਰੋੜ ਤੱਕ ਪਹੁੰਚ ਜਾਂਦਾ ਹੈ।

# ਪੁਤਿਨ ਵੱਲੋਂ ਬੇਲਾਰੂਸ ਵਿੱਚ ਰਣਨੀਤਕ ਪ੍ਰਮਾਣੂ ਹਥਿਆਰਾਂ ਨੂੰ ਤਾਇਨਾਤ ਕਰਨ ਦੀ ਯੋਜਨਾ ਦਾ ਐਲਾਨ

### ਨਾਟੋ ਨੇ ਵਲਾਦੀਮੀਰ ਪੁਤਿਨ ਦੀ 'ਖ਼ਤਰਨਾਕ ਪਰਮਾਣੂ' ਬਿਆਨਬਾਜ਼ੀ ਲਈ ਨਿੰਦਾ ਕੀਤੀ

ਕੀਵ - ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਬੇਲਾਰੂਸ ਵਿੱਚ ਰਣਨੀਤਕ ਪ੍ਰਮਾਣੂ ਹਥਿਆਰਾਂ ਨੂੰ ਤਾਇਨਾਤ ਕਰਨ ਦੀ ਯੋਜਨਾ ਦਾ ਐਲਾਨ ਕਰਨ ਤੋਂ ਬਾਅਦ ਨਾਟੋ ਨੇ ਵਲਾਦੀਮੀਰ ਪੁਤਿਨ ਦੀ 'ਖਤਰਨਾਕ ਪਰਮਾਣੂ' ਬਿਆਨਬਾਜ਼ੀ ਲਈ ਨਿੰਦਾ ਕੀਤੀ, ਜਦੋਂ ਕਿ ਰੂਸ ਦੀਆਂ ਫੌਜਾਂ ਨੇ ਫਰੰਟਲਾਈਨ ਯੂਕਰੇਨੀ ਸ਼ਹਿਰ ਅਵਦੀਵਕਾ 'ਤੇ ਗੋਲੀਬਾਰੀ ਤੇਜ਼ ਕਰ ਦਿੱਤੀ।

ਪੁਤਿਨ ਨੇ ਆਪਣੀ ਬੇਲਾਰੂਸ ਯੋਜਨਾ ਦੀ ਤੁਲਨਾ ਯੂਨਾਈਟਿਡ ਸਟੇਟ ਦੁਆਰਾ ਯੂਰਪ ਵਿੱਚ ਆਪਣੇ ਹਥਿਆਰਾਂ ਨੂੰ ਤਾਇਨਾਤ ਕਰਨ ਨਾਲ ਕੀਤੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਰੂਸ ਆਪਣੇ ਪ੍ਰਮਾਣੂ ਅਪ੍ਰਸਾਰ ਵਾਅਦਿਆਂ ਦੀ ਉਲੰਘਣਾ ਨਹੀਂ ਕਰੇਗਾ।

ਪੁਤਿਨ ਨੇ ਕਿਹਾ ਕਿ ਪੱਛਮੀ ਸ਼ਕਤੀਆਂ ਦੂਜੇ ਵਿਸ਼ਵ ਯੁੱਧ ਦੌਰਾਨ ਜਰਮਨੀ ਅਤੇ ਜਾਪਾਨ ਦੀ ਭਾਈਵਾਲੀ ਵਾਂਗ ਇੱਕ ਨਵਾਂ ਧੁਰਾ ਬਣਾ ਰਹੀਆਂ ਹਨ, ਜਦੋਂ ਕਿ ਰੂਸ ਦੁਆਰਾ ਚੀਨ ਦੇ ਨਾਲ ਇੱਕ ਫੌਜੀ ਗਠਜੋੜ ਬਣਾਉਣ ਤੋਂ ਇਨਕਾਰ ਕੀਤਾ ਗਿਆ।

ਨਾਟੋ ਦੀ ਬੁਲਾਰਾ ਓਆਨਾ ਲੁੰਗੇਸਕੂ ਨੇ ਕਿਹਾ ਕਿ ਰੂਸ ਦੀ ਪਰਮਾਣੂ ਬਿਆਨਬਾਜ਼ੀ ਖਤਰਨਾਕ ਅਤੇ ਗੈਰ-



IMAGE : AP

ਜ਼ਿੰਮੇਵਾਰਾਨਾ ਹੈ।

ਉਹਨਾਂ ਕਿਹਾ ਕਿ ਨਾਟੋ ਚੌਕਸ ਹੈ ਅਤੇ ਅਸੀਂ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ। ਅਸੀਂ ਰੂਸ ਦੀ ਪ੍ਰਮਾਣੂ ਸਥਿਤੀ ਵਿੱਚ ਕੋਈ ਬਦਲਾਅ ਨਹੀਂ ਦੇਖਿਆ ਹੈ ਜੋ ਸਾਨੂੰ ਆਪਣੇ ਆਪ ਨੂੰ ਅਨੁਕੂਲ ਕਰਨ ਲਈ ਅਗਵਾਈ ਕਰੇਗਾ।

ਹਾਲਾਂਕਿ ਲੁੰਗੇਸਕੂ ਨੇ ਕਿਹਾ ਕਿ ਪੁਤਿਨ ਦੀ ਗੈਰ-ਪ੍ਰਸਾਰਣ ਦੀ ਵਚਨਬੱਧਤਾ ਅਤੇ ਵਿਦੇਸ਼ਾਂ ਵਿੱਚ ਅਮਰੀਕੀ ਹਥਿਆਰਾਂ ਦੀ ਤੈਨਾਤੀ ਦਾ ਉਸ ਦਾ ਵਰਣਨ ਨਿਸ਼ਾਨ ਤੋਂ ਬਾਹਰ ਸੀ।ਨਾਟੋ ਦੇ ਪਰਮਾਣੂ ਸ਼ੇਅਰਿੰਗ ਲਈ ਰੂਸ ਦਾ ਹਵਾਲਾ ਪੂਰੀ ਤਰ੍ਹਾਂ ਗੁੰਮਰਾਹਕੁੰਨ ਹੈ। ਨਾਟੋ ਸਹਿਯੋਗੀ ਆਪਣੀਆਂ ਅੰਤਰਰਾਸ਼ਟਰੀ ਵਚਨਬੱਧਤਾਵਾਂ ਦੇ ਪੂਰੇ ਸਨਮਾਨ ਨਾਲ ਕੰਮ ਕਰਦੇ ਹਨ।

ਇਸੇ ਦੌਰਾਨ ਯੂਕਰੇਨ ਦੇ ਸੁਰੱਖਿਆ ਮੁਖੀ ਓਲੇਕਸੀ ਡੈਨੀਲੋਵ ਨੇ ਕਿਹਾ ਕਿ ਰੂਸ ਦੀ ਯੋਜਨਾ ਬੇਲਾਰੂਸ ਨੂੰ ਅਸਥਿਰ ਕਰ ਦੇਵੇਗੀ, ਜਿਸਨੂੰ ਮਾਸਕੋ ਦੁਆਰਾ ਬੰਧਕ ਬਣਾਇਆ ਗਿਆ ਸੀ।

ਪੁਤਿਨ ਦੀ ਯੋਜਨਾ ਦੀ ਨਿੰਦਾ ਕਰਨ ਵਾਲੇ ਲਿਥੁਆਨੀਆ ਨੇ ਕਿਹਾ ਕਿ ਇਹ ਮਾਸਕੋ ਅਤੇ ਮਿੰਸਕ ਦੇ ਵਿਰੁੱਧ ਨਵੀਆਂ ਪਾਬੰਦੀਆਂ ਦੀ ਮੰਗ ਕਰੇਗਾ, ਜਦੋਂ ਕਿ ਯੂਰਪੀਅਨ ਯੂਨੀਅਨ ਦੇ ਨੀਤੀ ਮੁਖੀ ਜੋਸੇਪ ਬੋਰੇਲ ਨੇ ਬੇਲਾਰੂਸ ਨੂੰ ਹਥਿਆਰਾਂ ਦੀ ਮੇਜ਼ਬਾਨੀ ਨਾ ਕਰਨ ਦੀ ਅਪੀਲ ਕੀਤੀ ਅਤੇ ਹੋਰ ਪਾਬੰਦੀਆਂ ਦੀ ਧਮਕੀ ਦਿੱਤੀ।

ਜ਼ਿਕਰਯੋਗ ਹੈ ਕਿ ਬੇਲਾਰੂਸ ਅਤੇ ਰੂਸ ਦੇ ਨਜ਼ਦੀਕੀ ਫੌਜੀ ਸਬੰਧ ਹਨ ਅਤੇ ਮਿੰਸਕ ਨੇ ਮਾਸਕੋ ਨੂੰ ਪਿਛਲੇ ਸਾਲ ਯੂਕਰੇਨ ਦੇ ਬਾਅਦ ਦੇ ਹਮਲੇ ਲਈ ਇੱਕ ਸਟੇਜਿੰਗ ਬਿੰਦੂ ਵਜੋਂ ਆਪਣੇ ਖੇਤਰ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਸੀ।

ਮਾਹਰ ਰੂਸ ਦੇ ਇਸ ਕਦਮ ਨੂੰ ਮਹੱਤਵਪੂਰਨ ਸਮਝਦੇ ਹਨ ਕਿਉਂਕਿ ਉਹ ਹੁਣ ਤੱਕ, ਸੰਯੁਕਤ ਰਾਜ ਦੇ ਉਲਟ, ਆਪਣੀਆਂ ਸਰਹੱਦਾਂ ਦੇ ਬਾਹਰ ਪ੍ਰਮਾਣੂ ਹਥਿਆਰਾਂ ਦੀ ਤਾਇਨਾਤੀ ਨਾ ਕਰਨ 'ਤੇ ਮਾਣ ਮਹਿਸੂਸ ਕਰਦਾ ਸੀ। 1990 ਦੇ ਦਹਾਕੇ ਦੇ ਅੱਧ ਤੋਂ ਬਾਅਦ ਇਹ ਪਹਿਲੀ ਵਾਰ ਹੋ ਸਕਦਾ ਹੈ ਜਦੋਂ ਉਹ ਅਜਿਹਾ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਸੰਯੁਕਤ ਰਾਜ ਅਮਰੀਕਾ ਨੇ ਰੂਸ ਦੀ ਯੋਜਨਾਬੱਧ ਤਾਇਨਾਤੀ ਬਾਰੇ ਚਿੰਤਾਵਾਂ ਨੂੰ ਨਕਾਰ ਦਿੱਤਾ।

ਵ੍ਹਾਈਟ ਹਾਊਸ ਦੀ ਰਾਸ਼ਟਰੀ ਸੁਰੱਖਿਆ ਪਰਿਸ਼ਦ ਦੇ ਬੁਲਾਰੇ ਜੌਨ ਕਿਰਬੀ ਨੇ ਕਿਹਾ ਕਿ ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਅਸੀਂ ਅਜਿਹਾ ਕੁਝ ਨਹੀਂ ਦੇਖਿਆ ਹੈ ਜੋ ਇਹ ਸੰਕੇਤ ਕਰਦਾ ਹੈ ਕਿ ਸ਼੍ਰੀ ਪੁਤਿਨ ਯੂਕਰੇਨ ਵਿੱਚ ਕਿਸੇ ਵੀ ਤਰੀਕੇ ਨਾਲ ਰਣਨੀਤਕ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਤਿਆਰੀ ਕਰ ਰਹੇ ਹਨ।ਉਹਨਾਂ ਕਿਹਾ ਕਿ ਮੈਂ ਤੁਹਾਨੂੰ ਇਹ ਵੀ ਦੱਸ ਸਕਦਾ ਹਾਂ ਕਿ ਅਸੀਂ ਅਜਿਹਾ ਕੁਝ ਨਹੀਂ ਦੇਖਿਆ ਹੈ ਜਿਸ ਨਾਲ ਅਸੀਂ ਆਪਣੀ ਰਣਨੀਤਕ ਪ੍ਰਮਾਣੂ ਰੋਕੂ ਸਥਿਤੀ ਨੂੰ ਬਦਲ ਸਕਦੇ ਹਾਂ।ਰਣਨੀਤਕ ਪਰਮਾਣੂ ਹਥਿਆਰ ਉਹ ਹੁੰਦੇ ਹਨ ਜੋ ਸ਼ਹਿਰਾਂ ਦਾ ਸਫਾਇਆ ਕਰਨ ਦੇ ਸਮਰੱਥ ਹੋਣ ਦੀ ਬਜਾਏ ਯੁੱਧ ਦੇ ਮੈਦਾਨ ਵਿੱਚ ਖਾਸ ਲਾਭ ਕਮਾਉਣ ਲਈ ਵਰਤੇ ਜਾਂਦੇ ਹਨ। ਇਹ ਅਸਪਸ਼ਟ ਹੈ ਕਿ ਰੂਸ ਕੋਲ ਅਜਿਹੇ ਕਿੰਨੇ ਹਥਿਆਰ ਹਨ, ਕਿਉਂਕਿ ਇਹ ਵਿਸ਼ਾ ਅਜੇ ਵੀ ਸ਼ੀਤ ਯੁੱਧ ਦੀ ਗੁਪਤਤਾ ਵਿੱਚ ਘਿਰਿਆ ਹੋਇਆ ਹੈ।

# ਭਾਜਪਾ ਦੀਆਂ ਫ਼ਿਰਕੂ ਧਰੁਵੀਕਰਨ ਦੀਆਂ ਕੋਸ਼ਿਸ਼ਾਂ ਤੇ ਹਿੰਦੁਤਵ ਦੀ ਦੱਖਣੀ ਪ੍ਰਯੋਗਸ਼ਾਲਾ ਕਰਨਾਟਕ



ਰਾਮਚੰਦਰ ਗੁਹਾ
ਇਤਿਹਾਸਕਾਰ

ਦੋ ਕੁ ਮਹੀਨੇ ਪਹਿਲਾਂ ਮੈਂ ਬੰਗਲੂਰੂ ਦੀ ਚਰਚ ਸਟਰੀਟ 'ਤੇ ਇਕ ਵੱਡੇ ਕਿਤਾਬਘਰ ਵਿਚੋਂ ਭਾਰਤ ਬਾਰੇ ਇਕ ਫਰਾਂਸੀਸੀ ਵਿਦਵਾਨ ਦੀ ਕਿਤਾਬ ਦੀ ਕਾਪੀ ਚੁੱਕ ਲਈ। ਉਨ੍ਹਾਂ ਦਾ ਇਹ ਅਕਾਦਮਿਕ ਕਾਰਜ ਦੋ ਦਹਾਕੇ ਪਹਿਲਾਂ ਪ੍ਰਕਾਸ਼ਿਤ ਹੋਇਆ ਸੀ, ਪਰ ਇਹ ਮੌਜੂਦਾ ਸਮਿਆਂ ਦੀ ਇਬਾਰਤ ਬਣ ਜਾਂਦਾ ਹੈ। ਜੈਕੀ ਅਸਾਯਾਗ ਦੀ ਇਹ ਰਚਨਾ 'ਐਟ ਦਿ ਕਨਫਲੂਐਂਸ ਆਫ ਟੂ ਰਿਵਰਜ਼: ਮੁਸਲਿਮਜ਼ ਐਂਡ ਹਿੰਦੂਜ਼ ਇਨ ਸਾਊਥ ਇੰਡੀਆ' (ਦੋ ਨਦੀਆਂ ਦੇ ਸੰਗਮ 'ਤੇ: ਦੱਖਣੀ ਭਾਰਤ ਵਿਚ ਮੁਸਲਮਾਨ ਅਤੇ ਹਿੰਦੂ) ਵਿਚ ਉੱਤਰੀ ਕਰਨਾਟਕ 'ਚ ਵੱਸਦੇ ਹਿੰਦੂਆਂ ਤੇ ਮੁਸਲਮਾਨਾਂ ਦੇ ਰਿਸ਼ਤਿਆਂ ਨੂੰ ਬਹੁਤ ਡੂੰਘਾਈ ਨਾਲ ਚਿੱਤਰਿਆ ਗਿਆ ਹੈ। ਪ੍ਰੋਫੈਸਰ ਅਸਾਯਾਗ ਉਨ੍ਹਾਂ ਵਿਦਵਾਨਾਂ ਨਾਲ ਸਹਿਮਤੀ ਨਹੀਂ ਰੱਖਦੇ ਜੋ ਬਸਤੀਵਾਦੀ ਕਾਲ ਤੋਂ ਪਹਿਲਾਂ ਦੇ ਹਿੰਦੋਸਤਾਨ ਵਿੱਚ ਸੰਪੂਰਨ ਹਿੰਦੂ-ਮੁਸਲਮਾਨ ਸੰਗਮ ਜਾਂ ਉਸ ਸਾਂਝੀ ਤਹਿਜ਼ੀਬ ਦੀਆਂ ਗੱਲਾਂ ਕਰਦੇ ਹਨ ਜਿਸ ਸਦਕਾ ਦੋਵੇਂ ਭਾਈਚਾਰਿਆਂ ਦਰਮਿਆਨ ਸ਼ਾਂਤੀ ਤੇ ਭਾਈਚਾਰਾ ਕਾਇਮ ਹੋਇਆ ਸੀ। ਇਸ ਦੇ ਬਾਵਜੂਦ ਉਨ੍ਹਾਂ ਦੀ ਦਲੀਲ ਹੈ ਕਿ ਇਤਿਹਾਸ ਦੇ ਲੰਮੇ ਕਾਲ ਦੌਰਾਨ ਹਿੰਦੂ ਤੇ ਮੁਸਲਮਾਨ ਬਿਨਾਂ ਕਿਸੇ ਆਪਸੀ ਖਿੱਚੋਤਾਣ ਤੋਂ ਇਕੱਠੇ ਰਹਿੰਦੇ ਆ ਰਹੇ ਸਨ। ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਟਕਰਾਅ ਨਾਲੋਂ ਮੇਲ ਜੋਲ ਜਾਂ ਸਹਿਹੋਂਦ ਦਾ ਪੱਖ ਭਾਰੀ ਰਹਿੰਦਾ ਸੀ। ਉਨ੍ਹਾਂ ਦਾ ਆਰਥਿਕ ਜੀਵਨ ਇਕ-ਦੂਜੇ 'ਤੇ ਨਿਰਭਰਤਾ ਵਾਲਾ ਸੀ ਜਿਸ ਤਹਿਤ ਹਿੰਦੂ ਦੁਕਾਨਦਾਰ ਮੁਸਲਮਾਨ ਗਾਹਕਾਂ ਦੀ ਸੇਵਾ ਕਰਦੇ ਸਨ ਤੇ ਇਸੇ ਤਰ੍ਹਾਂ ਮੁਸਲਮਾਨ ਦੁਕਾਨਦਾਰ ਹਿੰਦੂ ਗਾਹਕਾਂ ਦਾ ਖ਼ਿਆਲ ਰੱਖਦੇ ਸਨ। ਹਾਲਾਂਕਿ ਉਹ ਵੱਖੋ ਵੱਖਰੇ ਵਰਗਾਂ ਵਿੱਚ ਰਹਿੰਦੇ ਸਨ ਅਤੇ ਅੰਤਰ-ਧਰਮ ਵਿਆਹਾਂ ਤੇ ਦੋਸਤੀਆਂ ਬਾਰੇ ਘੱਟ ਹੀ ਸੁਣਨ ਨੂੰ ਮਿਲਦਾ ਸੀ ਪਰ ਸਦੀਆਂ ਤੋਂ ਹਿੰਦੂਆਂ ਤੇ ਮੁਸਲਮਾਨਾਂ ਨੇ ਆਮ ਤੌਰ 'ਤੇ ਗਲੀਆਂ ਤੇ ਬਾਜ਼ਾਰਾਂ ਵਿੱਚ ਤੇ ਕਦੇ ਕਦਾਈਂ ਧਾਰਮਿਕ ਅਸਥਾਨਾਂ 'ਤੇ ਇਕ ਦੂਜੇ ਨਾਲ ਮਿਲ ਜੁਲ ਕੇ ਵਿਚਰਨ ਦਾ ਵੱਲ ਸਿੱਖ ਲਿਆ ਸੀ।

ਇਸ ਕਿਤਾਬ ਦੇ ਇਕ ਹਿੱਸੇ ਵਿੱਚ ਉਨ੍ਹਾਂ ਧਰਮ ਅਸਥਾਨਾਂ ਦਾ ਜ਼ਿਕਰ ਹੈ ਜਿੱਥੇ ਹਿੰਦੂ ਤੇ ਮੁਸਲਮਾਨ ਅਕਸਰ ਦੋਵੇਂ ਜਾਂਦੇ ਸਨ। ਇਨ੍ਹਾਂ ਵਿੱਚ ਇਕ ਸੜਕ ਕਿਨਾਰੇ ਬਣੀ ਮੁਸਲਿਮ ਫ਼ਕੀਰ ਦੀ ਦਰਗਾਹ ਵੀ ਸ਼ਾਮਲ ਹੈ ਜਿੱਥੇ 'ਸਾਰੇ ਪਿੰਡ ਵਾਸੀ ਪੀਰ ਨੂੰ ਸਿਜਦਾ ਕਰਦੇ ਸਨ ਅਤੇ ਉੱਥੇ ਕੁਝ ਹਿੰਦੂ ਸ਼ਰਧਾਲੂ ਵੀ ਮੱਥਾ ਟੇਕਦੇ ਸਨ, ਅਤੇ ਕੋਈ ਵੀ ਨਵਾਂ ਕਾਰੋਬਾਰ ਸ਼ੁਰੂ ਕਰਨ ਤੋਂ ਪਹਿਲਾਂ ਪੀਰ ਦਾ ਆਸ਼ੀਰਵਾਦ ਲੈਣਾ ਕੋਈ ਨਹੀਂ ਭੁੱਲਦਾ ਸੀ।' ਪ੍ਰੋ. ਅਸਾਯਾਗ ਨੇ 12ਵੀਂ ਸਦੀ ਦੇ ਮਹਾਨ ਸੁਧਾਰਕ ਬਾਸਵੰਨਾ ਦੀ ਯਾਦ ਵਿੱਚ ਲੱਗਦੇ ਸਾਲਾਨਾ ਮੇਲੇ ਬਾਰੇ ਲਿਖਿਆ ਹੈ ਜਿਨ੍ਹਾਂ ਨਾਲ ਮੱਝ ਦੀ ਮਿੱਥ ਜੁੜੀ ਹੈ। ਇਸ ਮੌਕੇ ਹਿੰਦੂ ਅਤੇ ਮੁਸਲਮਾਨ ਦੋਵੇਂ ਆਪੋ ਆਪਣੀਆਂ ਮੱਝਾਂ ਨੂੰ ਬਾਸਵੰਨਾ ਦੇ ਅਵਤਾਰ ਵਜੋਂ ਪੂਜਦੇ ਹਨ। ਪ੍ਰੋ. ਅਸਾਯਾਗ ਨੇ ਆਪਣੀ ਕਿਤਾਬ ਵਿੱਚ ਜਿਸ ਧਾਰਮਿਕ ਮੇਲ ਜੋਲ ਦੀ ਉਮਦਾ ਮਿਸਾਲ ਦਾ ਜ਼ਿਕਰ ਕੀਤਾ ਹੈ, ਉਹ ਹੈ ਲੋਕ ਨਾਇਕ ਰਾਜਾ ਬਾਘ ਸਵਾਰ ਦੀ ਜਿਸ ਨੂੰ ਹਿੰਦੂ ਗੁਰੂ ਤੇ ਮੁਸਲਮਾਨ ਪੀਰ ਮੰਨਦੇ ਹਨ। ਇਨ੍ਹਾਂ ਧਰਮ ਅਸਥਾਨਾਂ ਦਾ ਅਧਿਐਨ ਕਰਦਿਆਂ ਅਸਾਯਾਗ ਨੇ ਪਾਇਆ ਕਿ 'ਵਿਸ਼ਨੂੰ ਦਾ ਅਵਤਾਰ ਅਤੇ ਅੱਲ੍ਹਾ ਦਾ ਰੂਪ ਇਕ ਫ਼ਕੀਰ ਵਿੱਚ ਵਿਦਮਾਨ ਹੁੰਦਾ ਹੈ ਜੋ ਦੁਨੀਆ ਤੋਂ ਵੈਰਾਗ ਲੈ ਲੈਂਦਾ ਹੈ, ਉਹ ਇਕ ਚੰਗਾ ਗਵੱਈਆ ਤੇ ਰਿੱਧੀ ਸਿੱਧੀਆਂ ਦਾ ਮਾਲਕ ਵੀ ਸੀ ਅਤੇ ਵੈਸ਼ਣਵ ਭਗਤੀ ਤੇ ਇਸਲਾਮ ਦੇ ਹਰੇ ਬੈਨਰ ਨੂੰ ਇਕਮਿਕ ਕਰ ਦਿੰਦਾ ਹੈ।'





ਕਰਨਾਟਕ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ ਤੇ ਇਸੇ ਪਸਮੰਜ਼ਰ ਵਿੱਚ ਮੈਂ ਪ੍ਰੋ. ਅਸਾਯਾਗ ਦੀ ਇਹ ਕਿਤਾਬ ਪੜ੍ਹ ਰਿਹਾ ਸੀ। ਸੂਬੇ ਵਿੱਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਆਪਣੇ ਚੋਣ ਪ੍ਰਚਾਰ ਦੀ ਧੁਰੀ ਗਿਣ ਮਿੱਥ ਕੇ 'ਹਿੰਦੂ ਬਨਾਮ ਮੁਸਲਮਾਨ' ਬਣਾਉਣ ਦਾ ਰਾਹ ਫੜ ਲਿਆ ਹੈ। ਉਸ ਨੇ ਇਹ ਫ਼ੈਸਲਾ ਤਕਰੀਬਨ ਸਾਲ ਪਹਿਲਾਂ ਹੀ ਲੈ ਲਿਆ ਸੀ। ਇਸੇ ਕਰਕੇ ਕਦੇ ਹਿਜਾਬ ਪਹਿਨਣ ਤੋਂ ਵਿਵਾਦ ਭੜਕ ਗਿਆ, ਕਦੇ ਹਲਾਲ ਮੀਟ ਦੇ ਨਾਂ ਉੱਪਰ ਅਤੇ ਕਦੇ ਹਿੰਦੂਆਂ ਤੇ ਮੁਸਲਮਾਨਾਂ ਦਰਮਿਆਨ ਮੁਹੱਬਤੀ ਰਿਸ਼ਤਿਆਂ 'ਤੇ ਖ਼ਰੂਦ ਪਾਇਆ ਜਾਂਦਾ ਹੈ। ਇਸ ਖ਼ਰੂਦ ਵਿੱਚ ਸੰਘ ਪਰਿਵਾਰ ਦੀ ਮੁੱਖਧਾਰਾ ਅਤੇ ਕੱਟੜਪੰਥੀ ਅਨਸਰ ਦੋਵੇਂ ਸ਼ਰੀਕ ਰਹਿੰਦੇ ਹਨ। ਕਰਨਾਟਕ ਦੇ ਹਿੰਦੂਆਂ ਨੂੰ ਭੈਅਭੀਤ ਬਣਾ ਕੇ ਰੱਖਣਾ ਅਤੇ ਮੁਸਲਮਾਨਾਂ ਦੇ ਮਨਾਂ ਵਿਚ ਸੰਦੇਹ ਭਰਨਾ ਸੂਬੇ ਅੰਦਰ ਭਾਜਪਾ ਦੀ ਮੂਲ ਚੁਣਾਵੀ ਰਣਨੀਤੀ ਹੈ।

ਭਾਜਪਾ ਜੁਲਾਈ 2019 ਵਿੱਚ ਕਾਂਗਰਸ-ਜਨਤਾ ਦਲ (ਸੈਕੂਲਰ) ਗੱਠਜੋੜ ਦੇ ਵਿਧਾਇਕਾਂ ਨੂੰ ਤੋੜ ਕੇ ਕਰਨਾਟਕ ਦੀ ਸੱਤਾ ਵਿੱਚ ਆਈ ਸੀ। ਪਿਛਲੇ ਸਾਢੇ ਤਿੰਨ ਸਾਲਾਂ ਦਾ ਭਾਜਪਾ ਸਰਕਾਰ ਦਾ ਰਿਕਾਰਡ ਮੰਦਾ ਰਿਹਾ ਹੈ। ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ; ਪ੍ਰਸ਼ਾਸਕੀ ਨਾਅਹਿਲੀਅਤ ਪ੍ਰਤੱਖ ਨਜ਼ਰ ਆ ਰਹੀ ਹੈ ਕਿ ਕਿਵੇਂ ਪਿਛਲੇ ਸਾਲ ਜੁਲਾਈ ਮਹੀਨੇ ਮਾਨਵੀ ਕਾਰਨਾਂ ਕਰਕੇ ਆਏ ਹੜ੍ਹਾਂ ਨਾਲ ਸੂਚਨਾ ਤਕਨਾਲੋਜੀ ਸਨਅਤ ਦੀ ਸ਼ੋਅਪੀਸ ਅਤੇ ਸੂਬਾਈ ਰਾਜਧਾਨੀ ਵਿਚ ਤਬਾਹੀ ਮੱਚੀ ਸੀ।

ਕੁਝ ਲੋਕਾਂ ਦੀ ਦਲੀਲ ਹੈ ਕਿ ਸੱਤਾਧਾਰੀ ਪਾਰਟੀ ਦਾ 'ਹਿੰਦੂ ਬਨਾਮ ਮੁਸਲਮਾਨ' ਏਜੰਡਾ ਅਸਲ ਵਿੱਚ ਆਪਣੀ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਨੂੰ ਛੁਪਾਉਣ ਦਾ ਹਰਬਾ ਹੈ। ਉਂਝ ਦੇਖਿਆ ਜਾਵੇ ਤਾਂ ਇਹ ਪਾਰਟੀ ਦੀ ਵਿਚਾਰਧਾਰਾ ਦਾ ਮਾਮਲਾ ਹੈ। ਕਰਨਾਟਕ ਦੀ ਸਿਆਸਤ 'ਤੇ ਲੰਮੇ ਸਮੇਂ ਤੋਂ ਨਜ਼ਰ ਰੱਖਣ ਵਾਲੇ ਪ੍ਰੋਫੈਸਰ ਜੇਮਸ ਮੈਨਰ ਨੇ 'ਦਿ ਵਾਇਰ' ਵਿੱਚ ਲਿਖੇ ਇਕ ਲੇਖ ਵਿੱਚ ਕਿਹਾ ਹੈ ਕਿ 'ਭਾਜਪਾ ਦੀਆਂ ਫ਼ਿਰਕੂ ਧਰੁਵੀਕਰਨ ਦੀਆਂ ਕੋਸ਼ਿਸ਼ਾਂ ਨੂੰ ਪਿਛਲੇ ਕਈ ਮਹੀਨਿਆਂ ਤੋਂ ਬੱਝਵਾਂ ਰੂਪ ਦਿੱਤਾ ਜਾ ਰਿਹਾ ਸੀ ਅਤੇ ਹੁਣ ਇਹ ਉਸ ਮੁਕਾਮ 'ਤੇ ਪਹੁੰਚ ਗਈਆਂ ਹਨ ਜਿਸ ਦੀ ਮਿਸਾਲ ਹੋਰਨਾਂ ਸੂਬਿਆਂ ਵਿੱਚ ਦੇਖਣ ਨੂੰ ਨਹੀਂ ਮਿਲਦੀ'। ਉਨ੍ਹਾਂ ਦਾ ਖ਼ਿਆਲ ਹੈ ਕਿ 'ਕੱਟੜ ਹਿੰਦੁਤਵ ਦਾ ਇਹ ਸੰਚਾਲਨ ਕੇਂਦਰੀ ਆਗੂਆਂ ਦੇ ਥਾਪੇ ਭਾਜਪਾ ਦੇ ਅਹੁਦੇਦਾਰਾਂ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਨਿਯੁਕਤੀ ਦੇ ਦਿਨ ਤੋਂ ਹੀ ਉਨ੍ਹਾਂ ਦੀਆਂ ਖ਼ੁਆਹਿਸ਼ਾਂ ਸਪੱਸ਼ਟ ਕਰ ਦਿੱਤੀਆਂ ਜਾਂਦੀਆਂ ਹਨ। ਜਦੋਂ ਕਰਨਾਟਕ ਦੇ ਕਿਸੇ ਸੰਸਦ ਮੈਂਬਰ ਲਈ ਨਵੀਂ ਦਿੱਲੀ ਦੀ ਸੱਤਾ ਵਿੱਚ ਮੰਤਰੀ ਦਾ ਅਹੁਦਾ ਖੁੱਲ੍ਹਿਆ ਤਾਂ ਉਨ੍ਹਾਂ ਲਿੰਗਾਇਤ ਜਾਂ ਵੋਕਾਲਿਗਾ (ਸੂਬੇ ਦੇ ਪ੍ਰਮੁੱਖ ਤਬਕਿਆਂ) 'ਚੋਂ ਕਿਸੇ ਨੂੰ ਚੁਣਨ ਦੀ ਬਜਾਏ ਅਨੰਤ ਕੁਮਾਰ ਹੈਗੜੇ ਨੂੰ ਚੁਣਿਆ ਜੋ ਸਿਰੇ ਦੇ ਕੱਟੜ ਮੰਨੇ ਜਾਂਦੇ ਹਨ। ਉਨ੍ਹਾਂ ਦੱਖਣੀ ਬੰਗਲੂਰੂ ਤੋਂ ਇਕ ਹੋਰ ਅੱਗ ਲਾਊ ਅਖੌਤੀ ਉੱਚ ਜਾਤੀ ਸੰਸਦ ਮੈਂਬਰ ਤੇਜਸਵੀ ਸੂਰੀਆ ਨੂੰ ਭਾਜਪਾ ਦੇ ਰਾਸ਼ਟਰੀ ਯੁਵਾ ਵਿੰਗ ਦਾ ਪ੍ਰਧਾਨ ਬਣਾਇਆ।' ਅੱਗ ਲਾਊ ਅਨਸਰਾਂ ਦੀ ਇਸ ਸੂਚੀ ਵਿੱਚ ਜੇ ਹੋਰ ਨਾਂ ਸ਼ਾਮਲ ਕਰਨੇ ਹੋਣ ਤਾਂ ਭਾਜਪਾ ਦੇ ਜਨਰਲ ਸਕੱਤਰ ਬੀ.ਐਲ. ਸੰਤੋਸ਼ ਅਤੇ ਨਲਿਨ ਕੁਮਾਰ ਕਤੀਲ ਦੇ ਨਾਂ ਲਏ ਜਾ ਸਕਦੇ ਹਨ ਜੋ ਕ੍ਰਮਵਾਰ ਸੋਸ਼ਲ ਮੀਡੀਆ 'ਤੇ 'ਹਿੰਦੁਤਵ ਦੇ ਮਹਾਂ ਟ੍ਰੋਲ' ਗਿਣੇ ਜਾਂਦੇ ਹਨ ਅਤੇ ਭਾਜਪਾ ਦੀ ਕਰਨਾਟਕ ਇਕਾਈ ਦੇ ਪ੍ਰਧਾਨ ਹਨ।

ਇਨ੍ਹਾਂ ਸਾਰੀਆਂ ਨਿਯੁਕਤੀਆਂ ਪਿੱਛੇ ਅਮਿਤ ਸ਼ਾਹ ਦਾ ਹੱਥ ਹੈ ਜੋ ਸੂਬੇ ਦੀ ਸਿਆਸਤ ਵਿਚ ਆਪਣੀ ਪੁਜ਼ੀਸ਼ਨ ਤੋਂ ਕਿਤੇ ਵਧ ਕੇ ਸਰਗਰਮ ਭੂਮਿਕਾ ਨਿਭਾ ਰਹੇ ਹਨ। ਇਹ ਅਮਿਤ ਸ਼ਾਹ ਹੀ ਸਨ ਜਿਨ੍ਹਾਂ ਨੇ 2022 ਦੇ ਆਖ਼ਰੀ ਹਫ਼ਤੇ ਵਿੱਚ ਕਰਨਾਟਕ ਵਿੱਚ ਪਾਰਟੀ ਦੇ ਚੋਣ ਪ੍ਰਚਾਰ ਦਾ ਰਸਮੀ ਉਦਘਾਟਨ ਕੀਤਾ ਸੀ, ਜਦੋਂ ਉਨ੍ਹਾਂ ਮਾਂਡਿਆ ਵਿਖੇ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਵੋਟਰਾਂ ਨੂੰ 'ਟੀਪੂ ਸੁਲਤਾਨ ਦਾ ਮਹਿਮਾਗਾਨ ਕਰਨ ਵਾਲਿਆਂ' ਅਤੇ 'ਦੇਸ਼ਭਗਤਾਂ' ਵਿਚੋਂ ਕਿਸੇ ਇਕ ਦੀ ਚੋਣ ਕਰਨ ਦਾ ਸੱਦਾ ਦਿੱਤਾ ਸੀ। ਇੱਥੇ ਟੀਪੂ ਦੇ ਪ੍ਰਸ਼ੰਸਕਾਂ ਦਾ ਸਿੱਧਮ ਸਿੱਧਾ ਅਰਥ ਮੁਸਲਮਾਨਾਂ ਤੋਂ ਲਿਆ ਜਾਂਦਾ ਹੈ।



ਗ੍ਰਹਿ ਮੰਤਰੀ ਦਾ ਇਹ ਇਸ਼ਾਰਾ ਲੈ ਕੇ ਭਾਜਪਾ ਦੀ ਕਰਨਾਟਕ ਇਕਾਈ ਦੇ ਮੁਖੀ ਨੇ ਕੁਝ ਦਿਨਾਂ ਬਾਅਦ ਪਾਰਟੀ ਦੇ ਸਮਰਥਕ ਵੋਟਰਾਂ ਨੂੰ ਸੀਵਰੇਜ ਅਤੇ ਮਾੜੇ ਬੁਨਿਆਦੀ ਢਾਂਚੇ ਜਿਹੇ 'ਛੋਟੇ ਮੋਟੇ' ਮੁੱਦਿਆਂ ਦੀ ਥਾਂ 'ਲਵ ਜਹਾਦ' ਦੇ ਮੁੱਦੇ 'ਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ। ਕੁਝ ਸਮਾਂ ਪਹਿਲਾਂ ਹੀ ਸ੍ਰੀ ਕਤੀਲ ਨੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ 'ਟੀਪੂ ਦੇ ਪੈਰੋਕਾਰਾਂ ਨੂੰ ਇਸ ਜ਼ਮੀਨ 'ਤੇ ਨਹੀਂ ਰਹਿਣਾ ਦਿੱਤਾ ਜਾਣਾ ਚਾਹੀਦਾ ਸਗੋਂ ਰਾਮ ਦੇ ਭਜਨ ਗਾਉਣ ਵਾਲਿਆਂ ਨੂੰ ਹੀ ਰਹਿਣ ਦੇਣਾ ਚਾਹੀਦਾ ਹੈ।' ਯੋਧੇ ਅਤੇ ਸ਼ਾਸਕ ਦੇ ਤੌਰ 'ਤੇ ਟੀਪੂ ਸੁਲਤਾਨ ਦੀ ਵਿਰਾਸਤ 'ਤੇ ਵਿਵਾਦ ਉੱਠਦੇ ਰਹੇ ਹਨ ਪਰ ਇਹ ਵੀ ਤੱਥ ਹੈ ਕਿ ਉਨ੍ਹਾਂ ਹਿੰਦੂ ਮੰਦਰਾਂ ਨੂੰ ਦਾਨ ਦਿੱਤਾ ਸੀ ਭਾਵੇਂ ਸ਼ਾਸਕ ਦੇ ਤੌਰ 'ਤੇ ਉਹ ਆਪਣੀ ਮੁਸਲਿਮ ਪਛਾਣ ਨੂੰ ਵੀ ਉਭਾਰਦੇ ਸਨ। ਜੇ ਅਠਾਰਵੀਂ ਸਦੀ ਦੀ ਇਸ ਹਸਤੀ ਬਾਰੇ ਹਿੰਦੁਤਵੀ ਇਤਿਹਾਸਕਾਰਾਂ ਵੱਲੋਂ ਲਗਾਏ ਜਾਂਦੇ ਦੋਸ਼ ਸਹੀ ਵੀ ਹੋਣ ਤਾਂ ਇੱਕੀਵੀਂ ਸਦੀ ਵਿੱਚ ਇਸ ਦੇਸ਼ ਦੇ ਕਾਨੂੰਨ ਦਾ ਪਾਲਣ ਕਰਨ ਵਾਲੇ ਮੁਸਲਮਾਨਾਂ ਨੂੰ ਸਜ਼ਾ ਕਿਉਂ ਦਿੱਤੀ ਜਾਵੇ? ਅਜਿਹਾ ਕਰਨਾ ਕਿਸੇ ਵੀ ਲਿਹਾਜ਼ ਤੋਂ ਸਭਿਅਕ ਵਿਹਾਰ ਨਹੀਂ ਅਖਵਾ ਸਕਦਾ। ਉਂਝ, ਸਭਿਅਤਾ ਤੇ ਸੁਚੱਜ ਤਾਂ ਉਹ ਗੁਣ ਹਨ ਜਿਨ੍ਹਾਂ ਨਾਲ ਸੱਜੇਪੱਖੀਆਂ ਦਾ ਕੋਈ ਲਾਗਾ ਦੇਗਾ ਹੀ ਨਹੀਂ ਹੈ।

ਕਿਤਾਬ ਦੇ ਅੰਗਰੇਜ਼ੀ ਸੰਸਕਰਨ ਦੇ ਮੁੱਖ ਬੰਧ ਵਿੱਚ ਜੈਕੀ ਅਸਾਯਾਗ ਨੇ ਲਿਖਿਆ ਹੈ ਕਿ ਉਨ੍ਹਾਂ ਦੀ ਖੋਜ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਦੇ ਵਰਗਾਂ ਦਰਮਿਆਨ ਅਖੌਤੀ ਯੁੱਧ ਦੇ ਨੇਮ ਦੀ ਧਾਰਨਾ ਦਵੈਸ਼ ਅਤੇ ਨਸਲੀ ਰਾਸ਼ਟਰਵਾਦ ਜ਼ਰੀਏ ਇਤਿਹਾਸ ਨੂੰ ਝੂਠ ਦੀ ਪਾਣ ਚਾੜ੍ਹਨ ਦੇ ਅਮਲ 'ਚੋਂ ਉਪਜੀ ਹੈ। ਤ੍ਰਾਸਦੀ ਇਹ ਹੈ ਕਿ ਇਸ ਕਿਤਾਬ ਦੇ ਪ੍ਰਕਾਸ਼ਿਤ ਹੋਣ ਤੋਂ ਇੰਨੇ ਸਾਲਾਂ ਬਾਅਦ ਵੀ ਝੂਠੇ ਤੇ ਫਰਜ਼ੀ ਇਤਿਹਾਸ ਦੇ ਨਿਰਮਾਤਾ ਤੇ ਖ਼ਰੀਦਦਾਰ ਵਧਦੇ ਹੀ ਜਾ ਰਹੇ ਹਨ। ਸਿਆਸੀ ਪੱਧਰ 'ਤੇ ਹਿੰਦੂ ਵੋਟ ਬੈਂਕ ਦੇ ਨਿਰਮਾਣ ਦਾ ਭਾਜਪਾ ਨੂੰ ਅਥਾਹ ਲਾਹਾ ਮਿਲਿਆ ਹੈ। ਰੋਜ਼ਮਰ੍ਹਾ ਜੀਵਨ ਦੇ ਪੱਧਰ 'ਤੇ ਇਸ ਨੇ ਵੱਖੋ ਵੱਖਰੀਆਂ ਧਾਰਮਿਕ ਰਵਾਇਤਾਂ ਨਾਲ ਜੁੜੇ ਭਾਰਤ ਦੇ ਲੋਕਾਂ ਦਰਮਿਆਨ ਵੈਰਭਾਵ ਬਹੁਤ ਵਧਾ ਦਿੱਤਾ ਹੈ। ਪ੍ਰੋ. ਅਸਾਯਾਗ ਨੇ ਆਪਣਾ ਫੀਲਡ ਵਰਕ 1980ਵਿਆਂ ਤੇ 1990ਵਿਆਂ ਦੇ ਸ਼ੁਰੂ ਵਿੱਚ ਕੀਤਾ ਸੀ। ਇਹ ਉਹ ਸਮਾਂ ਸੀ ਜਦੋਂ ਉੱਤਰੀ ਤੇ ਪੱਛਮੀ ਭਾਰਤ ਵਿੱਚ ਹਿੰਦੂ ਮੁਸਲਿਮ ਦੰਗਿਆਂ ਦੀ ਲਹਿਰ ਚੱਲ ਰਹੀ ਸੀ ਜਿਸ ਦਾ ਅਸਰ ਕਰਨਾਟਕ ਵਿੱਚ ਵੀ ਦੇਖਣ ਨੂੰ ਮਿਲਿਆ ਸੀ। ਭਾਜਪਾ ਤੇਜ਼ੀ ਨਾਲ ਉੱਭਰਦੀ ਹੋਈ ਸਿਆਸੀ ਤਾਕਤ ਸੀ ਜਿਸ ਨੂੰ ਵੰਡਪਾਊ ਤੇ ਖ਼ੂਨ ਖਰਾਬੇ ਵਾਲੇ ਰਾਮ ਜਨਮਭੂਮੀ ਅੰਦੋਲਨ ਤੋਂ ਹੁਲਾਰਾ ਮਿਲਿਆ ਸੀ। ਪ੍ਰੋ. ਅਸਾਯਾਗ ਲਿਖਦੇ ਹਨ ਕਿ ਹਿੰਦੁਤਵ ਵਿਚਾਰਕ ਨਵੇਂ ਸਿਰਿਓਂ ਭਾਰਤ ਦਾ ਨਕਸ਼ਾ ਵਾਹੁਣਾ ਚਾਹੁੰਦੇ ਸਨ ਜਿਸ ਵਿਚ ਉਹ ਰਾਮਾਇਣ ਵਿਚ ਦਰਸਾਈ ਪਾਵਨ ਭੂਮੀ ਨੂੰ ਲੈ ਕੇ ਭੰਬਲਭੂਸੇ ਵਿਚ ਪਏ ਹੋਏ ਸਨ ਕਿ ਸ੍ਰੀ ਰਾਮ ਨੇ ਜਿਨ੍ਹਾਂ ਅਸੁਰਾ ਦਾ ਅੰਤ ਕੀਤਾ ਸੀ, ਉਹ ਇਸ ਸਮੇਂ ਮੁਸਲਮਾਨਾਂ ਦੇ ਰੂਪ ਵਿਚ ਮੌਜੂਦ ਹਨ। ਇਨ੍ਹਾਂ ਵਿਚਾਰਕਾਂ ਦੀ ਇੱਛਾ ਸੀ ਕਿ ਹਿੰਦੂ ਰਾਸ਼ਟਰ ਵਿਚ ਮੁਸਲਮਾਨਾਂ ਨੂੰ ਅਧੀਨਗੀ, ਚਲੇ ਜਾਣ ਜਾਂ ਫਿਰ ਮੁਕੰਮਲ ਖ਼ਾਤਮੇ 'ਚੋਂ ਕੋਈ ਇਕ ਹੀ ਰਾਹ ਚੁਣਨਾ ਪਵੇਗਾ। 1990ਵਿਆਂ ਦੇ ਅੰਤ ਤੱਕ ਕਰਨਾਟਕ ਵਿਚ ਫ਼ਿਰਕੂ ਉਨਮਾਦ ਕਾਫ਼ੀ ਹੱਦ ਤੱਕ ਲੱਥ ਗਿਆ ਸੀ।

ਇਸ ਸਦੀ ਦੇ ਪਹਿਲੇ ਦੋ ਦਹਾਕਿਆਂ ਦੌਰਾਨ ਨਿਸਬਤਨ ਸਮਾਜਿਕ ਸ਼ਾਂਤੀ ਦਾ ਮਾਹੌਲ ਚਲਦਾ ਰਿਹਾ। ਹੁਣ ਇਕ ਵਾਰ ਫਿਰ ਤਣਾਅ ਵਧ ਰਿਹਾ ਹੈ। ਹਾਲਾਂਕਿ ਇਸਲਾਮਿਕ ਕੱਟੜਪੁਣਾ ਬਿਲਕੁਲ ਵੀ ਨਦਾਰਦ ਨਹੀਂ ਹੈ ਪਰ ਗਿਣਤੀ, ਆਰਥਿਕ ਸ਼ਕਤੀ ਅਤੇ ਕੇਂਦਰ ਵਿੱਚ ਸਿਆਸੀ ਦਬਦਬੇ ਦੇ ਮੱਦੇਨਜ਼ਰ ਬਹੁਗਿਣਤੀ ਫ਼ਿਰਕਾਪ੍ਰਸਤੀ ਸੂਬੇ ਲਈ ਕਿਤੇ ਵੱਡਾ ਖ਼ਤਰਾ ਬਣ ਚੁੱਕੀ ਹੈ। ਪ੍ਰਧਾਨ ਮੰਤਰੀ ਅਤੇ ਆਰਐੱਸਐੱਸ ਮੁਖੀ ਵੱਲੋਂ ਕਦੇ ਕਦਾਈਂ ਮੁਸਲਿਮ ਭਾਈਚਾਰੇ ਤੱਕ ਪਹੁੰਚ ਕਰਨ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਪਰ ਗ੍ਰਹਿ ਮੰਤਰੀ, ਕਰਨਾਟਕ ਭਾਜਪਾ ਦੇ ਮੁਖੀ ਅਤੇ ਪਾਰਟੀ ਦੇ ਹੋਰਨਾਂ ਆਗੂਆਂ ਦੀ ਨਿੱਤ ਦੀ ਬਿਆਨਬਾਜ਼ੀ ਤੋਂ ਪਾਰਟੀ ਦੀ ਸਾਰੀ ਚੋਣ ਰਣਨੀਤੀ ਸਪੱਸ਼ਟ ਹੋ ਜਾਂਦੀ ਹੈ ਜਿਸ ਦਾ ਲਬੋ-ਲਬਾਬ (ਬਾਕੀ ਸਫ਼ਾ 31 'ਤੇ)

# ਭਾਰਤ 'ਚ ਪੇਂਡੂਆਂ ਨੂੰ ਨਹੀਂ ਮਿਲਦੀਆਂ ਸਿਹਤ ਸਹੂਲਤਾਂ



ਗੁਰਮੀਤ ਸਿੰਘ ਪਲਾਹੀ
ਮੋ. 9815802070

ਭਾਰਤ ਦੇਸ਼ ਦੀ ਵੱਡੀ ਪੇਂਡੂ ਅਬਾਦੀ ਆਪਣੀ ਸਿਹਤ ਵਿੱਚ ਵਿਗਾੜ ਸਮੇਂ ਝੋਲਾ ਛਾਪ ਡਾਕਟਰਾਂ ਜਾਂ ਝਾੜ-ਫੂਕ ਦੇ ਜ਼ਰੀਏ ਨਿਜਾਤ ਪਾਉਣ ਲਈ ਮਜ਼ਬੂਰ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵਲੋਂ ਖੋਲ੍ਹੀਆਂ ਗਈਆਂ ਪੇਂਡੂ ਡਿਸਪੈਂਸਰੀਆਂ ਜਾਂ ਸਿਹਤ ਕੇਂਦਰਾਂ 'ਚ ਨਿਯੁਕਤੀਆਂ ਹੋਣ ਦੇ ਬਾਵਜੂਦ ਵੀ ਡਾਕਟਰ ਪਿੰਡਾਂ 'ਚ ਡਿਊਟੀ ਲਈ ਨਹੀਂ ਪੁੱਜਦੇ, ਇਥੋਂ ਤੱਕ ਕਿ ਦੂਰ ਦੁਰਾਡੇ ਪਿੰਡਾਂ 'ਚ ਨਿਯੁੱਕਤ ਕੀਤੇ ਡਾਕਟਰ ਸ਼ਹਿਰਾਂ 'ਚ, ਜਿਥੇ ਉਹ ਰਿਹਾਇਸ਼ ਰੱਖਦੇ ਹਨ ਆਪਣੇ ਪ੍ਰਾਈਵੇਟ ਕਲੀਨਿਕ ਖੋਲ੍ਹਕੇ ਪ੍ਰੈਕਟਿਸ ਕਰਨ ਲੱਗਦੇ ਹਨ।

ਪੇਂਡੂ ਖੇਤਰਾਂ 'ਚ ਖੁਲ੍ਹੇ ਸਰਕਾਰੀ ਸਿਹਤ ਕੇਂਦਰਾਂ 'ਚ ਡਾਕਟਰੀ ਅਤੇ ਡਾਕਟਰੀ ਅਮਲੇ ਦੀ ਘਾਟ ਦਿਖਦੀ ਹੈ। ਭਾਵੇਂ ਦੇਸ਼ 'ਚ ਸਿਹਤ ਸਹੂਲਤਾਂ, ਸਿਹਤ ਬੀਮੇ ਰਾਹੀਂ ਮਿਲਦੀਆਂ ਸਹੂਲਤਾਂ, ਦੇ ਵੱਡੇ ਦਾਅਵੇ ਸਰਕਾਰਾਂ ਕਰਦੀਆਂ ਹਨ ਪਰ ਪਿੰਡਾਂ 'ਚ ਇੱਕ ਸਰਵੇਖਣ ਅਨੁਸਾਰ 80 ਫੀਸਦੀ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਹੈ। ਅਸਲ ਵਿੱਚ ਪਿੰਡਾਂ, ਸ਼ਹਿਰਾਂ ਦਰਮਿਆਨ ਸਿਹਤ ਸਹੂਲਤਾਂ ਦੀ ਵੱਡੀ ਖਾਈ ਹੈ, ਜੋ ਭਰੀ ਨਹੀਂ ਜਾ ਰਹੀ।

ਇਹ ਖਾਈ ਸਗੋਂ ਨਿਰੰਤਰ ਵਧ ਰਹੀ ਹੈ। ਸ਼ਹਿਰਾਂ 'ਚ ਵੱਡੇ-ਵੱਡੇ ਸਪੈਸ਼ਲਿਸਟ ਹਸਪਤਾਲ ਹਨ, ਲੈਬੋਰਟਰੀਆਂ ਹਨ, ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ ਵੱਲੋਂ ਚਲਾਏ ਜਾਂਦੇ ਹਸਪਤਾਲ ਹਨ, ਪਰ ਪਿੰਡਾਂ ਵਿੱਚ ਕੀ ਹੈ, ਜਿਥੇ ਉਂਝ ਵੀ ਵਿਕਾਸ ਦੇ ਨਾਮ ਉਤੇ ਦਮਗਜੇ ਹਨ, ਪਰ ਅਸਲੀਅਤ ਵਿੱਚ ਗੰਦੇ ਛੱਪੜ, ਗੰਦੀਆਂ ਬਸਤੀਆਂ ਹਨ। ਕੀ ਇਹੋ ਜਿਹੇ ਹਾਲਾਤ ਵਿੱਚ ਦੇਸ਼ ਖ਼ੁਸ਼ਹਾਲ ਹੋ ਸਕਦਾ ਹੈ? ਕੀ ਪੇਂਡੂਆਂ ਦੀ ਸਿਹਤ ਜੂਨ ਸੁਧਰ ਸਕਦੀ ਹੈ?

ਲਉ ਵੇਖ ਲਉ, 2021-22 ਦੀ ਪੇਂਡੂ ਸਿਹਤ ਅੰਕੜਿਆਂ ਦੀ ਸਰਵੇਖਣ ਰਿਪੋਰਟ। ਰਿਪੋਰਟ ਦਸਦੀ ਹੈ ਕਿ ਪੇਂਡੂ ਭਾਰਤ ਵਿੱਚ ਸਰਜਨ ਡਾਕਟਰਾਂ ਦੀ 83 ਫੀਸਦੀ ਘਾਟ ਹੈ। ਬੱਚਿਆਂ ਦੇ ਡਾਕਟਰਾਂ ਦੀ 81.6 ਫੀਸਦੀ ਅਤੇ ਫਿਜੀਸ਼ੀਅਨਾਂ ਦੀ 79.1 ਫੀਸਦੀ ਕਮੀ ਹੈ। ਇਹੀ ਹਾਲ ਔਰਤਾਂ ਦੇ ਰੋਗਾਂ ਦੀਆਂ ਸਪੈਸ਼ਲਿਸਟ ਡਾਕਟਰਾਂ ਦਾ ਹੈ, ਜਿਨ੍ਹਾਂ ਦੀ ਘਾਟ 72.2 ਫੀਸਦੀ ਹੈ। ਅਸਲ 'ਚ ਤਾਂ ਪਿੰਡਾਂ 'ਚ ਖੁਲ੍ਹੇ ਪ੍ਰਾਇਮਰੀ ਹੈਲਥ ਸੈਂਟਰਾਂ (ਮੁਢਲੇ ਸਿਹਤ ਕੇਂਦਰਾਂ) ਦੇ ਹਾਲਾਤ ਹੀ ਮਾੜੇ ਹਨ, ਜਿਥੇ ਡਾਕਟਰੀ ਅਮਲੇ ਤੋਂ ਲੈ ਕੇ ਬੁਨੀਆਦੀ ਸਾਜੋ ਸਮਾਜ ਵੀ ਇਹਨਾ ਕੇਂਦਰਾਂ 'ਚ ਉਪਲੱਬਧ ਨਹੀਂ ਹੈ।

ਵੈਸੇ ਤਾਂ ਦੇਸ਼ 'ਚ ਬੁਨਿਆਦੀ ਸਹੂਲਤਾਂ ਦੀ ਘਾਟ ਹੈ। ਪੇਂਡੂ ਤੇ ਸ਼ਹਿਰੀ ਖੇਤਰਾਂ 'ਚ ਇਸ ਸਬੰਧੀ ਇੱਕ ਸਰਵੇਖਣ ਹੋਇਆ। ਇਸ ਸਰਵੇਖਣ 'ਚ ਹਿੱਸਾ ਲੈਣ ਵਾਲੇ 97 ਫੀਸਦੀ ਲੋਕਾਂ ਨੇ ਕਿਹਾ ਕਿ ਉਹਨਾ ਦੀ ਬਿਹਤਰ ਪਖਾਨਿਆਂ ਤੱਕ ਪਹੁੰਚ ਹੈ, ਹਾਲਾਂਕਿ ਇਹ ਸੁਧਾਰ ਉਹਨਾ ਲੋਕਾਂ ਦੀ ਸ਼੍ਰੇਣੀ ਨੂੰ ਦਰਸਾਉਂਦਾ ਹੈ ਜਿਹਨਾ ਕੋਲ ਪਹਿਲਾਂ ਹੀ ਪਖਾਨੇ ਸਨ ਅਤੇ ਉਹਨਾਂ ਦੀ ਹਾਲਤ ਇੰਨੀ ਵਧੀਆ ਨਹੀਂ ਸੀ। ਸਰਵੇਖਣ ਅਨੁਸਾਰ 78 ਫੀਸਦੀ ਪੇਂਡੂ ਪਰਿਵਾਰਾਂ ਤੱਕ ਚੰਗੇ-ਮੰਦੇ ਪਖਾਨਿਆਂ ਦੀ ਪਹੁੰਚ ਹੈ ਅਤੇ 77 ਫੀਸਦੀ ਪੇਂਡੂ ਆਬਾਦੀ ਕੋਲ ਸਾਬਣ ਨਾਲ ਹੱਥ ਧੋਣ ਦੀ ਸੁਵਿਧਾ ਹੈ, ਪਰ ਬਾਕੀ ਸਿਰਫ ਪਾਣੀ ਨਾਲ ਜਾਂ ਪਾਣੀ ਅਤੇ ਸੁਆਹ ਜਾਂ ਮਿੱਟੀ ਤੇ ਰੇਤ ਆਦਿ ਨਾਲ ਹੱਥ ਧੋਂਦੇ ਹਨ। ਕੀ ਇਹ ਸਿਹਤ ਲਈ ਚੰਗਾ ਹੈ? ਸਿਹਤ ਸਹੂਲਤਾਂ 'ਚ ਇਸ ਕਿਸਮ ਦੀ ਬੁਨਿਆਦੀ ਲੋੜ ਦਾ ਪੂਰਾ ਨਾ ਹੋਣਾ ਨਾ ਬਰਾਬਰੀ ਅਤੇ ਵਸੀਲਿਆਂ ਦੀ



ਅਸਾਵੀਂ ਵੰਡ ਵੱਲ ਇਸ਼ਾਰਾ ਕਰਦਾ ਹੈ। ਇੱਕ ਪਾਸੇ ਪੰਜ ਤਾਰਾ ਹਸਪਤਾਲ, ਦੂਜੇ ਪਾਸੇ ਛੋਟੀਆਂ ਜਿਹੀਆਂ ਸਿਹਤ ਸਹੂਲਤ ਦੀ ਵੀ ਘਾਟ!

ਇਸੇ ਲਈ ਸ਼ਾਇਦ ਦੇਸ਼ ਦੀ ਸਰਵ ਉੱਚ ਅਦਾਲਤ ਸੁਪਰੀਮ ਕੋਰਟ ਨੇ ਸਿਹਤ ਸਹੂਲਤਾਂ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਕਿਹਾ ਹੈ ਕਿ ਦੇਸ਼ ਵਿਸ਼ਵ ਗੁਰੂ ਬਨਣ ਦਾ ਸੁਫਨਾ ਦੇ ਰਿਹਾ ਹੈ, ਪਰ ਅਸੀਂ ਉਦੋਂ ਤੱਕ ਵਿਸ਼ਵ ਗੁਰੂ ਨਹੀਂ ਹੋ ਸਕਦੇ, ਜਦੋਂ ਤੱਕ ਦੇਸ਼ ਵਿੱਚ ਅਸਲ ਅਰਥਾਂ 'ਚ ਹਰ ਖੇਤਰ 'ਚ ਮੁਢਲੀ ਤਬਦੀਲੀ ਨਹੀਂ ਆਉਂਦੀ।

ਜਨਵਰੀ 2023 'ਚ ਸੁਪਰੀਮ ਕੋਰਟ ਨੇ ਇੱਕ ਫੈਸਲੇ 'ਚ ਕਿਹਾ, "ਪੇਂਡੂ ਖੇਤਰਾਂ ਦੇ ਲੋਕਾਂ ਨੂੰ ਵੀ ਸ਼ਹਿਰੀ ਖੇਤਰਾਂ ਦੇ ਲੋਕਾਂ ਵਾਂਗਰ ਸਿਹਤ ਸਹੂਲਤਾਂ ਪ੍ਰਾਪਤ ਕਰਨ ਦਾ ਹੱਕ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਉਤੇ ਪੇਂਡੂ ਖੇਤਰਾਂ ਵਿੱਚ ਸਿਹਤ ਸਹੂਲਤਾਂ ਦੀ ਪਹੁੰਚ ਵਧਾਉਣ ਦੀ ਜ਼ਿੰਮੇਵਾਰੀ ਹੈ। ਪੇਂਡੂ ਅਬਾਦੀ ਦੀ ਦੇਖਭਾਲ ਲਈ ਕਾਬਲ ਡਾਕਟਰਾਂ ਦੀਆਂ ਸੇਵਾਵਾਂ ਦੇਣਾ ਸਰਕਾਰ ਦਾ ਫਰਜ਼ ਹੈ। ਸੁਪਰੀਮ ਕੋਰਟ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਪੇਂਡੂ ਤੇ ਸ਼ਹਿਰੀ ਆਬਾਦੀ ਵਿੱਚ ਸਿਹਤ ਸਹੂਲਤਾਂ ਪ੍ਰਦਾਨ ਕਰਨ 'ਚ ਭੇਦਭਾਵ ਨਹੀਂ ਹੋਣਾ ਚਾਹੀਦਾ।"

ਭਾਰਤ ਦੇ ਪੇਂਡੂ ਖੇਤਰ ਵਿੱਚ 3100 ਮਰੀਜ਼ਾਂ ਪਿੱਛੇ ਇੱਕ ਬੈਡ (ਬਿਸਤਰ) ਸਿਹਤ ਕੇਂਦਰਾਂ 'ਚ ਉਪਲੱਬਧ ਹੈ। ਕਈ ਰਾਜਾਂ 'ਚ ਇਹ ਅੰਕੜਾ ਹੋਰ ਵੀ ਖਰਾਬ ਹੈ। ਬਿਹਾਰ ਵਿੱਚ 18000 ਪੇਂਡੂਆਂ ਪਿਛੇ ਇੱਕ ਬਿਸਤਰ ਅਤੇ ਯੂ.ਪੀ. 'ਚ 3900 ਪਿੱਛੇ ਇੱਕ ਬੈਡ। ਇਥੇ ਹੀ ਬੱਸ ਨਹੀਂ, ਪੇਂਡੂ ਖੇਤਰਾਂ 'ਚ 26000 ਦੀ ਆਬਾਦੀ ਪਿੱਛੇ ਇੱਕ ਡਾਕਟਰ ਹੈ, ਜਦਕਿ ਵਿਸ਼ਵ ਸਿਹਤ ਸੰਗਠਨ ਕਹਿੰਦਾ ਹੈ ਕਿ ਹਰ ਇੱਕ ਹਜ਼ਾਰ ਲੋਕਾਂ ਪਿੱਛੇ ਇੱਕ ਡਾਕਟਰ ਹੋਣਾ ਚਾਹੀਦਾ ਹੈ। ਜਦੋਂ ਸਹੂਲਤਾਂ ਇੰਨੀਆਂ ਘੱਟ ਹਨ ਤਾਂ ਆਖਰ ਲੋਕ ਕੀ ਕਰਨ?

ਸਵਾਲ ਇਹ ਵੀ ਹੈ ਕਿ ਦੇਸ਼ ਵਿੱਚ ਇਲਾਜ ਉਤੇ ਹੋਣ ਵਾਲੇ ਖਰਚੇ ਦਾ ਅੱਧਾ ਖਰਚਾ ਵਿਅਕਤੀ ਦੀ ਜੇਬ ਵਿਚੋਂ ਹੁੰਦਾ ਹੈ। ਜਦੋਂ ਆਮਦਨੀ ਪ੍ਰਤੀ ਵਿਅਕਤੀ 27 ਰੁਪਏ ਦਿਹਾੜੀ ਹੈ ਤਾਂ ਵਿਅਕਤੀ ਖਾਏਗਾ ਕੀ, ਬਿਮਾਰ ਪਿਆ ਤਾਂ ਇਲਾਜ ਕਰਵਾਏਗਾ ਕਿਥੋਂ? ਬੱਚਿਆਂ ਦੀ ਸਿੱਖਿਆ ਅਤੇ ਹੋਰ ਸੰਭਾਲ ਲਈ ਪੈਸਾ ਆਖਿਰ ਕਿਥੋਂ ਲਿਆਏਗਾ?

ਇਹੋ ਕਾਰਨ ਹੈ ਕਿ ਦੇਸ਼ ਵਿੱਚ ਗਰੀਬ ਪਰਿਵਾਰਾਂ ਦੀ ਔਸਤ ਉਮਰ, 20 ਫੀਸਦੀ ਚੰਗੇ ਪਰਿਵਾਰਾਂ ਦੀ ਔਸਤ ਉਮਰ ਦੇ ਮੁਕਾਬਲੇ, ਸੱਤ ਸਾਲ ਛੋਟੀ ਹੋ ਰਹੀ ਹੈ। ਕਿਹੋ ਜਿਹਾ ਇਨਸਾਫ ਹੈ ਇਸ ਲੋਕਤੰਤਰ ਵਿੱਚ, ਜਿਹੜਾ ਵਿਤਕਰੇ ਭਰੇ ਆਰਥਿਕ ਤੰਤਰ 'ਚ ਗੋਡੇ ਟੇਕ ਬੈਠਾ ਹੈ, ਜਿਥੇ ਅਮੀਰ ਆਦਮੀ, ਗਰੀਬ ਆਦਮੀ ਦੇ ਜੀਊਣ ਦੇ ਸਾਧਨ ਵੀ ਆਪਣੀ ਲਪੇਟ ਵਿੱਚ ਲੈ ਰਿਹਾ ਹੈ।

ਨਵੀਂ ਰਾਸ਼ਟਰੀ ਸਿਹਤ ਪਾਲਿਸੀ 2017 ਅਨੁਸਾਰ "ਸਾਰਿਆਂ ਲਈ ਸਿਹਤ" ਦਾ ਟੀਚਾ ਹੈ, ਭਾਰਤੀ ਸਿਹਤ ਪ੍ਰਬੰਧਨ 'ਚ ਮੁਢਲੀਆਂ, ਸਿਹਤ ਸਹੂਲਤਾਂ ਲਈ ਸਬ ਸੈਂਟਰ, ਪ੍ਰਾਇਮਰੀ ਹੈਲਥ ਸੈਂਟਰ ਅਤੇ ਕਮਿਊਨਿਟੀ ਹੈਲਥ ਸੈਂਟਰ ਹਨ ਜਦਕਿ ਸੈਕੰਡਰੀ ਸਿਹਤ ਪ੍ਰਬੰਧਨ ਲਈ ਜ਼ਿਲ੍ਹਾ ਅਤੇ ਸਬ ਡਿਵੀਜ਼ਨ ਪੱਧਰੀ ਹਸਪਤਾਲ ਹਨ ਜਦਕਿ ਰਾਜ ਜਾਂ ਟੈਰੀਟਰੀ ਪੱਧਰ 'ਤੇ ਸਿਹਤ ਸੰਸਥਾਵਾਂ ਖੋਜ਼ ਸੈਂਟਰ ਹਨ। ਪਰ ਅਸਲ ਵਿੱਚ ਪੇਂਡੂ ਖੇਤਰ 'ਚ ਕੰਮ ਕਰਦੇ ਪ੍ਰਾਇਮਰੀ ਜਾਂ ਕਮਿਊਨਿਟੀ ਸਿਹਤ ਕੇਂਦਰਾਂ ਦੇ ਹਾਲਤ ਅਤਿ ਦੇ ਮਾੜੇ ਹਨ, ਜਿਥੇ ਇਮਾਰਤਾਂ ਦੀ ਘਾਟ ਹੈ, ਸਟਾਫ ਨੂੰ ਪੂਰੀ ਤਨਖਾਹਾਂ ਨਹੀਂ, ਐਮਰਜੈਂਸੀ 'ਚ ਮਿਲਣ ਵਾਲੇ ਬੈੱਡ ਨਹੀਂ ਹਨ।ਦੇਸ਼ 'ਚ ਸਿੱਖਿਆ ਅਤੇ ਸਿਹਤ ਕਮਾਈ ਦਾ ਜ਼ਰੀਆ ਬਣ ਗਿਆ ਹੈ।

(ਬਾਕੀ ਸਫ਼ਾ 31 'ਤੇ)



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

## ਦਿੱਲੀ ਫ਼ਤਹਿ ਦਿਵਸ 'ਤੇ ਵਿਸ਼ੇਸ਼

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਿੱਖ ਜਰਨੈਲਾਂ ਵੱਲੋਂ ਦਿੱਲੀ ਫ਼ਤਹਿ

ਅੱਠਾਰਵੀਂ ਸਦੀ ਦੇ ਅੱਧ ਤੱਕ ਉੱਤਰੀ ਭਾਰਤ ਵਿੱਚ , ਸਿੱਖਾਂ ਦੀ ਸ਼ਕਤੀ ਉਭਰ ਕੇ ਆਈ। ਲੰਬੀਆਂ ਜੰਗਾਂ ਤੋਂ ਬਾਅਦ ਮੁਗਲ ਥੱਕ ਚੁੱਕੇ ਸਨ।ਮਰਾਠੇ 1761 ਦੀ ਪਾਣੀਪਤ ਦੀ ਜੰਗ ਅਬਦਾਲੀ ਤੋਂ ਹਾਰ ਚੁੱਕੇ ਸਨ। ਰੁਹੇਲਾਂ ਦੀ ਤਾਕਤ ਵੀ ਘੱਟਦੀ ਜਾ ਰਹੀ ਸੀ। ਇਸ ਕਰਕੇ ਦਿੱਲੀ ਦਾ ਸਿੰਘਾਸਨ ਡਾਵਾਂਡੋਲ ਸੀ, ਪਰ ਇਸ ਸਥਿਤੀ ਵਿੱਚ ਸਿੱਖ ਬਾਰਾਂ ਮਿਸਲਾਂ ਵਿੱਚ ਸੰਗਠਿਤ ਹੋ ਚੁੱਕੇ ਸਨ। ਉਹ ਆਪਣੇ ਆਪਣੇ ਅਜ਼ਾਦ ਖੇਤਰ ਵਿੱਚ ਛੋਟੇ ਛੋਟੇ ਸਰਦਾਰ ਨਵਾਬਾਂ ਤੋਂ ਮਹਿਸੂਲ ਵਸੂਲ ਕਰਨ ਲੱਗੇ। ਸਿੱਖਾਂ ਦੇ ਮਨਾਂ ਵਿੱਚ ਮੁਗਲਾਂ ਦੇ ਵਿਦੇਸ਼ੀ ਹਮਲਿਆਂ ਦਾ ਰੋਹ ਸੀ।ਕੁਪਰਹੀੜੇ ਦੇ ਮੈਦਾਨ ਵਿੱਚ ਅਬਦਾਲੀ ਨੇ 30 ਹਜ਼ਾਰ ਤੋਂ ਉਪਰ ਸਿੱਖਾਂ ਦਾ ਭਾਰੀ ਕਤਲੇਆਮ ਕੀਤਾ ਸੀ। ਉਪਰੰਤ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਦਾ ਬਦਲਾ ਲੈਣਾ ਸੀ।

ਸਿੱਖਾਂ ਦੇ ਮੁਕਾਬਲੇ ਵਿੱਚ ਕਮਜੌਰ ਮੁਗਲ ਸ਼ਾਸ਼ਕ ਸ਼ਾਹ ਆਲਮ ਦੂਜਾ ਸੀ। ਹਰ ਸ਼ਾਸ਼ਕ ਦੀ ਨਜ਼ਰ ਹੁਣ ਦਿੱਲੀ ਦੇ ਸਿੰਘਾਸਨ 'ਤੇ ਸੀ। ਯਮੁਨਾ, ਸਤਿਲੁੱਜ ਖੇਤਰ ਵਿੱਚ ਸਿੱਖਾਂ ਦੇ ਮੁਕਾਬਲੇ ਕੋਈ ਵੀ ਨਹੀ ਸੀ। ਸਾਰਾ ਖੇਤਰ ਸਿੱਖਾਂ ਲਈ ਖੁੱਲ੍ਹਾ ਸੀ। ਕਰੋੜਸਿੰਘੀਆਂ ਮਿਸਲ ਦਾ ਸਰਦਾਰ ਬਘੇਲ ਸਿੰਘ ਦੱਖਣ ਪੂਰਬੀ ਪੰਜਾਬ ਵਿੱਚ ਸ਼ਕਤੀਸ਼ਾਲੀ ਸੀ। ਜਿਸਦਾ ਜਨਮ ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਕਰੋੜਸਿੰਘੀਆਂ ਮਿਸਲ ਦੇ ਸਰਦਾਰ ਬਣੇ।ਉਹ ਇਕ ਸੁਲਝਿਆ ਰਾਜਨੀਤੀਵਾਨ, ਕੁਸ਼ਲ ਨੀਤੀਵਾਨ, ਬਹਾਦਰ ਬੁਲਾਰਾ ਸੀ। ਉਹ ਨਿਡਰ ਸੀ ਤੇ ਉਸ ਕੋਲ 12 ਹਜ਼ਾਰ ਘੋੜ ਸਵਾਰ ਫੌਜ਼ ਸੀ। ਦੁਸ਼ਮਣ ਵੀ ਜਾਣ ਗਏ ਸਨ ਕਿ ਹੁਣ ਜਿੱਤਾਂ ਤਾਂ ਇਸਦੀ ਕਿਸਮਤ ਵਿੱਚ ਹਨ। ਉਸਨੇ ਦਿੱਲੀ ਦੇ ਆਲੇ ਦੁਆਲੇ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਜਿਵੇਂ ਮੇਰਠ, ਖੁਜ਼ਰਾ,ਅਲੀਗੜ੍ਹ, ਸ਼ਿਕੋਹਾਬਾਦ, ਫਾਰੂਖਬਾਦ, ਆਗਰਾ ਆਦਿ।ਅਪ੍ਰੈਲ 1775 ਵਿੱਚ ਉਸਨੇ ਸਹਾਰਨਪੁਰ 'ਤੇ ਕਬਜ਼ਾ ਕਰ ਲਿਆ। ਫਿਰ 1776 ਵਿੱਚ ਮੁਜ਼ਫਰਨਗਰ ਵਿਖੇ ਮੁਗਲਾਂ ਨੂੰ ਕਰਾਰੀ ਹਾਰ ਦਿੱਤੀ। ਇਸ ਤਰਾਂ ਉਸਦਾ ਯਮੁਨਾ , ਗੰਗਾ , ਦੁਆਬ ਤਕ ਕਾਫੀ ਪ੍ਰਭਾਵ ਫੈਲ ਗਿਆ। ਸ਼ਾਹਦਰਾਂ ਵੀ ਉਸਨੇ ਜਿੱਤ ਲਿਆ ਸੀ।ਜੁਲਾਈ 1775 ਨੂੰ ਪਹਾੜ੍ਹਗੰਜ , ਜੈ ਸਿੰਘ ਪੁਰਾ 'ਤੇ ਕਬਜ਼ਾ ਕੀਤਾ ਸੀ। ਉਸਦਾ ਨਿਸ਼ਾਨਾ ਦਿੱਲੀ ਫਤਹਿ ਕਰਨ ਦਾ ਹੀ ਸੀ।ਅਨਾਜ਼-ਰਸਦ ਦੀ ਕਮੀ ਕਰਕੇ ਕੁਝ ਸਮੇਂ ਲਈ ਉਸਨੇ ਹਮਲੇ ਰੋਕ ਦਿੱਤੇ ਸਨ। ਉਸਨੇ ਦਿੱਲੀ ਦੇ ਦੁਆਲੇ ਹੀ ਡੇਰੇ ਲਾ ਲਏ ਸਨ।1783 ਦੇ ਸ਼ੁਰੂ ਵਿੱਚ ਲਾਲ ਕਿਲੇ 'ਤੇ ਕਬਜ਼ਾ ਕਰਨ ਦੀ ਤਿਆਰੀ ਵਿੱਚ 60 ਹਜ਼ਾਰ ਦੀ ਫੌਜ਼ ਇਕੱਠੀ ਕਰ ਲਈ। ਜਿਸ ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਗਾਜ਼ੀਆਬਾਦ ਇੱਕਠੇ ਹੋ ਕੇ ਹਮਲਾ ਕਰਨ ਲਈ ਇਕੱਤਰ ਹੋਏ।ਉਨ੍ਹਾਂ ਦਿੱਲੀ ਲੁੱਟ ਲਈ। ਤੁਰੰਤ ਰਕਮ ਦਾ ਦਸਵੰਦ ਹਰਿਮੰਦਰ ਸਾਹਿਬ ਦੀ ਸ਼ਾਨ ਵਧਾਉਣ ਲਈ ਭੇਜ ਦਿੱਤਾ।ਮਾਰਚ 8, 1783 ਨੂੰ ਮੁਲਕਗੰਜ ਤੇ ਸਬਜ਼ੀ ਮੰਡੀ 'ਤੇ ਕਬਜ਼ਾ ਕੀਤਾ। ਮਿਰਜ਼ਾ ਸਿਕੋਹ ਨੇ ਮੁਕਾਬਲਾ ਕਰਨਾ ਚਾਹਿਆ ਪਰ ਮੈਦਾਨ ਛੱਡ ਕੇ ਭੱਜ ਗਿਆ। ਮਾਰਚ 9, 1783 ਨੂੰ ਅਜਮੇਰੀ ਗੇਟ ਸਰ ਕੀਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ 10 ਹਜ਼ਾਰ ਦੀ ਫੌਜ਼ ਲੈ ਕੇ ਆਣ ਮਿਲਿਆ, ਜਿਥੇ ਬਾਬਾ ਬਘੇਲ ਸਿੰਘ ਜੀ ਨੇ 30 ਹਜ਼ਾਰ ਘੋੜਿਆਂ ਦਾ ਕੈਂਪ ਲਗਾਇਆ ਹੋਇਆ ਸੀ, ਉਸ ਨੂੰ ਤੀਸ ਹਜ਼ਾਰੀ ਕਿਹਾ ਜਾਂਦਾ ਹੈ।ਮਾਰਚ 8, 1873 ਨੂੰ ਲਾਲ ਕਿਲੇ 'ਤੇ ਕਬਜ਼ਾ ਕਰਨ ਦੀ ਵਿਉਤ ਬਣਾਈ । ਤਦ ਨੇੜਲੇ ਪਿੰਡ ਦੇ ਇਕ ਵਿਅਕਤੀ ਨੇ ਉਹ ਜਗ੍ਹਾ ਦਿਖਾਈ, ਜਿਥੇ ਕਿਲੇ ਦੀ ਦੀਵਾਰ ਕਮਜੌਰ ਪੈ ਕੇ ਧੱਸ ਚੁੱਕੀ ਸੀ। ਸਿੰਘਾਂ ਨੇ ਲੱਕੜੀ ਦੀ ਇਕ ਭਾਰੀ ਲੱਠ ਨਾਲ ਦੀਵਾਰ ਤੋੜ ਕੇ ਰਸਤਾ ਬਣਾ ਲਿਆ ਅਤੇ ਅੰਦਰ ਜਾ ਵੜੇ। ਜਿਥੇ ਮੋਰੀ ਗੇਟ ਅੰਤਰਰਾਜੀ ਬੱਸ ਅੱਡਾ ਦਿੱਲੀ ਹੈ। ਮਾਰਚ 11, 1783 ਨੂੰ ਸਿੰਘਾਂ ਨੇ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾ ਦਿਤਾ। ਤਖਤ ਦੀਵਾਨੇ -ਆਮ 'ਤੇ ਕਬਜ਼ਾ ਕਰ ਲਿਆ।ਜਿਥੇ ਬੈਠ ਕੇ ਬਾਦਸ਼ਾਹ ਪਰਜਾਂ ਦੀਆਂ ਫਰਿਆਦਾਂ ਸੁਣਦਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਤਖਤ 'ਤੇ ਬੈਠਾਉਣਾ ਚਾਹਿਆ ਪਰ ਜੱਸਾ ਸਿੰਘ ਰਾਮਗੜ੍ਹੀਆ ਨੇ ਵਿਰੋਧ ਕੀਤਾ, ਇਸ ਤੋਂ ਪਹਿਲਾਂ ਕਿ ਸਥਿਤੀ ਵਿਗੜ ਜਾਂਦੀ, ਜੱਸਾ ਸਿੰਘ ਆਹਲੂਵਾਲੀਆ ਨੇ ਤਖਤ ਛੱਡ ਦਿਤਾ।



ਬਾਦਸ਼ਾਹ ਨੇ ਸੰਧੀ ਕਰ ਲਈ ਕਿ ਤਿੰਨ ਲੱਖ ਦਾ ਖਰਚਾ ਭਰੇਗਾ। ਕੋਤਵਾਲੀ ਵਾਲੀ ਥਾਂ ਸਰਦਾਰ ਬਘੇਲ ਸਿੰਘ ਜੀ ਨੂੰ ਦੇ ਦਿਤੀ। ਇਤਿਹਾਸਿਕ ਗੁਰਦੁਆਰਿਆਂ ਦੀ ਮਨਜ਼ੂਰੀ ਦਿਤੀ।ਸਰਦਾਰ ਬਘੇਲ ਸਿੰਘ ਨੇ ਚਾਰ ਹਜ਼ਾਰ ਫੌਜ਼ ਕੋਲ ਰੱਖ ਲਈ, ਬਾਕੀ ਵਾਪਿਸ ਭੇਜ ਦਿਤੀ। ਜਦ ਤਕ ਇਤਿਹਾਸਿਕ ਗੁਰਦੁਆਰਿਆਂ ਦੀ ਉਸਾਰੀ ਮੁਕੰਮਲ ਨਹੀ ਹੁੰਦੀ, ਖਰਚਾ ਬਾਦਸ਼ਾਹ ਦੇਣਾ ਮੰਨ ਗਿਆ। ਦਿੱਲੀ ਵਿੱਚ ਅਮਨ ਚੈਨ ਪਰਤ ਆਇਆ। ਸਿੰਘ ਪਰਜ਼ਾ ਦੀ ਰਾਖੀ ਲਈ ਦਿੱਲੀ ਵਿੱਚ ਗਸ਼ਤ ਕਰਨ ਲੱਗੇ। ਮੁਗਲ ਹਕੂਮਤ ਨੂੰ ਬੜੀ ਢਾਅ ਲੱਗੀ। ਬਾਬਾ ਬਘੇਲ ਸਿੰਘ ਜੀ ਇਕ ਸਾਲ ਵਿੱਚ ਇਤਿਹਾਸਿਕ ਗੁਰਦੁਆਰੇ ਮੁਕੰਮਲ ਕਰਕੇ ਆਪਣੀ ਮਿਸਲ ਨੂੰ ਮੁੜ ਗਏ।

ਦਿੱਲੀ ਵਿੱਚ ਉਸਾਰੇ ਗਏ ਗੁਰਦੁਆਰਿਆਂ ਦੀ ਸੂਚੀ :

1. ਗੁਰਦੁਆਰਾ ਮਾਤਾ ਸੁੰਦਰੀ ਜੀ
2.ਗੁਰਦੁਆਰਾ ਬੰਗਲਾ ਸਾਹਿਬ ਜੀ
3. ਗੁਰਦੁਆਰਾ ਬਾਲਾ ਸਾਹਿਬ ਜੀ
4. ਗੁਰਦੁਆਰਾ ਰਕਾਬ ਗੰਜ ਜੀ,
5.ਗੁਰਦੁਆਰਾ ਸੀਸ ਗੰਜ ਜੀ
6. ਗੁਰਦੁਆਰਾ ਮੋਤੀ ਬਾਗ ਜੀ
7. ਗੁਰਦੁਆਰਾ ਮੰਜਨੂੰ ਕਾ ਟੀਲਾ ਜੀ

ਅੰਤਿਕਾ : ਬਾਬਾ ਬਘੇਲ ਸਿੰਘ ਜੀ ਜਿਥੇ ਨਿੱਡਰ ਯੋਧਾ ਸਨ, ਉਥੇ ਉਸ ਵਿੱਚ ਸਿੱਖ ਧਰਮ ਦੀ ਆਸਥਾ ਦਾ ਜਨੂੰਨ ਸੀ। ਸਿੱਖ ਧਰਮ ਪ੍ਰਚਾਰ ਲਈ, ਉਨ੍ਹਾਂ ਦਿੱਲੀ ਵਿੱਚ ਸੱਤ ਗੁਰਦੁਆਰਿਆਂ ਦੀ ਉਸਾਰੀ ਬੜੀ ਸ਼ਰਧਾ ਭਾਵਨਾ ਨਾਲ ਕਰਵਾਈ। ਉਹ ਜਾਣ ਗਏ ਸਨ ਕਿ ਦਿੱਲੀ ਦਾ ਰਾਜ ਪ੍ਰਬੰਧ ਚਲਾਉਣ ਲਈ ਅਹਿਲਕਾਰ ਨਹੀ ਹਨ। ਆਪਣੀ ਮਿਸਲ ਦੀ ਸਥਾਪਤੀ ਕਰਨੀ ਉਹਨਾਂ ਬੇਹਤਰ ਸਮਝੀ । ਮਿਸਲ ਦੀ ਸਥਾਪਤੀ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਉਹ ਹਮੇਸ਼ਾ ਸਮਰਪਿਤ ਰਹੇ। ਅਜਿਹੇ ਹਾਲਾਤ ਦੇਖਦਿਆਂ ਉਨ੍ਹਾਂ ਨੇ ਦਿੱਲੀ ਛੱਡ ਦਿਤੀ।

---

## 29 ਮਾਰਚ ਸ਼ਹੀਦੀ ਦਿਨ 'ਤੇ ਵਿਸ਼ੇਸ਼

ਡਾ. ਗੁਰਵਿੰਦਰ ਸਿੰਘ
001-604-825-1550

# ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦੀ ਸ਼ਹਾਦਤ

ਕੈਨੇਡਾ ਦੇ ਗ਼ਦਰੀ ਬਾਬਿਆਂ ਦੇ ਸ਼ਾਨਾਮੱਤੇ ਇਤਿਹਾਸ ਵਿੱਚ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਵਿਸ਼ੇਸ਼ ਸਥਾਨ ਹੈ। ਮਹਾਨ ਵਿਵੇਕਵਾਨ ਭਾਈ ਸਾਹਿਬ ਵੱਲੋਂ ਜਿੱਥੇ ਕੈਨੇਡਾ ਵਿਚ ਨਸਲਵਾਦ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਉਥੇ ਭਾਰਤ ਜਾ ਕੇ ਬਸਤੀਵਾਦ ਨੂੰ ਜੜ੍ਹੋਂ ਪੁੱਟਣ ਲਈ, ਸ਼ਹੀਦੀ ਪਾਉਂਦਿਆਂ ਸੁਨਹਿਰੀ ਇਤਿਹਾਸ ਰਚਿਆ ਗਿਆ। ਅੰਗਰੇਜ਼ਾਂ ਦੇ ਗੁਲਾਮ ਭਾਰਤ ਦੇ ਮੁਖੀ ਵਾਇਸਰਾਏ ਲਾਰਡ ਹਾਰਡਿੰਗ ਅੱਗੇ ਛਾਤੀ ਤਾਣ ਕੇ ਗੱਲਬਾਤ ਕਰਨ ਵਾਲਾ ਸ਼ਖਸ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦਾ ਪਹਿਲਾ ਗ੍ਰੰਥੀ ਸਿੰਘ ਸੀ। ਦਰਅਸਲ ਭਾਈ ਸਾਹਿਬ ਦੀ ਸ਼ਹਾਦਤ, ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਹੁੰਦਿਆਂ, ਉਸ ਵੇਲੇ ਦੇ ਰਾਜਸੀ ਮੁਖੀਆਂ ਨੂੰ ਚੁਣੌਤੀ ਦਿੰਦਿਆਂ, ਸਮੁੱਚੇ ਗਦਰ ਲਹਿਰ ਦੇ ਇਤਿਹਾਸ ਵਿੱਚ ਵਿਲੱਖਣ ਮਾਰਗ ਦਰਸ਼ਕ ਕਹੀ ਜਾ ਸਕਦੀ ਹੈ। ਪੰਜਾਬ ਦੇ ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ ਵਿਖੇ ਭਾਈ ਸਾਹਿਬ ਦਾ ਜਨਮ 15 ਸਤੰਬਰ 1882 ਨੂੰ ਹੋਇਆ। ਆਪ ਨੇ ਆਦਮਪੁਰ ਤੋਂ ਅੱਠਵੀਂ ਤੱਕ ਪੜ੍ਹਾਈ ਕਰਨ ਮਗਰੋਂ ਕੁਝ ਸਮਾਂ ਫ਼ੌਜ ਵਿੱਚ ਨੌਕਰੀ ਵੀ ਕੀਤੀ, ਪਰ ਸੰਤ ਕਰਮ ਸਿੰਘ ਜੀ ਦੀ ਸੰਗਤ ਮਗਰੋਂ ਧਾਰਮਿਕ ਪ੍ਰਭਾਵ ਕਾਰਨ ਇਹ ਨੌਕਰੀ ਛੱਡ ਦਿੱਤੀ ਤੇ ਕੁਝ ਸਮੇਂ ਮਗਰੋਂ 1906 ਵਿੱਚ ਕੈਨੇਡਾ ਆ ਗਏ।



ਸਿੰਘ ਸਾਹਿਬ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਯਾਦਗਾਰੀ ਤਸਵੀਰ। ਨਾਲ ਹਨ ; ਸੁਪਤਨੀ ਬੀਬੀ ਕਰਤਾਰ ਕੌਰ, ਸਪੁੱਤਰੀਆਂ ਊਧਮ ਕੌਰ, ਨਿਰੰਜਣ ਕੌਰ ਅਤੇ ਕੈਨੇਡਾ ਦਾ ਜੰਮਪਲ ਪਹਿਲਾ ਸਿੱਖ ਬੱਚਾ ਭਾਈ ਹਰਦਿਆਲ ਸਿੰਘ।

ਕੈਨੇਡਾ 'ਚ 28 ਜੂਨ 1908 ਵਿੱਚ ਭਾਈ ਬਲਵੰਤ ਸਿੰਘ ਨੇ ਖ਼ਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਜੀ ਨਾਲ, ਇਕੱਠਿਆਂ ਅੰਮ੍ਰਿਤਪਾਨ ਕੀਤਾ। ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨਦਿਆਂ ਭਾਈ ਸਾਹਿਬ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ 'ਚ ਨਾ ਸਿਰਫ਼ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇੱਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਨਾਕਾਮ ਕੀਤਾ।

ਕੈਨੇਡਾ ਵਿੱਚ ਇੰਡੀਅਨ ਲੋਕਾਂ ਦੇ ਪਰਿਵਾਰਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਜਦਕਿ ਹੋਰ ਮੁਲਕਾਂ ਤੋਂ ਲੋਕ ਪਰਿਵਾਰਾਂ ਸਮੇਤ ਆ ਵਸੇ ਸਨ। ਇਸ ਖ਼ਿਲਾਫ਼ ਵੀ ਸੰਘਰਸ਼ ਦਾ ਮੁੱਢ ਵੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੇ ਬੰਨ੍ਹਿਆ ਅਤੇ 21 ਜਨਵਰੀ 1912 ਨੂੰ ਅਨੇਕਾਂ ਕਸ਼ਟ ਝੱਲ ਕੇ ਆਪਣੇ ਪਰਿਵਾਰਾਂ ਨੂੰ ਲੈ ਕੇ ਵੈਨਕੂਵਰ ਪੁੱਜੇ, ਹਾਲਾਂਕਿ ਭਾਈ ਸਾਹਿਬ ਦੀ ਪਤਨੀ ਬੀਬੀ ਕਰਤਾਰ ਕੌਰ ਅਤੇ ਦੋ ਪੁੱਤਰੀਆਂ ਚਾਰ ਸਾਲਾ ਊਧਮ ਕੌਰ ਦੇ ਇੱਕ ਸਾਲਾ ਨਿਰੰਜਣ ਕੌਰ ਨੂੰ ਕੈਨੇਡਾ ਦੀ ਧਰਤੀ 'ਤੇ ਉਤਰਨ ਨਾ ਦਿੱਤਾ ਗਿਆ ਅਤੇ ਇੱਥੋਂ ਵਾਪਸ ਮੋੜਨ ਦੇ ਹੁਕਮ ਦਿੱਤੇ, ਪਰ ਵੈਨਕੂਵਰ ਦੇ ਸਿੱਖਾਂ ਦੇ ਤਿੱਖੇ ਸੰਘਰਸ਼ ਅਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦੀ ਸੂਝ-ਬੂਝ ਸਦਕਾ, ਇਮੀਗਰੇਸ਼ਨ ਵਿਭਾਗ ਨੂੰ ਗੋਡੇ ਟੇਕਣੇ ਪਏ ਅਤੇ ਪਰਿਵਾਰਾਂ ਨੂੰ 3 ਜੂਨ 1912 ਨੂੰ ਕੈਨੇਡੀਅਨ ਸਰਕਾਰ ਵੱਲੋਂ ਆਖ਼ਰਕਾਰ, ਕੈਨੇਡਾ ਵਿੱਚ ਦਾਖਲ ਹੋਣ ਦਿੱਤਾ ਗਿਆ।

ਭਾਈ ਸਾਹਿਬ ਦੇ ਪਰਿਵਾਰ ਦੇ ਕੈਨੇਡਾ ਆਉਣ ਨਾਲ ਨਾ ਸਿਰਫ਼ ਆਰਜ਼ੀ ਰੂਪ ਵਿੱਚ ਇਸਤਰੀਆਂ ਤੇ ਪਰਿਵਾਰਾਂ ਦੀ ਆਮਦ ਦਾ ਮੁੱਢ ਬੱਝਿਆ, ਬਲਕਿ 28 ਅਗਸਤ 1912 ਨੂੰ ਆਪ ਜੀ ਦੇ ਗ੍ਰਹਿ ਵਿਖੇ ਬੀਬੀ ਕਰਤਾਰ ਕੌਰ ਦੀ ਕੁੱਖੋਂ ਜੰਮਿਆ ਬੱਚਾ ਹਰਦਿਆਲ ਸਿੰਘ ਕੈਨੇਡਾ ਦੀ ਧਰਤੀ 'ਤੇ ਪੈਦਾ ਹੋਣ ਵਾਲਾ ਪਹਿਲਾ ਸਿੱਖ ਅਤੇ ਅਣਵੰਡੇ ਭਾਰਤ ਤੋਂ ਪਰਵਾਸ ਕਰਕੇ ਆਏ ਪਰਿਵਾਰ ਦਾ ਪਹਿਲਾ ਬਾਲਕ ਵੀ ਬਣਿਆ।

ਅੱਜ ਤੋਂ ਇੱਕ ਸਦੀ ਪਹਿਲਾਂ ਜਦੋਂ ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਪਰਵਾਸੀ ਲੋਕਾਂ ਨੂੰ ਸਸਕਾਰ ਕਰਨ ਤੋਂ ਵੀ ਰੋਕ ਦਿੱਤਾ ਜਾਂਦਾ ਸੀ, ਲੋਕ ਲੁੱਕ-ਛਿਪ ਕੇ ਜੰਗਲ ਵਿੱਚ ਦੂਰ- ਦੁਰਾਡੇ ਬਰਫ਼ ਤੇ ਮੀਂਹ ਪੈਂਦਿਆਂ ਮ੍ਰਿਤਕ ਦਾ ਸਸਕਾਰ ਕਰਦੇ ਸਨ, ਉਸ ਵੇਲੇ ਭਾਈ ਬਲਵੰਤ ਸਿੰਘ ਨੇ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼ਮਸ਼ਾਨ ਭੂਮੀ ਲਈ ਕੁਝ ਜਗ੍ਹਾ ਜ਼ਮੀਨ ਖਰੀਦੀ ਅਤੇ ਸਸਕਾਰ ਕਰਨ ਦਾ ਇੰਤਜ਼ਾਮ ਕਰਕੇ ਸਭਨਾਂ ਨੂੰ ਵੱਡੀ ਰਾਹਤ ਦਿਵਾਈ।

ਗ਼ਦਰ ਪਾਰਟੀ ਦਾ ਉੱਤਰੀ ਅਮਰੀਕਾ ਵਿੱਚ ਜਿਸ ਵੇਲੇ ਅਜੇ ਮੁੱਢ ਬੰਨ੍ਹਿਆ ਜਾ ਰਿਹਾ ਸੀ, ਉਸ ਵੇਲੇ ਭਾਈ ਸਾਹਿਬ ਦੀ ਅਗਵਾਈ ਵਿੱਚ 14 ਮਾਰਚ 1913 ਨੂੰ ਤਿੰਨ ਮੈਂਬਰੀ ਵਫਦ, ਲੰਡਨ ਅਤੇ ਭਾਰਤ ਜਾ ਕੇ, ਅੰਗਰੇਜ਼ ਸਾਮਰਾਜ ਦੇ ਅਸਲ ਚਿਹਰੇ ਨੂੰ ਨੰਗਾ ਕਰਨ ਦਾ ਸੰਘਰਸ਼ ਸ਼ੁਰੂ ਕਰ ਚੁੱਕਿਆ ਸੀ। ਇਸ ਵਫ਼ਦ ਵਿੱਚ ਭਾਈ ਸਾਹਿਬ ਦੇ ਸਹਿਯੋਗੀ ਅਮਰੀਕਾ ਤੋਂ ਸਿੱਖ ਪ੍ਰਤੀਨਿਧ ਨੰਦ ਸਿੰਘ ਸੀਹਰਾ ਅਤੇ ਕੈਨੇਡਾ ਤੋਂ ਭਾਈ ਨਰੈਣ ਸਿੰਘ ਚੋਬਦਾਰ ਸਨ। ਇਨ੍ਹਾਂ 13 ਸਤੰਬਰ 1913 ਤੱਕ ਲੰਡਨ ਤੋਂ ਲੈ ਕੇ ਭਾਰਤ ਅਤੇ ਪੰਜਾਬ ਦੇ ਕੋਨੇ-ਕੋਨੇ ਵਿੱਚ ਆਵਾਜ਼ ਉਠਾਈ।ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ ਦੂਰ-ਅੰਦੇਸ਼ ਆਗੂ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਜਦ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ 18 ਸਤੰਬਰ 1913 ਨੂੰ, ਸ਼ਿਮਲੇ 'ਚ ਇੱਕ ਮੀਟਿੰਗ ਦੌਰਾਨ, ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਸਾਹਮਣੇ ਕੀਤੀ ਸੀ।

ਮਾਈਕਲ ਓਡਵਾਇਰ ਨੇ ਆਪਣੀ ਕਿਤਾਬ ਇੰਡੀਆ ਐਜ਼ ਆਈ ਨਿਊ ਦੇ ਪੰਨਾ 191'ਤੇ ਲਿਖਿਆ ਕਿ ਮੁਲਾਕਾਤੀਆਂ ਵਿੱਚੋਂ ਤੀਸਰੇ ਬੰਦੇ (ਭਾਈ ਬਲਵੰਤ ਸਿੰਘ ਖੁਰਦਪੁਰ) ਦੇ ਤਰੀਕੇ ਖ਼ਤਰਨਾਕ ਬਾਗ਼ੀ ਵਰਗੇ ਸਨ ਤੇ ਉਸ ਵਾਇਸਰਾਏ ਨੂੰ ਮਿਲਣ ਜਾ ਰਹੇ ਸੀ, ਜਿਸ ਤੋਂ ਖਾਸ ਤੌਰ 'ਤੇ ਇਸ ਮੈਂਬਰ ਪ੍ਰਤੀ ਸਾਵਧਾਨੀ ਵਰਤਣ ਲਈ ਕਿਹਾ ਗਿਆ। 5 ਅਕਤੂਬਰ 1913 ਨੂੰ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਭਾਈ ਬਲਵੰਤ ਸਿੰਘ ਦੀ ਅਗਵਾਈ

(ਬਾਕੀ ਸਫ਼ਾ 31 'ਤੇ)

# ਧਰਤੀ ਦਾ ਸਵਰਗ ਕੈਨੇਡਾ, ਜਿੱਥੇ ਬੋਲਣ ਦੀ ਪੂਰਨ ਆਜ਼ਾਦੀ

**ਸਤਪਾਲ ਸਿੰਘ ਦਿਓਲ**






ਖੇਤਰਫਲ਼ ਦੇ ਪੱਖ ਤੋਂ ਕੈਨੇਡਾ ਦੁਨੀਆ ਦਾ ਦੂਜਾ ਵੱਡਾ ਦੇਸ਼ ਹੈ। ਪਹਿਲੇ ਨੰਬਰ 'ਤੇ ਰੂਸ ਹੈ। ਕੈਨੇਡਾ ਦੀ ਕੁੱਲ ਅਬਾਦੀ ਚਾਰ ਕਰੋੜ ਦੇ ਕਰੀਬ ਹੈ ਜੋ ਸਾਡੇ ਪੰਜਾਬ ਪ੍ਰਾਂਤ ਦੀ ਅਬਾਦੀ ਦੇ ਨੇੜੇ ਤੇੜੇ ਹੈ। ਇੰਨੀ ਥੋੜ੍ਹੀ ਅਬਾਦੀ ਕਾਰਨ ਕੈਨੇਡਾ ਦੀ ਆਰਥਿਕਤਾ ਨੂੰ ਹੁਲਾਰਾ ਨਹੀਂ ਮਿਲ ਰਿਹਾ ਭਾਵੇਂ ਕਿ ਕੈਨੇਡਾ ਵਿਕਸਤ ਦੇਸ਼ਾਂ ਵਿੱਚ ਸ਼ੁਮਾਰ ਹੈ, ਪਰ ਆਰਥਿਕ ਸਾਧਨਾਂ ਨਾਲ ਲਬਰੇਜ਼ ਹੋਣ ਦੇ ਬਾਵਜੂਦ ਕੈਨੇਡਾ ਦੀ ਆਰਥਿਕਤਾ ਦੁਨੀਆ ਵਿੱਚ ਨੌਂਵੇਂ ਨੰਬਰ 'ਤੇ ਆਉਂਦੀ ਹੈ। ਜੇਕਰ ਇਸ ਦੇਸ਼ ਦੀ ਅਬਾਦੀ ਪੰਦਰਾਂ ਕਰੋੜ ਦੇ ਨੇੜੇ ਤੇੜੇ ਹੁੰਦੀ ਤਾਂ ਇਹ ਦੇਸ਼ ਸ਼ਾਇਦ ਦੁਨੀਆ ਵਿੱਚ ਇੱਕ ਨੰਬਰ 'ਤੇ ਆਉਂਦਾ। ਇੱਥੋਂ ਦੇ ਮਾਹਰਾਂ ਨੇ ਘੱਟ ਅਬਾਦੀ ਦੀ ਸਮੱਸਿਆ ਦਾ ਹੱਲ ਬਾਹਰੋਂ ਨੌਜਵਾਨ ਤੇ ਹੁਨਰਮੰਦ ਲੋਕ ਮੰਗਵਾ ਕੇ ਵਸਾਉਣੇ ਸ਼ੁਰੂ ਕੀਤੇ ਹਨ ਤਾਂ ਕਿ ਇਸ ਦੀ ਆਰਥਿਕਤਾ ਨੂੰ ਹੁਲਾਰਾ ਮਿਲ ਸਕੇ। ਜਿਵੇਂ ਕਿ ਕੁਝ ਦਹਾਕੇ ਪਹਿਲਾਂ ਵੱਧ ਜਨਸੰਖਿਆ ਕਿਸੇ ਵੀ ਦੇਸ਼ ਲਈ ਸਮੱਸਿਆ ਮੰਨੀ ਜਾਂਦੀ ਸੀ, ਹੁਣ ਕਈ ਦੇਸ਼ਾਂ ਦੀ ਸਮੱਸਿਆ ਘਟ ਰਹੀ ਜਨਸੰਖਿਆ ਹੈ। ਜਨਸੰਖਿਆ ਦੀ ਵੱਡੀ ਗਿਣਤੀ ਵੱਧ ਮਾਤਰਾ ਵਿੱਚ ਵਸਤੂਆਂ ਦਾ ਉਪਭੋਗ ਕਰੇਗੀ ਤੇ ਕਾਰੋਬਾਰੀਆਂ ਦੇ ਜ਼ਰੀਏ ਦੇਸ਼ ਵੱਧ ਮਾਲੀਆ ਇਕੱਠਾ ਕਰੇਗਾ। ਇਹ ਵਿਕਾਸ ਦਾ ਨਵਾਂ ਸੂਤਰ ਹੈ। ਕੁਦਰਤ ਨੇ ਕੈਨੇਡਾ ਨੂੰ ਬਹੁਤ ਸਾਰੇ ਉਪਯੋਗੀ ਖਣਿਜਾਂ ਨਾਲ ਭਰਪੂਰ ਰੱਖਿਆ ਹੈ। ਦੁਨੀਆ ਵਿੱਚੋਂ ਵੱਡਾ ਹਿੱਸਾ ਖਣਿਜ ਤੇ ਬਹੁਤ ਵੱਡਾ ਹਿੱਸਾ ਸਾਫ਼ ਪਾਣੀ ਦਾ ਖ਼ਜ਼ਾਨਾ ਕੈਨੇਡਾ ਕੋਲ ਮੌਜੂਦ ਹੈ।

ਪੜ੍ਹਾਈ ਵਾਸਤੇ ਪਰਵਾਸੀ ਮੰਗਵਾਉਣ ਵਿੱਚ ਕੈਨੇਡਾ ਮੋਹਰੀ ਦੇਸ਼ ਹੈ। ਆਸਾਨ ਭਾਸ਼ਾ ਵਿੱਚ ਕਹਿ ਲਿਆ ਜਾਵੇ ਤਾਂ ਕੈਨੇਡਾ ਪੜ੍ਹਾਈ ਦਾ ਵਪਾਰੀਕਰਨ ਕਰਕੇ ਆਰਥਿਕਤਾ ਨੂੰ ਹੁਲਾਰਾ ਦੇਣ ਵਾਲਾ ਦੇਸ਼ ਹੈ। ਕੈਨੇਡਾ ਬੱਚਿਆਂ ਅਤੇ ਬੁੱਢਿਆਂ ਨੂੰ ਸਾਂਭਣ ਲਈ ਆਪਣਾ ਵੱਡਾ ਸਰਮਾਇਆ ਖ਼ਰਚ ਰਿਹਾ ਹੈ। ਇਸ ਦਾ ਹੱਲ ਹੁਕਮਰਾਨਾਂ ਨੇ ਇਹ ਲੱਭਿਆ ਹੈ ਕਿ ਨੌਜਵਾਨ ਬਾਹਰੋਂ ਮੰਗਵਾ ਕੇ ਇਸ ਸਮੱਸਿਆ ਤੋਂ ਨਿਜਾਤ ਪਾ ਲਈ ਜਾਵੇ। ਇਸ ਨਾਲ ਇੱਕ ਤਾਂ ਜਵਾਨ ਤੇ ਦੂਸਰੇ ਹੁਨਰਮੰਦ ਨੌਜਵਾਨ ਜੋ ਹਰ ਖੇਤਰ ਵਿੱਚ ਮਾਹਰ ਹੋਣਗੇ, ਕੈਨੇਡਾ ਆਉਣਗੇ। ਇੱਕ ਤਰ੍ਹਾਂ ਨਾਲ ਬੁੱਢੇ ਹੋ ਰਹੇ ਕੈਨੇਡਾ ਨੂੰ ਇਹ ਨੌਜਵਾਨ ਹੁਲਾਰਾ ਦੇਣਗੇ। ਪੂਰੀ ਤਰ੍ਹਾਂ ਨਾਲ ਇੱਥੋਂ ਦੀ ਅਰਥਵਿਵਸਥਾ ਸੁਤੰਤਰ ਪੂੰਜੀਵਾਦੀ ਅਰਥਵਿਵਸਥਾ ਹੈ। ਹਰ ਇੱਕ ਸੋਚ ਕਾਰੋਬਾਰੀ ਹੈ। ਪੜ੍ਹਾਈ ਸਿਰਫ਼ ਕਾਰੋਬਾਰੀ ਸਰਮਾਇਆ ਇਕੱਠਾ ਕਰਨ ਦਾ ਇੱਕ ਜ਼ਰੀਆ ਹੈ। ਸਥਾਈ ਰਿਹਾਇਸ਼ ਹਾਸਲ ਕਰਨਾ ਇੱਕ ਮੁਸ਼ਕਲ ਕੰਮ ਹੈ। ਜੋ ਕਿ ਬਹੁਤ ਸਾਰਾ ਪੈਸਾ ਖ਼ਰਚ ਕਰਕੇ ਹਾਸਲ ਹੁੰਦੀ ਹੈ। ਇਸ ਲਈ ਨੌਜਵਾਨ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ।



ਪੰਜਾਬ ਦੇ ਬਹੁਤ ਸਾਰੇ ਹੁਨਰਮੰਦ ਤੇ ਕਾਬਲ ਵਿਦਿਆਰਥੀ ਕੈਨੇਡਾ ਪੜ੍ਹਾਈ ਲਈ ਜਾਂਦੇ ਹਨ ਅਤੇ ਸਥਾਈ ਰਿਹਾਇਸ਼ ਹਾਸਲ ਕਰਦੇ ਹਨ। ਇਸ ਪਿੱਛੇ ਸਰਕਾਰਾਂ ਨੇ ਸਿਆਸੀ ਰੋਟੀਆਂ ਸੇਕਣ ਲਈ ਪੰਜਾਬ ਵਿੱਚ ਨਸ਼ੇ ਤੋਂ ਡਰ ਲੋਕਾਂ ਦੇ ਮਨਾਂ ਅੰਦਰ ਧੱਕ ਦਿੱਤਾ ਹੈ। ਨਸ਼ੇ ਦੀ ਸਮੱਸਿਆ ਵਿਸ਼ਵਵਿਆਪੀ ਹੈ। ਨਸ਼ੇ ਕਰਕੇ ਪਰਵਾਸ ਕਰਨਾ ਇੱਕ ਛੋਟਾ ਜਿਹਾ ਕਾਰਨ ਹੋ ਸਕਦਾ ਹੈ, ਪਰ ਵੱਡਾ ਕਾਰਨ ਬੇਰੁਜ਼ਗਾਰੀ ਹੈ। ਨੌਜਵਾਨ ਕਿੱਤਾਮੁਖੀ ਤੇ ਹੋਰ ਉਚੇਰੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਰੁਜ਼ਗਾਰ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਵਿਦੇਸ਼ ਨੂੰ ਪੜ੍ਹਾਈ ਕਰਕੇ ਸਥਾਈ ਰਿਹਾਇਸ਼ ਵਾਸਤੇ ਚੁਣਦੇ ਹਨ। ਨਸ਼ੇ ਦੇ ਮਾਮਲੇ ਵਿੱਚ ਕੈਨੇਡਾ ਪੰਜਾਬ ਤੋਂ ਘੱਟ ਨਹੀਂ। ਇਹ ਉੱਥੇ ਆਸਾਨੀ ਨਾਲ ਉਪਲੱਬਧ ਹੈ ਸਗੋਂ ਭੰਗ ਵਰਗਾ ਨਸ਼ਾ ਸਰਕਾਰੀ ਠੇਕਿਆਂ ਤੋਂ ਮਿਲਣ ਲੱਗਾ ਹੈ। ਵੱਖਰੀ ਗੱਲ ਹੈ ਕਿ ਸਾਡੇ ਨੌਜਵਾਨ ਰੁਜ਼ਗਾਰ ਲੱਗ ਜਾਂਦੇ ਹਨ ਤੇ ਨਸ਼ੇ ਵੱਲ ਉਨ੍ਹਾਂ ਦਾ ਬਹੁਤਾ ਧਿਆਨ ਨਹੀਂ ਜਾਂਦਾ, ਪਰ ਫਿਰ ਵੀ ਸਾਡੇ ਕਈ ਨੌਜਵਾਨ ਉਸ ਨਸ਼ੇ ਦੇ ਨਰਕ ਵਿੱਚ ਧਸ ਕੇ ਰਹਿ ਜਾਂਦੇ ਹਨ। ਇਸ ਪਹਿਲੂ ਨੂੰ ਅਸੀਂ ਵਿਚਾਰਨਾਂ ਵੀ ਨਹੀਂ ਚਾਹੁੰਦੇ। ਅਸੀਂ ਕੈਨੇਡਾ ਜਾਣ ਦੀ ਹੋੜ ਵਿੱਚ ਅੱਖਾਂ ਬੰਦ ਕਰਕੇ ਬੈਠੇ ਹਾਂ।

ਨਸਲਭੇਦ ਦੀ ਸਮੱਸਿਆ ਦਾ ਸਾਹਮਣਾ ਹੋਰਨਾਂ ਦੇਸ਼ਾਂ ਦੇ ਲੋਕਾਂ ਨੂੰ ਕਰਨਾ ਪੈਂਦਾ ਹੈ। ਸਥਾਈ ਨਿਵਾਸੀਆਂ ਨੂੰ ਆਪਣੇ ਦੇਸ਼ ਦੀ ਵਿਦੇਸ਼ ਨੀਤੀ 'ਤੇ ਵੱਡਾ ਇਤਰਾਜ਼ ਹੈ। ਉਹ ਸਮਝਦੇ ਹਨ ਕਿ ਸਾਡੇ ਹੱਕਾਂ ਉੱਪਰ ਵਿਦੇਸ਼ੀ ਪਰਵਾਸ ਕਰਕੇ ਡਾਕਾ ਮਾਰ ਰਹੇ ਹਨ। ਕੈਨੇਡਾ ਦੇ ਕਈ ਅਣਛੂਹੇ ਹਿੱਸੇ ਅਜਿਹੇ ਹਨ ਜਿੱਥੇ ਮੁੱਢਲੀਆਂ ਸਹੂਲਤਾਂ ਦੀ ਕਮੀ ਹੈ। ਕਈ ਦੂਰ ਦੁਰਾਡੇ ਦੇ ਖੇਤਰ ਪਾਣੀ, ਬਿਜਲੀ, ਸੜਕਾਂ ਦੀ ਸਮੱਸਿਆ ਨਾਲ ਜੂਝ ਰਹੇ ਹਨ। ਅਜਿਹੇ ਵਿੱਚ ਉਨ੍ਹਾਂ ਲੋਕਾਂ ਦਾ ਤਰਕ ਹੈ ਕਿ ਹੁਕਮਰਾਨ ਅਫ਼ਗਾਨਿਸਤਾਨ ਤੇ ਯੂਕਰੇਨ ਵਿੱਚੋਂ ਲੋਕ ਵਸਾ ਕੇ ਉਨ੍ਹਾਂ ਨੂੰ ਸਹੂਲਤਾਂ ਦੇਣ 'ਤੇ ਰੁੱਝੇ ਹਨ ਜਦੋਂ ਕਿ ਸਥਾਈ ਲੋਕ ਸਹੂਲਤਾਂ ਲਈ ਤਰਸ ਰਹੇ ਹਨ। ਨਸਲਭੇਦ ਦਾ ਪਾੜਾ ਆਉਣ ਵਾਲੇ ਸਮੇਂ ਵਿੱਚ ਗੰਭੀਰ ਰੂਪ ਲੈ ਸਕਦਾ ਹੈ। ਪੰਜਾਬੀ ਵਿਦਿਆਰਥੀ ਜਾਂ ਨਵੇਂ ਕੈਨੇਡਾ ਵਸਣ ਵਾਲੇ ਪੰਜਾਬੀ ਵੱਖਰੀ ਕਿਸਮ ਦੀ ਨਸਲਭੇਦ ਸਮੱਸਿਆ ਦਾ ਸਾਹਮਣਾ ਕਰਦੇ ਹਨ। ਪਹਿਲਾਂ ਜਾਂ ਪੁਰਾਣੇ ਵਸਣ ਵਾਲੇ ਕੁਝ ਪੰਜਾਬੀ ਲੋਕ ਆਉਣ ਵਾਲੇ ਪੰਜਾਬੀਆਂ ਨੂੰ ਈਰਖਾ ਦੀ ਨਜ਼ਰ ਨਾਲ ਤੱਕਦੇ ਹਨ। ਸ਼ਾਇਦ ਨਵੇਂ ਵੱਸਣ ਵਾਲੇ ਲੋਕ ਉਨ੍ਹਾਂ ਨਾਲੋਂ ਵੱਧ ਸਿੱਖਿਅਤ ਹਨ ਤੇ ਉਨ੍ਹਾਂ ਨਾਲੋਂ ਵੱਡੀਆਂ ਤਨਖ਼ਾਹਾਂ 'ਤੇ ਕੰਮ ਕਰਨ ਕਰਕੇ ਉਹ ਈਰਖਾ ਦਾ ਸ਼ਿਕਾਰ ਹੋਣ। ਪਰ ਬਹੁਤ ਸਾਰੇ ਸਥਾਪਿਤ ਪੰਜਾਬੀ ਆਪਣੇ ਭਾਈਚਾਰੇ ਦੀ ਸੇਵਾ ਲਈ ਤਤਪਰ ਵੀ ਰਹਿੰਦੇ ਹਨ। ਇਸ ਦੀ ਉਦਾਹਰਨ ਪੰਜਾਬੀਆਂ ਵੱਲੋਂ ਕੋਵਿਡ ਦੌਰਾਨ ਗੁਰਦੁਆਰਿਆਂ ਵਿੱਚ ਕੀਤੀ ਗਈ ਸੇਵਾ ਹੈ। ਕਈ ਗੁਰਦੁਆਰਿਆਂ ਵਿੱਚ ਹੁਣ ਤੱਕ ਵੀ ਵਿਦਿਆਰਥੀਆਂ ਦੀ ਮਦਦ ਲਈ ਰਾਸ਼ਨ, ਗਰਮ ਕੰਬਲ ਆਦਿ ਭੇਟ ਕੀਤੇ ਜਾਂਦੇ ਹਨ। ਉੱਥੋਂ ਦੇ ਵਸਨੀਕ ਸਾਡੇ ਲੰਗਰਾਂ ਦੀ ਸੇਵਾ ਤੋਂ ਬਹੁਤ ਪ੍ਰਭਾਵਿਤ ਹਨ। ਹੁਣ ਉੱਥੋਂ ਦੇ ਲੋਕ ਸਮਝਣ ਲੱਗੇ ਹਨ ਕਿ ਗੁਰਦੁਆਰਿਆਂ ਵਿੱਚੋਂ ਨਿਸ਼ਕਾਮ ਮਦਦ ਮਿਲਦੀ ਹੈ। ਪਹਿਲਾਂ ਉਹ ਲੋਕ ਲੰਗਰ ਨੂੰ ਫ੍ਰੀ ਫੂਡ ਕਹਿੰਦੇ ਸਨ, ਪਰ ਹੁਣ ਉਹ ਲੰਗਰ ਦਾ ਮਤਲਬ ਸਮਝਣ ਲੱਗੇ ਹਨ।

ਕਿਸਾਨੀ ਦੇ ਮਾਮਲੇ ਵਿੱਚ ਕੈਨੇਡਾ ਦਾ ਕਿਸਾਨ ਵੀ ਅੰਨਦਾਤਾ ਹੈ, ਪਰ ਇਸ ਦੀ ਹਾਲਤ ਦੁਨੀਆ ਦੇ ਬਾਕੀ ਦੇਸ਼ਾਂ ਦੇ ਕਿਸਾਨਾਂ ਵਰਗੀ ਹੈ। ਜੋ ਖੇਤੀ ਸਬਸਿਡੀ ਹਾਸਲ ਕਰਕੇ ਹੀ ਸਾਹ ਲੈ ਰਿਹਾ ਹੈ। ਅੱਸੀਵੇਂ ਦਹਾਕੇ ਤੋਂ ਪਹਿਲਾਂ ਲੋਕ ਕਿਸਾਨ ਕੋਲੋਂ ਸਿੱਧਾ ਦੁੱਧ ਖਰੀਦ ਕੇ ਵਰਤ ਸਕਦੇ ਸਨ। ਉਸ ਸਮੇਂ ਦੁੱਧ ਦਾ ਕਾਰੋਬਾਰ ਮੁਨਾਫ਼ੇ ਦਾ ਕਾਰੋਬਾਰ ਸੀ, ਪਰ ਕਾਰੋਬਾਰੀਆਂ ਦੀ ਸਰਕਾਰੀ ਗੰਢ-ਤੁੱਪ ਨੇ ਪਹਿਲਾਂ ਇਹ ਪ੍ਰਚਾਰ ਕਰਾਇਆ ਕਿ ਸਿੱਧਾ ਦੁੱਧ ਖਰੀਦ ਕੇ ਵਰਤਣਾ ਸਿਹਤ ਲਈ ਹਾਨੀਕਾਰਕ ਹੈ। ਇਸ ਨਾਲ ਬਹੁਤ ਸਾਰੀਆਂ ਬਿਮਾਰੀਆਂ ਫੈਲਦੀਆਂ ਹਨ। ਉਸ ਤੋਂ ਬਾਅਦ ਡੇਅਰੀ ਨਾਲ ਸਬੰਧਿਤ ਪਸ਼ੂਆਂ ਦੀ ਖ਼ੁਰਾਕ ਤੇ ਹੋਰ ਕਾਰੋਬਾਰ ਲਈ ਲੋੜੀਂਦੀਆਂ ਵਸਤਾਂ ਨੂੰ ਮਹਿੰਗਾ ਕੀਤਾ ਗਿਆ। ਹੌਲੀ ਹੌਲੀ ਇਸ ਨੂੰ ਕਾਰੋਬਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ। ਅੱਜ ਪੂਰਾ ਕੈਨੇਡਾ ਕਾਰੋਬਾਰੀ ਘਰਾਣਿਆਂ ਦਾ ਇੱਕ ਨੰਬਰ, ਦੋ ਨੰਬਰ, ਤਿੰਨ ਨੰਬਰ ਦੁੱਧ ਵਰਤ ਰਿਹਾ ਹੈ। ਸ਼ੁੱਧ ਦੁੱਧ ਨਾਲੋਂ ਸ਼ਾਇਦ ਇਹ ਦੁੱਧ ਕਿਸੇ ਤਰੀਕੇ ਨਾਲ ਵੀ ਸਿਹਤ ਲਈ ਠੀਕ ਨਾ ਹੋਵੇ। ਸਾਡੇ ਦੇਸ਼ ਵਿੱਚ ਵੀ ਅਜਿਹੀ ਛੁਪੀ ਹੋਈ ਤਰਕੀਬ ਚੱਲ ਰਹੀ ਹੈ। ਇੱਕ ਸਮੇਂ ਸਾਡੇ ਦੇਸੀ ਘਿਓ ਨੂੰ ਇਹ ਪ੍ਰਚਾਰ ਕਰਕੇ ਕਿ ਇਸ ਨਾਲ ਦਿਲ ਦਾ ਰੋਗ ਹੁੰਦਾ ਹੈ, ਘਰ ਘਰ ਨੂੰ ਰਿਫਾਇੰਡ ਵਰਤਣ ਲਗਾ ਦਿੱਤਾ ਗਿਆ ਜੋ ਆਪਣੇ ਨਾਲ ਢੇਰ ਸਾਰੀਆਂ ਬਿਮਾਰੀਆਂ ਲੈ ਕੇ ਆਇਆ। ਕਾਰਪੋਰੇਟ ਹਮੇਸ਼ਾ ਆਪਣਾ ਫ਼ਾਇਦਾ ਦੇਖਦਾ ਹੈ। ਫ਼ਾਇਦੇ ਵਿੱਚੋਂ ਸਰਕਾਰ ਨੂੰ ਟੈਕਸ ਉਗਰਾਹੁਣਾ

(ਬਾਕੀ ਸਫ਼ਾ 31 'ਤੇ)

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ




28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ



ਡਾ. ਦਿਲਬਰ ਸਿੰਘ

ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪੰਦਰਵੇਂ ਮੁਖੀ ਸਚਖੰਡਵਾਸੀ ਸਿੰਘ ਸਾਹਿਬ ਜਥੇਦਾਰ ਬਾਬਾ ਗਜਣ ਸਿੰਘ ਜੀ 17 ਮਾਰਚ 2023 ਨੂੰ ਇਸ ਫਾਨੀ ਸੰਸਾਰ ਨੂੰ ਛਡ ਕੇ ਅਕਾਲ ਪੁਰਖ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦਾ ਜਨਮ ਪਿੰਡ ਮਲੀਆਂ ਵਿਖੇ ਪਿਤਾ ਸਰਦਾਰ ਮੱਖਣ ਸਿੰਘ ਜੀ ਦੇ ਘਰ ਮਾਤਾ ਹਰਦੀਪ ਕੌਰ ਜੀ ਦੀ ਕੁਖੋਂ ਸੰਨ 1957 ਵਿੱਚ ਹੋਇਆ। ਉਨ੍ਹਾਂ ਦਾ ਪਾਲਣ ਪੋਸ਼ਣ ਬੜੇ ਚਾਵਾਂ ਅਤੇ ਸਧਰਾਂ ਨਾਲ ਕੀਤਾ ਗਿਆ। ਉਹ ਬਚਪਨ ਤੋਂ ਹੀ ਬਾਣੀ-ਬਾਣੇ ਦੇ ਪਿਆਰ ਵਾਲੇ ਸਨ। ਉਨ੍ਹਾਂ ਨੇ ਮਿਡਲ ਸਕੂਲ ਤਕ ਦੀ ਪੜ੍ਹਾਈ ਕੀਤੀ ਹੋਈ ਸੀ। ਉਹ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸਨ। ਸੰਨ1972-73 ਵਿੱਚ ਉਹ ਬਾਬਾ ਬਿਸ਼ਨ ਸਿੰਘ ਜੀ ਦੀ ਸੰਗਤ ਵਿੱਚ ਬਾਬਾ ਬਕਾਲਾ ਸਾਹਿਬ ਆ ਗਏ ਅਤੇ ਨਿਰੰਤਰ ਸੇਵਾ ਕਰਨ ਲਗੇ। ਉਹਨਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਬਾਬਾ ਬਿਸ਼ਨ ਸਿੰਘ ਜੀ ਨੇ ਉਹਨਾਂ ਨੂੰ ਗੁਰਦੁਆਰਾ ਫਲਾਹ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਜਥੇਦਾਰ ਨਿਯੁਕਤ ਕਰ ਦਿਤਾ। ਉਨ੍ਹਾਂ ਨੇ ਲੰਮਾ ਸਮਾਂ ਬਾਬਾ ਜੀ ਨੂੰ ਆਪਣੇ ਹਥੀਂ ਲੰਗਰ ਛਕਾ ਕੇ ਸੇਵਾ ਕੀਤੀ ਅਤੇ ਬਾਬਾ ਜੀ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਉਹਨਾਂ ਨੇ ਬਾਬਾ ਜੀ ਦੇ ਗੜਵਈ ਵਜੋਂ ਵੀ ਪੂਰੀਆਂ ਸੇਵਾਵਾਂ ਨਿਭਾਈਆਂ। ਸੰਨ 1994 ਵਿੱਚ ਬਾਬਾ ਜੀ ਦੇ ਸਚਖੰਡ ਗਮਨ ਉਪ੍ਰੰਤ ਆਪ ਨੇ ਤਰਨਾ ਦਲ ਦੇ ਮੁਖੀ ਬਾਬਾ ਕੀਰਤਨ ਸਿੰਘ ਜੀ ਦੀ ਸੇਵਾ ਕੀਤੀ ਅਤੇ ਉਨ੍ਹਾਂ ਨੇ ਆਪ ਨੂੰ ਤਰਨਾ ਦਲ ਦਾ ਮੀਤ ਜਥੇਦਾਰ ਥਾਪ ਦਿਤਾ। ਮੀਤ ਜਥੇਦਾਰ ਦੀ ਸੇਵਾ ਸੰਭਾਲਦਿਆਂ ਹੀ ਉਨ੍ਹਾਂ ਨੇ ਆਪਣੀ ਜਮੀਨ ਵੇਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਵਾਲੀ ਬੱਸ ਤਿਆਰ ਕਰਵਾਈ ਅਤੇ ਦਲ ਪੰਥ ਨੂੰ ਭੇਟ ਕਰ ਦਿਤੀ। ਉਨ੍ਹਾਂ ਨੇ ਦਲ ਪੰਥ ਵਿੱਚ ਬਿਬੇਕ ਦੀ ਮਰਿਯਾਦਾ ਚਲਾਈ ਅਤੇ ਹੋਰ ਵੀ ਅਨੇਕਾਂ ਸੁਧਾਰ ਕੀਤੇ। ਮੀਤ ਜਥੇਦਾਰ ਹੁੰਦਿਆਂ ਉਹਨਾਂ ਨੇ ਮਹੰਤ ਤਰਲੋਚਨ ਸਿੰਘ ਜੀ ਤੋਂ ਸਾਰੀ ਬਾਣੀ ਦੀ ਸੰਥਿਆ ਕੀਤੀ ਅਤੇ ਸੰਤ ਕਰਤਾਰ ਸਿੰਘ ਜੀ ਮੋਟਾ ਅਖਰ ਪਾਸੋਂ ਜ਼ਫ਼ਰਨਾਮਹ ਬਾਣੀ ਦਾ ਅਧਿਐਨ ਕੀਤਾ ਅਤੇ ਦਲ ਪੰਥ ਵਿਚ ਸ਼ਾਮਲ ਹੋਰ ਅਨੇਕਾਂ ਸਿੰਘਾਂ ਨੂੰ ਪ੍ਰੇਰਿਤ ਕਰਕੇ ਬਾਣੀ ਦੀ ਸੰਥਿਆ ਕਰਵਾਈ ਜਿਸ ਸਦਕਾ ਪੰਥ ਵਿੱਚ ਅਨੇਕਾਂ ਪਾਠੀ ਸਿੰਘ ਤਿਆਰ ਹੋਏ। ਸੰਨ 2001 ਵਿੱਚ ਬਾਬਾ ਕੀਰਤਨ ਸਿੰਘ ਜੀ ਦੇ ਸਚਖੰਡ ਗਮਨ ਉਪਰੰਤ ਜਦੋਂ ਬਾਬਾ ਮੱਖਣ ਸਿੰਘ ਜੀ ਨੂੰ ਤਰਨਾ ਦਲ ਦਾ ਜਥੇਦਾਰ ਥਾਪਿਆ ਗਿਆ ਤਾਂ ਉਹਨਾਂ ਨੇ ਬਾਬਾ ਜੀ ਦੀ ਸੇਵਾ ਵਿੱਚ ਹਾਜਰ ਹੋ ਕੇ ਹੁਕਮ ਮੰਨਦਿਆਂ ਦਲ ਪੰਥ ਦੇ ਸਮੁਚੇ ਕਾਰਜਾਂ ਨੂੰ ਤਨਦੇਹੀ ਨਾਲ ਨਿਭਾਇਆ। ਬਾਬਾ ਮੱਖਣ ਸਿੰਘ ਜੀ ਤੋਂ ਬਾਅਦ ਦਲ ਪੰਥ ਨੇ ਆਪ ਜੀ ਨੂੰ 13 ਦਸੰਬਰ ਸੰਨ 2016 ਨੂੰ ਤਰਨਾ ਦਲ ਦਾ ਪੰਦਰਵਾਂ ਜਥੇਦਾਰ ਥਾਪ ਦਿਤਾ। ਜਥੇਦਾਰ ਹੁੰਦਿਆਂ



ਉਨ੍ਹਾਂ ਨੇ ਅਨੇਕਾ ਸੇਵਾਵਾਂ ਨਿਭਾਈਆਂ। ਉਹਨਾਂ ਨੇ ਅਨੇਕਾਂ ਗੁਰਦੁਆਰਿਆਂ, ਦੀਵਾਨ ਹਾਲਾਂ, ਲੰਗਰ ਦੀਆਂ ਇਮਾਰਤਾਂ ਦੀ ਉਸਾਰੀ ਦੀ ਕਾਰ ਸੇਵਾ ਕਰਵਾਈ। ਬੱਚਿਆਂ ਦੀ ਪੜ੍ਹਾਈ ਲਈ ਉਨ੍ਹਾਂ ਨੇ ਸਕੂਲ ਵੀ ਸਥਾਪਤ ਕੀਤਾ।ਦਲ ਪੰਥ ਵਿਚ ਸ਼ਾਮਲ ਭੁਝੰਗੀਆਂ ਲਈ ਸਕੂਲ ਅਤੇ ਕਾਲਜ ਦੀ ਪੜ੍ਹਾਈ ਦਾ ਵਿਸ਼ੇਸ਼ ਪ੍ਰਬੰਧ ਵੀ ਕਰਵਾਇਆ। ਉਹਨਾਂ ਨੇ ਗੁਰਬਾਣੀ ਦਾ ਪਾਠ ਬੋਧ ਸਮਾਗਮ ਦੀ ਕਰਵਾਇਆ ਅਤੇ ਉਸ ਸਮਾਗਮ ਵਿੱਚ ਸਾਰਾ ਸਮਾਂ ਹਾਜਰ ਰਹਿ ਕੇ ਗੁਰਬਾਣੀ ਦੇ ਪਾਠ ਦਾ ਆਨੰਦ ਵੀ ਮਾਣਿਆ। ਉਹਨਾਂ ਨੇ ਦਲ ਪੰਥ ਵਿਚ ਵਿਚਰਣ ਵਾਲੇ ਮਹਾਂਪੁਰਸ਼ਾਂ ਦੀਆਂ ਯਾਦਗਾਰਾਂ ਦੀ ਸੇਵਾ ਵੀ ਕਰਵਾਈ। ਉਹਨਾਂ ਨੇ ਗੁਰਮਤਿ ਵਿਦਿਆਲਿਆ ਸਥਾਪਤ ਕਰਕੇ ਬਾਣੀ-ਬਾਣੇ ਦਾ ਪ੍ਰਚਾਰ-ਪਸਾਰ ਵੀ ਕਰਵਾਇਆ। ਉਹ ਵਿਦਵਾਨਾਂ ਨਾਲ ਬਹੁਤ ਪਿਆਰ ਕਰਦੇ ਸਨ ਅਤੇ ਵਿਦਵਾਨਾਂ ਨੂੰ ਬਹੁਤ ਸਤਿਕਾਰ ਦੇਂਦੇ ਸਨ। ਉਹਨਾਂ ਨੇ ਸੰਤ ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ ਵਾਲਿਆਂ ਨੂੰ ਸਿੱਖ ਇਤਿਹਾਸ ਅਤੇ ਗੁਰਬਾਣੀ ਦੇ ਵਿਸ਼ਿਆਂ ਤੇ ਖੋਜ ਭਰਪੂਰ ਪੁਸਤਕਾਂ ਲਿਖਣ ਲਈ ਉਤਸ਼ਾਹਿਤ ਕੀਤਾ ਅਤੇ ਉਹਨਾਂ ਵੱਲੋਂ ਲਿਖੀਆਂ ਪੁਸਤਕਾਂ ਛਪਵਾ ਕੇ ਸੰਗਤਾਂ ਨੂੰ ਭੇਟਾ ਰਹਿਤ ਵੰਡੀਆਂ। ਸੰਤ ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ ਵਾਲੇ ਉਹਨਾਂ ਦੇ ਹੁਕਮਾਂ ਉਤੇ ਪਹਿਰਾ ਦਿੰਦਿਆਂ ਹੋਇਆਂ ਦਲ ਪੰਥ ਵਿਚ ਸ਼ਾਮਲ ਭੁਝੰਗੀਆਂ ਨੂੰ ਗੁਰਮਤਿ ਵਿਦਿਆ ਪੜਾਉਣ ਦੀ ਸੇਵਾ ਨਿਰੰਤਰ ਨਿਭਾਅ ਰਹੇ ਹਨ। ਸਤੰਬਰ 2016 ਵਿਚ ਸ੍ਰੀ ਸਰਬਲੋਹ ਗ੍ਰੰਥ ਜੀ ਦੇ ਪਾਠ ਬੋਧ ਸਮਾਗਮ ਸਮੇਂ ਲੇਖਕ ਨੂੰ ਵੀ ਜਥੇਦਾਰ ਬਾਬਾ ਗਜਣ ਸਿੰਘ ਜੀ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ ਅਤੇ ਉਸ ਤੋਂ ਬਾਅਦ ਵੀ ਅਨੇਕਾਂ ਵਾਰੀ ਦਰਸ਼ਨ ਕਰਨ ਦਾ ਅਵਸਰ ਵੀ ਪ੍ਰਾਪਤ ਹੋਇਆ। ਬਾਬਾ ਜੀ ਨਾਮ-ਬਾਣੀ ਦੇ ਰੰਗ ਵਿਚ ਰੰਗੇ ਰਹਿੰਦੇ ਸਨ। ਉਨ੍ਹਾਂ ਦਾ ਸੁਭਾਅ ਬਹੁਤ ਮਿਲਣਸਾਰ ਸੀ। ਉਹ ਬਹੁਤ ਘਟ ਬੋਲਦੇ ਸਨ ਅਤੇ ਮਿਠ ਬੋਲੜੇ ਸਨ। ਇਲਾਕੇ ਦੀਆਂ ਸਮੂਹ ਸੰਗਤਾਂ ਉਨ੍ਹਾਂ ਨੂੰ ਬਹੁਤ ਪਿਆਰ ਕਰਦੀਆਂ ਸਨ ਅਤੇ ਸਤਿਕਾਰ ਦਿੰਦੀਆਂ ਸਨ। ਉਹਨਾਂ ਦੇ ਸਚਖੰਡ ਗਮਨ ਉਪਰੰਤ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪ੍ਰਬੰਧ ਦੀ ਸੇਵਾ ਬਾਬਾ ਜੋਗਾ ਸਿੰਘ ਜੀ ਨੂੰ ਸੌਂਪੀ ਗਈ ਹੈ ਜੋ ਦਲ ਪੰਥ ਦੇ ਸੋਲਵੇਂ ਜਥੇਦਾਰ ਥਾਪੇ ਗਏ ਹਨ। ਅਕਾਲ ਪੁਰਖ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਮਹਾਂਪੁਰਸ਼ਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਸਮੂਹ ਸੰਗਤਾਂ ਅਤੇ ਦਲ ਪੰਥ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਜਥੇਦਾਰ ਬਾਬਾ ਜੋਗਾ ਸਿੰਘ ਜੀ ਨੂੰ ਚੜਦੀ ਕਲਾ ਬਖਸ਼ਣ ਤਾਂ ਜੋ ਉਹ ਜਥੇਦਾਰ ਬਾਬਾ ਗਜਣ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਚਲਦਿਆਂ ਹੋਇਆਂ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਵਿਚ ਹੋਰ ਵਾਧਾ ਕਰਨ।

# ਜ਼ਰੂਰਤ ਤੋਂ ਵੱਧ ਖ਼ਰਚ

ਕਲਮਾਂ ਦੇ ਜਜ਼ਬਾਤ

ਸੰਦੀਪ ਸਿੰਘ

ਪਿੰਡ ਵਾਲਾ ਘਰ ਕੋਈ 30 ਸਾਲ ਪੁਰਾਣਾ ਹੋ ਗਿਆ ਸੀ, ਤਾਂ ਸੋਚਿਆ ਕਿ ਹੁਣ ਦੁਬਾਰਾ ਬਣਾ ਲੈਂਦੇਂ ਹਾਂ, ਵੈਸੇ ਤਾਂ ਬਹੁਤ ਸਾਰੇ ਲੋਕਾਂ ਨੇ ਇਹ ਕਿਹਾ ਕਿ ਪਿੰਡ ਵਿੱਚ ਘਰ ਬਣਾ ਕੇ ਕੀ ਕਰੋਗੇ ਪਟਿਆਲੇ ਜਾਂ ਪਾਤੜਾਂ ਕੋਠੀ ਪਾਓ,ਪਰ ਬਚਪਨ ਦੀਆਂ ਯਾਦਾਂ ਪਿੰਡ ਜੁੜੀਆਂ ਹੋਣ ਕਰਕੇ, ਸ਼ਹਿਰ ਦੇ ਭੀੜੇ ਮਾਹੌਲ ਤੋਂ ਖੁੱਲੇਪਨ ਵੱਲ ਜਾਣ ਦੀ ਇੱਛਾ ਕਰਕੇ ਅਤੇ ਸਮਾਜਿਕ ਹੋਣ ਕਰਕੇ ਅਸੀਂ ਇਸੇ ਘਰ ਨੂੰ ਹੀ ਠੀਕ ਕਰਨ ਬਾਰੇ ਸੋਚਿਆ,ਤੇ ਉਨੇ ਹੀ ਪੈਸੇ ਲਾਉਣ ਬਾਰੇ ਸੋਚਿਆ, ਜਿੰਨੀ ਜਗਾ ਦੀ ਸਾਨੂੰ ਜ਼ਰੂਰਤ ਸੀ,ਚਲੋ ਘਰ ਬਣਨਾ ਸ਼ੁਰੂ ਹੋ ਗਿਆ ਤੇ ਨਾਲ ਨਾਲ ਸਲਾਹਾਂ ਦੇਣ ਵਾਲੇ ਵੀ ਆ ਗਏ, "ਬਾਕੀ ਸੱਭ ਤਾਂ ਠੀਕ ਹੈ ਪਰ ਇਕ ਚੁਬਾਰਾ ਬਣਾਕੇ ਉਤੇ ਜਹਾਜ ਜ਼ਰੂਰ ਲਓ", ਅਸੀਂ ਗੱਲ ਸੁਣ ਛੱਡਦੇ, "ਭਾਜੀ ਥੱਲੇ ਹੀ 3 ਬੈਡਰੂਮ ਨੇ ਜਿਹੜੇ ਕਿ ਸਾਲ



ਵਿੱਚ ਇੱਕ ਮਹੀਨਾ ਹੀ ਵਰਤੋਂ ਵਿੱਚ ਆਉਣਗੇ", ਪਰ ਮਿਲਣ ਗਿਲਣ ਵਾਲੇ ਨੂੰ ਸਮਝਾਉਣਾ ਕਾਫੀ ਔਖਾ ਕੰਮ ਸੀ, ਉਹਨਾਂ ਨੂੰ ਲਗਦਾ ਸੀ ਕਿ ਪੈਸੇ ਟਕੇ ਵਾਲੇ ਬੰਦੇ ਨੇ ਖਰਚਾ ਜ਼ਿਆਦਾ ਕਰਨ, ਖੈਰ ਅਸੀਂ ਕੰਮ ਆਪਣੀ ਮਰਜ਼ੀ ਅਨੁਸਾਰ ਹੀ ਕੀਤਾ, ਅੱਜ ਇਹ ਕੰਮ ਚੱਲ ਰਿਹਾ ਸੀ, ਕਿ ਵੱਡੇ ਭਾਅ ਜੀ ਦੇ ਤਿੰਨ ਸਾਲ ਬਾਅਦ ਆਸਟ੍ਰੇਲੀਆ ਤੋਂ ਆਉਣ ਦੀ ਤਰੀਕ ਫਾਈਨਲ ਹੋ ਗਈ, ਮੈਂ ਉਨ੍ਹਾਂ ਨੂੰ ਕਿਹਾ ਕਿ ਜਿਵੇਂ ਤੁਸੀਂ ਆਓਗੇ ਅਖੰਡ ਪਾਠ ਕਰਵਾਵਾਂਗੇ, ਇਕ ਗੱਲ 'ਤੇ ਸਾਡੇ ਦੋਵਾਂ ਭਰਾਵਾਂ ਦੀ ਇੱਕ ਸਲਾਹ ਸੀ ਕਿ ਲੰਗਰ ਪੰਗਤ ਵਿੱਚ ਛਕਾਇਆ ਜਾਵੇਗਾ ਤੇ ਅਖੰਡ ਪਾਠ ਸਾਹਿਬ ਪੁਰਾਣੇ ਸਧਾਰਨ ਤਰੀਕੇ ਨਾਲ ਕੀਤਾ ਜਾਵੇਗਾ, ਮੈਂ ਬਹੁਤ ਜ਼ਿਆਦਾ ਪ੍ਰੋਗਰਾਮ ਤਾਂ ਨਹੀਂ ਦੇਖ ਪਾਉਂਦਾ, ਪਰ ਮੈਨੂੰ ਲਗਦਾ ਹੈ ਕਿ ਅੱਜ-ਕੱਲ੍ਹ ਸਧਾਰਨ ਅਖੰਡ ਪਾਠ ਸਾਹਿਬ ਵਿੱਚ ਵੀ ਟੇਬਲ 'ਤੇ ਹੀ ਖਾਣਾ ਖੁਆਇਆ ਜਾਂਦਾ ਹੈ ਅਤੇ ਵਿਆਹ ਦੇ ਪ੍ਰੋਗਰਾਮ ਦੀ ਤਰਾਂ ਚਾਹ ਦਾ ਪਰੋਗਰਾਮ ਵੀ ਬਰਫੀ ਗੁਲਾਬ ਜਾਮਨ ਪਕੌੜਿਆਂ ਵਾਲਾ ਹੁੰਦਾ ਹੈ। ਫਿਰ ਸਭ ਲੋਕ ਪੁੱਛਣਾ ਸ਼ੁਰੂ ਹੋ ਗਏ ਕਿ ਹੁਣ ਇਹ ਪ੍ਰੋਗਰਾਮ ਵਿੱਚ ਕੀ ਖਵਾਇਆ ਜਾਵੇਗਾ, ਕਾਫੀ ਲੋਕਾਂ ਨੇ ਜੋਰ ਲਾਇਆ ਪਰ ਅਸੀਂ ਚਾਹ ਦੇ ਨਾਲ ਬਦਾਨਾ, ਮਟਰ, ਨਮਕੀਨ ਹੀ ਵਰਤਾਇਆ। ਇਸ ਤੋਂ ਵੀ ਮਜ਼ੇ ਦੀ ਗੱਲ ਇਹ ਸੀ, ਕੀ ਮੈਂ ਕਾਫੀ ਲੋਕਾਂ ਨੂੰ ਦੱਸਿਆ ਤੇ ਤੀਜੇ ਦਿਨ ਕਬੀਰ ਜੀ ਤੇ ਫਰੀਦ ਜੀ ਦੇ ਦੋਹੇ ਪੜ੍ਹਨ ਲਈ ਮੈਂ ਇਕ ਸਪੈਸ਼ਲ ਬਾਬਾ ਜੀ ਬੁਲਾਏ ਹਨ, ਸਾਰੇ ਜਣੇ ਆ ਕੇ ਸੁਣੋ ਪਰ ਮੌਕੇ 'ਤੇ ਕੋਈ ਵੀ ਨਹੀਂ ਪਹੁੰਚਿਆ। ਉਪਰ ਵਾਲੇ ਦੋਵੇਂ ਫੈਸਲੇ ਲੈਣ ਲਈ ਤੇ ਉਨ੍ਹਾਂ ਉਤੇ ਅਮਲ ਕਰਨ ਲਈ ਭਾਵੇਂ ਸਾਡਾ ਕਾਫੀ ਜ਼ੋਰ ਲੱਗਿਆ, ਕਈ ਨਜ਼ਦੀਕੀ ਰਿਸ਼ਤੇਦਾਰਾਂ ਨੇ ਮੂੰਹ ਜੋੜ ਜੋੜ ਗੱਲਾਂ ਵੀ ਕੀਤੀਆਂ, ਪਰ ਅਸੀਂ ਜੋ ਸੋਚਿਆ ਸੀ,ਉਸੇ ਤਰ੍ਹਾਂ ਹੀ ਕੀਤਾ। ਹੁਣ ਪ੍ਰੋਗਰਾਮ ਨਿਬੜਨ ਤੋਂ ਬਾਅਦ ਕੁਸ਼ ਰੁਝਾਨ ਆਉਣੇ ਸ਼ੁਰੂ ਹੋਏ ਹਨ, ਕਿ ਪ੍ਰੋਗਰਾਮ ਬਹੁਤ ਵਧੀਆ ਸੀ, ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ ਐਵੇਂ ਹੀ ਹੋਣਾ ਚਾਹੀਦਾ ਹੈ, ਨਾਲ ਨਾਲ ਕੋਈ ਸੱਜਣ ਇਹ ਵੀ ਕਹਿ ਰਹੇ ਹਨ ਕਿ ਘਰ ਵੀ ਉਨ੍ਹਾਂ ਕੂ ਹੀ ਬਣਾਉਣਾ ਚਾਹੀਦਾ, ਜਿਨੀਂ ਜਰੂਰਤ ਹੋਵੇ। ਸਾਡੇ ਪੰਜਾਬੀਆਂ ਦੇ ਜ਼ਰੂਰਤ ਤੋਂ ਵੱਧ ਖਰਚ ਖਾਹ ਹੋਣ ਦੇ ਸੁਭਾਅ ਨੂੰ ਠੱਲ੍ਹ ਪਾਉਣ ਲਈ, ਅੱਗੇ ਲੱਗ ਕੇ ਕੁਛ ਕੁ ਉਦਾਹਰਣਾਂ ਤਾਂ ਬਣਾਉਣੀਆਂ ਹੀ ਪੈਣਗੀਆਂ, ਸ਼ਾਇਦ ਕੁਝ ਬਦਲਾਅ ਆ ਜਾਵੇ।

# ਗੁਰਦੁਆਰਾ ਸਾਹਿਬ .ਫਰੀਮੌਂਟ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਫਰੀਮੌਂਟ/ਏ.ਟੀ.ਨਿਊਜ਼ :- ਕੈਲੀਫੋਰਨੀਆ (ਅਮਰੀਕਾ): ਪ੍ਰਮਿੰਦਰ ਸਿੰਘ ਪ੍ਰਵਾਨਾ : ਅਮਰੀਕੀ ਪੰਜਾਬੀ ਕਵੀਆਂ ਵੱਲੋਂ 300-ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ ਵਿਖੇ ਸਜੇ ਦੀਵਾਨਾਂ ਵਿੱਚ ਕਵੀਆਂ ਵੱਲੋਂ 'ਹੋਲਾ ਮਹੱਲਾ' ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਮੰਚ ਸੰਚਾਲਨ ਕਰਦਿਆਂ 'ਪ੍ਰਵਾਨਾ' ਨੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੰਪਰਾਗਤ ਰਹੁ ਰੀਤਾਂ ਤੇ ਤਿਉਹਾਰਾਂ ਨੂੰ ਇਨਕਲਾਬੀ ਢੰਗ ਨਾਲ ਮਨਾਉਣ ਦੀ ਪ੍ਰੇਰਨਾ ਦਿੱਤੀ। ਉਹਨਾਂ ਹੋਲਾ ਮਹੱਲਾ ਦੇ ਤਿਉਹਾਰ ਨੂੰ ਸੂਰਮਗਤੀ ਨਾਲ ਜੋੜ ਦਿੱਤਾ। ਉਹਨਾਂ ਸਿੰਘਾਂ ਨੂੰ ਸ਼ਸ਼ਤਰ ਵਿਦਿਆ ਵਿੱਚ ਨਿਪੁੰਨ ਬਣਾਇਆ। ਉਹਨਾਂ ਚਾਹਿਆ ਕਿ ਸਮਾਜ ਵਿੱਚ ਨਰੋਆ ਪ੍ਰੀਵਰਤਣ ਆਵੇ ਕਿ ਸਮਾਜ ਨੂੰ ਉਸਾਰੂ ਸਾਰਥਿਕ



ਸੇਧ ਮਿਲ ਸਕੇ। ਗੁਰੂ ਸਾਹਿਬ ਜੀ ਨੇ 'ਮੀਰੀ ਪੀਰੀ' ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਸ਼ਸ਼ਤਰਾਂ ਦਾ ਸਤਿਕਾਰ ਅਤੇ ਪ੍ਰਯੋਗ ਪ੍ਰਪੱਕ ਬਣਾਇਆ। ਜੁਲਮ ਦੇ ਖ਼ਿਲਾਫ ਜਿੱਤ ਦਾ ਸੰਕਲਪ ਦ੍ਰਿੜ ਕਰਵਾਉਣਾ ਸੀ। ਹੋਲਾ ਮਹੱਲਾ ਇੱਕ ਫਰਜ਼ੀ ਜੰਗ ਦਾ ਅਭਿਆਸ ਹੈ, ਜੋ ਤਲਵਾਰਾਂ, ਨੇਜਿਆਂ ਅਤੇ ਬਰਛਿਆਂ ਨਾਲ ਲੜਿਆ ਜਾਂਦਾ ਹੈ। ਜੰਗੀ ਅਭਿਆਸ ਦੀਆਂ ਖੇਡਾਂ ਨਾਲ ਰੌਚਿਕ ਬਣਦਾ ਹੈ। ਖਾਲਸਾਈ ਜਾਹੋਜਹਾਲ ਦਾ ਪ੍ਰਤੀਕ ਹੈ, ਇਹ ਇੱਕ ਰਾਸ਼ਟਰੀ ਤਿਉਹਾਰ ਹੈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਸਥਾਨਕ ਕਵੀ ਠਾਕੁਰ ਸਿੰਘ ਫਰੀਮੌਂਟ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੌਂਟ, ਤਰਸੇਮ ਸਿੰਘ ਸੁੰਮਨ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਸ਼ਾਮਲ ਸਨ, ਜਿਨ੍ਹਾਂ ਨੇ ਬੀਰ ਰਸੀ ਕਵਿਤਾਵਾਂ ਕਹੀਆਂ। ਸੰਗਤਾਂ ਵੱਲੋਂ ਇਤਿਹਾਸਕ ਸਾਰਥਿਕ ਕਵੀ ਦਰਬਾਰ ਦਾ ਆਨੰਦ ਮਾਣਿਆ ਗਿਆ। ਪ੍ਰਬੰਧਕਾਂ ਵੱਲੋਂ ਅਜਿਹੇ ਪ੍ਰੋਗਰਾਮ ਕਰਵਾਉਣਾ ਦ੍ਰਿੜ ਕਰਵਾਇਆ ਗਿਆ। ਅਗਲਾ ਪ੍ਰੋਗਰਾਮ ਵਿਸਾਖੀ ਦਿਹਾੜੇ ਨੂੰ ਸਮਰਪਿਤ ਹੋਵੇਗਾ। ਇਸ ਧਾਰਮਿਕ ਕਵੀ ਦਰਬਾਰ ਦੀ ਸਫਲਤਾ ਵਿੱਚ ਭਾਈ ਜਸਦੇਵ ਸਿੰਘ, ਭਾਈ ਕਸ਼ਮੀਰ ਸਿੰਘ ਸ਼ਾਹੀ ਅਤੇ ਸਟੇਜ਼ ਸਕੱਤਰ ਭਾਈ ਦਵਿੰਦਰ ਸਿੰਘ ਦਾ ਭਰਪੂਰ ਸਹਿਯੋਗ ਰਿਹਾ। ਇੱਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।






# ਜਿਹੜੇ ਚਾਹ ਪੀਣ ਦੇ ਸ਼ੌਕੀਨ ...

ਦੁਨੀਆ ਵਿੱਚ ਚਾਹ ਪੀਣ ਦੇ ਸ਼ੌਕੀਨਾਂ ਦੀ ਗਿਣਤੀ ਬਹੁਤ ਜਿਆਦਾ ਹੈ। ਚਾਹ ਪੀਣ ਨਾਲ ਵਿਅਕਤੀ ਆਪਣੇ ਆਪ ਨੂੰ ਤਰੋਤਾਜਾ ਮਹਿਸੂਸ ਕਰਦਾ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਜਦੋਂ ਕੋਈ ਵਿਅਕਤੀ ਆਪਣਾ ਕੰਮ ਕਰਦਾ ਥਕਾਵਟ ਮਹਿਸੂਸ ਕਰਦਾ ਹੈ ਤਾਂ ਅਕਸਰ ਉਹ ਚਾਹ ਪੀਣ ਲੱਗਦਾ ਹੈ। ਇਸ ਲਈ ਚਾਹ ਕੁਝ ਲੋਕਾਂ ਲਈ ਐਨਰਜੀ ਡਰਿੰਕ ਤੋਂ ਘੱਟ ਨਹੀਂ ਹੈ। ਬਿਸਤਰੇ 'ਤੇ ਅੱਧ ਲੇਟੇ ਹੋ ਕੇ ਚਾਹ ਪੀ ਲਈਏ ਤਾਂ ਦਿਨ ਦੀ ਸ਼ੁਰੂਆਤ ਚੰਗੀ ਮੰਨੀ ਜਾਂਦੀ ਹੈ।ਘਰ 'ਚ ਮਹਿਮਾਨ ਦੇ ਆਉਂਦਿਆਂ ਹੀ ਮਾਂ ਚਾਹ ਦਾ ਪਤੀਲਾ ਗੈਸ 'ਤੇ ਚੜ੍ਹਾਉਣ ਲਈ ਰਸੋਈ 'ਚ ਪਹੁੰਚ ਜਾਂਦੀ ਹੈ। ਸਫ਼ਰ 'ਤੇ ਨਿਕਲਦੇ ਹੀ ਚੰਗੀ ਚਾਹ ਦੀ ਖੋਜ ਸ਼ੁਰੂ ਹੋ ਜਾਂਦੀ ਹੈ। ਦਫ਼ਤਰ ਵਿੱਚ ਕੰਮ ਤੋਂ ਛੁੱਟੀ ਲੈਣ ਦਾ ਇਹੀ ਇੱਕ ਬਹਾਨਾ ਹੈ।ਇੰਨਾ ਹੀ ਨਹੀਂ, ਕੁਝ ਲੋਕ ਵਰਤ ਦੇ ਦੌਰਾਨ ਭੁੱਖ ਅਤੇ ਊਰਜਾ ਲਈ ਸਿਰਫ ਚਾਹ 'ਤੇ ਨਿਰਭਰ ਕਰਦੇ ਹਨ।

ਚਾਹ ਦੀ ਚੁਸਕੀ ਤੁਸੀਂ ਵੱਖ-ਵੱਖ ਬਹਾਨੇ ਨਾਲ ਲੈਂਦੇ ਹੋ। ਜਿਸ ਚੀਜ਼ ਨੂੰ ਤੁਸੀਂ ਊਰਜਾ ਦਾ ਸਰੋਤ ਸਮਝ ਰਹੇ ਹੋ, ਕੀ ਇਹ ਅਸਲ ਵਿੱਚ ਊਰਜਾ ਦਿੰਦਾ ਹੈ ?

ਅਮਰੀਕਾ ਦੀ ਬ੍ਰਾਊਨ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਇਸ ਦਾ ਅਧਿਐਨ ਕੀਤਾ। ਜਿਸ ਵਿੱਚ ਦੱਸਿਆ ਗਿਆ ਕਿ ਦੁੱਧ ਦੇ ਨਾਲ ਚਾਹ ਦੇ ਹਰ ਕੱਪ ਵਿੱਚ 40 ਮਿਲੀਗ੍ਰਾਮ ਕੈਫੀਨ ਹੁੰਦੀ ਹੈ।ਬਹੁਤ ਜ਼ਿਆਦਾ ਚਾਹ ਪੀਣ ਨਾਲ ਤੁਸੀਂ ਕੈਫੀਨ ਦੇ ਆਦੀ ਹੋ ਸਕਦੇ ਹੋ। ਇਸ ਕਾਰਨ ਕਿਸੇ ਵੀ ਕੰਮ ਵਿੱਚ



ਧਿਆਨ ਲਗਾਉਣਾ ਮੁਸ਼ਕਲ ਹੋ ਜਾਂਦਾ ਹੈ।ਅਮਰੀਕਾ ਵਿੱਚ ਇਹ ਕੋਈ ਵਿਲੱਖਣ ਖੋਜ ਨਹੀਂ ਹੈ। ਸਾਡੇ ਪੂਰਵਜ ਅਤੇ ਸਾਡੇ ਡਾਕਟਰ ਹਮੇਸ਼ਾ ਇਹ ਕਹਿੰਦੇ ਰਹੇ ਹਨ।

ਚਾਹ ਨੂੰ ਇੱਕ ਕਿਸਮ ਦਾ ਨਸ਼ਾ ਵੀ ਮੰਨਿਆ ਜਾਂਦਾ ਹੈ। ਇਸ ਦੇ ਬਾਵਜੂਦ ਲੋਕ ਚਾਹ ਪੀ ਰਹੇ ਹਨ ਅਤੇ ਹੌਲੀ-ਹੌਲੀ ਆਪਣੀ ਸਿਹਤ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਖਾਲੀ ਪੇਟ ਚਾਹ ਪੀਣ ਨਾਲ ਮੈਟਾਬੋਲਿਕ ਸਿਸਟਮ ਖਰਾਬ ਹੁੰਦਾ ਹੈ। ਇਸ ਪ੍ਰਣਾਲੀ ਦੇ ਕਾਰਨ, ਜੋ ਅਸੀਂ ਖਾਂਦੇ ਹਾਂ ਅਤੇ ਪੀਂਦੇ ਹਾਂ ਉਸ ਨੂੰ ਊਰਜਾ ਵਿੱਚ ਪਚਾਉਣ ਦੀ ਪ੍ਰਕਿਰਿਆ ਹੁੰਦੀ ਹੈ, ਜਿਸ ਨੂੰ ਮੈਟਾਬੋਲਿਜ਼ਮ ਕਿਹਾ ਜਾਂਦਾ ਹੈ।

ਵਧੇਰੇ ਸਰਲ ਭਾਸ਼ਾ ਵਿੱਚ, ਇਹ ਉਹ ਪ੍ਰਕਿਰਿਆ ਹੈ ਜੋ ਕੈਲੋਰੀਆਂ ਨੂੰ ਊਰਜਾ ਵਿੱਚ ਬਦਲਦੀ ਹੈ। ਸਰੀਰ ਵਿੱਚ ਮੈਟਾਬੋਲਿਜ਼ਮ ਦੀ ਪ੍ਰਕਿਰਿਆ 24 ਘੰਟੇ ਜਾਰੀ ਰਹਿੰਦੀ ਹੈ।

ਚਾਹ ਪੀਣ ਨਾਲ ਆਮ ਮੈਟਾਬੌਲਿਕ ਕਿਰਿਆਵਾਂ 'ਚ ਰੁਕਾਵਟ ਆਉਂਦੀ ਹੈ। ਜਿਸ ਕਾਰਨ ਕਬਜ਼, ਪੇਟ ਵਿੱਚ ਛਾਲੇ ਦੀ ਸਮੱਸਿਆ ਹੋ ਸਕਦੀ ਹੈ।

ਅਜਿਹੇ 'ਚ ਜੇਕਰ ਤੁਹਾਨੂੰ ਸਵੇਰੇ ਚਾਹ ਪੀਣ ਦੀ ਆਦਤ ਹੈ ਤਾਂ ਇਸ ਦੇ ਨਾਲ ਕੁਝ ਹਲਕਾ ਜ਼ਰੂਰ ਖਾਓ।

ਹੈਲਥਲਾਈਨ ਦੀ ਰਿਪੋਰਟ ਅਨੁਸਾਰ ਇੱਕ ਸਿਹਤਮੰਦ ਵਿਅਕਤੀ ਨੂੰ ਦਿਨ ਵਿੱਚ 1 ਤੋਂ 2 ਕੱਪ ਚਾਹ ਪੀਣੀ ਚਾਹੀਦੀ ਹੈ।ਜੇਕਰ ਗਲੇ 'ਚ ਖਰਾਸ਼, ਜ਼ੁਕਾਮ ਅਤੇ ਫਲੂ ਵਰਗੀ ਸਮੱਸਿਆ ਹੈ ਤਾਂ ਤੁਸੀਂ 2 ਤੋਂ 3 ਕੱਪ ਹਰਬਲ ਟੀ ਪੀ ਸਕਦੇ ਹੋ।

ਜੇਕਰ ਤੁਸੀਂ ਦਿਨ 'ਚ 4 ਕੱਪ ਤੋਂ ਜ਼ਿਆਦਾ ਚਾਹ ਪੀਂਦੇ ਹੋ ਤਾਂ ਕਈ ਸਰੀਰਕ ਸਿਹਤ ਸਮੱਸਿਆਵਾਂ ਹੋਣਗੀਆਂ। ਮਾਨਸਿਕ ਸਿਹਤ ਵੀ ਵਿਗੜ ਜਾਵੇਗੀ, ਤਣਾਅ ਅਤੇ ਚਿੰਤਾ ਵਧਣ ਲੱਗੇਗੀ।

**ਬਲੱਡ ਪ੍ਰੈਸ਼ਰ:** ਬਹੁਤ ਜ਼ਿਆਦਾ ਦੁੱਧ ਦੀ ਚਾਹ ਪੀਣ ਨਾਲ ਕੋਲੈਸਟ੍ਰੋਲ ਅਤੇ ਸੰਤ੍ਰਿਪਤ ਚਰਬੀ ਵਧਦੀ ਹੈ, ਜੋ ਧਮਨੀਆਂ ਨੂੰ ਤੰਗ ਕਰ ਦਿੰਦੀ ਹੈ ਅਤੇ ਬਲੱਡ ਪ੍ਰੈਸ਼ਰ ਦੇ ਪੱਧਰ ਨੂੰ ਵਧਾ ਸਕਦੀ ਹੈ।

**ਐਸੀਡਿਟੀ:** ਚਾਹ ਵਿੱਚ ਕੈਫੀਨ ਹੁੰਦਾ ਹੈ, ਜਿਸ ਕਾਰਨ ਪੇਟ ਵਿੱਚ ਗੈਸ ਬਣਦੀ ਹੈ। ਪੇਟ ਫੁੱਲਣ ਦੀ ਸਮੱਸਿਆ ਹੈ। ਇਸ ਨਾਲ ਅੰਤੜੀਆਂ ਨੂੰ ਵੀ ਨੁਕਸਾਨ ਹੋ ਸਕਦਾ ਹੈ। ਕੁਝ ਵੀ ਹਜ਼ਮ ਕਰਨਾ ਔਖਾ ਹੋ ਜਾਂਦਾ ਹੈ।

**ਮੁਹਾਸੇ:** ਚਾਹ ਦੀ ਆਦਤ ਹਾਰਮੋਨਸ ਦੇ ਸੰਤੁਲਨ ਨੂੰ ਵਿਗਾੜ ਦਿੰਦੀ ਹੈ। ਇਸ ਨਾਲ ਮੁਹਾਸੇ ਅਤੇ ਮੁਹਾਸੇ ਵਰਗੀਆਂ ਸਮੱਸਿਆਵਾਂ ਹੋ ਜਾਂਦੀਆਂ ਹਨ।

**ਨੀਂਦ ਦੀ ਕਮੀ :** ਕੈਫੀਨ ਕਾਰਨ ਨੀਂਦ ਪੂਰੀ ਨਹੀਂ ਹੁੰਦੀ। ਇਸ ਨਾਲ ਤਣਾਅ, ਬੇਚੈਨੀ ਅਤੇ ਚਿੜਚਿੜਾਪਨ ਵਰਗੀਆਂ ਕਈ ਸਮੱਸਿਆਵਾਂ ਹੋ ਸਕਦੀਆਂ ਹਨ।

ਅਲਸਰ: ਅਲਸਰ ਹੋਣ ਦਾ ਖਤਰਾ ਹੈ। ਪੇਟ ਦੀ ਅੰਦਰਲੀ ਸਤ੍ਹਾ ਵਿੱਚ ਜ਼ਖ਼ਮ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।



ਹੱਡੀਆਂ ਨੂੰ ਨੁਕਸਾਨ: ਚਾਹ ਵਿੱਚ ਕੈਫੀਨ ਅਤੇ ਨਿਕੋਟੀਨ ਦੋਵੇਂ ਹੁੰਦੇ ਹਨ, ਇਹ ਸਾਡੇ ਸਰੀਰ ਵਿੱਚੋਂ ਕੈਲਸ਼ੀਅਮ ਨੂੰ ਬਾਹਰ ਕੱਢਦੀ ਹੈ। ਇਸ ਨਾਲ ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ ਅਤੇ ਛੋਟੀ ਉਮਰ ਵਿੱਚ ਜੋੜਾਂ ਦਾ ਦਰਦ ਹੋ ਸਕਦਾ ਹੈ।

ਡੀਹਾਈਡ੍ਰੇਸ਼ਨ: ਦੁੱਧ ਦੀ ਚਾਹ ਵਿੱਚ ਮੌਜੂਦ ਕੈਫੀਨ ਸਰੀਰ ਵਿੱਚੋਂ ਪਾਣੀ ਨੂੰ ਸੋਖ ਲੈਂਦਾ ਹੈ। ਇਸ ਕਾਰਨ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ।

ਘਬਰਾਹਟ: ਚਾਹ ਵਿੱਚ ਟੈਨਿਨ ਪਾਇਆ ਜਾਂਦਾ ਹੈ, ਇਸ ਕਾਰਨ ਕਈ ਵਾਰ ਬਹੁਤ ਜ਼ਿਆਦਾ ਚਾਹ ਵੀ ਘਬਰਾਹਟ ਦਾ ਕਾਰਨ ਬਣ ਜਾਂਦੀ ਹੈ।

**ਕੈਂਸਰ ਦਾ ਖਤਰਾ :** ਕਈ ਵਾਰ ਉਬਾਲਣ ਨਾਲ ਚਾਹ ਵਿੱਚ ਕੈਂਸਰ ਦੇ ਬੈਕਟੀਰੀਆ ਬਣਨਾ ਸ਼ੁਰੂ ਹੋ ਜਾਂਦੇ ਹਨ। ਅਜਿਹੇ 'ਚ ਇਸ ਤਰ੍ਹਾਂ ਦੀ ਚਾਹ ਪੀਣ ਨਾਲ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ।

# ਸਿਹਤ ਲਈ ਖ਼ਤਰਨਾਕ ਹੋ ਸਕਦੈ ਕੋਲੈਸਟ੍ਰਾਲ



ਜਦੋਂ ਕੋਲੈਸਟ੍ਰੋਲ ਉੱਚ ਪੱਧਰ 'ਤੇ ਇਕੱਠਾ ਹੁੰਦਾ ਹੈ, ਤਾਂ ਧਮਨੀਆਂ ਤੰਗ ਹੋ ਜਾਂਦੀਆਂ ਹਨ, ਜਿਸ ਨਾਲ ਖੂਨ ਦੇ ਪ੍ਰਵਾਹ ਵਿੱਚ ਰੁਕਾਵਟ ਆਉਂਦੀ ਹੈ। ਹਾਈ ਕੋਲੈਸਟ੍ਰੋਲ ਦਿਲ ਦੇ ਦੌਰੇ ਅਤੇ ਕੋਰੋਨਰੀ ਦਿਲ ਦੀਆਂ ਬਿਮਾਰੀਆਂ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹੈ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜ਼ਿਆਦਾਤਰ ਤਲੇ ਹੋਏ ਭੋਜਨਾਂ ਵਿੱਚ ਖਰਾਬ ਕੋਲੈਸਟ੍ਰੋਲ ਹੁੰਦਾ ਹੈ ਜੋ ਲੰਬੇ ਸਮੇਂ ਵਿੱਚ ਸਿਹਤ ਲਈ ਬਹੁਤ ਖਤਰਨਾਕ ਹੋ ਸਕਦਾ ਹੈ।

ਆਪਣੇ ਕੋਲੇਸਟ੍ਰੋਲ ਦੇ ਪੱਧਰਾਂ ਨੂੰ ਨਿਯੰਤਰਿਤ ਕਰਨ ਲਈ, ਚਰਬੀ (ਮੀਟ, ਡੇਅਰੀ ਉਤਪਾਦ, ਚਾਕਲੇਟ, ਬੇਕਡ ਸਮਾਨ, ਡੂੰਘੇ ਤਲੇ ਹੋਏ ਅਤੇ ਪ੍ਰੋਸੈਸਡ ਭੋਜਨ), ਟ੍ਰਾਂਸ ਫੈਟ (ਤਲੇ ਹੋਏ) ਵਾਲੇ ਭੋਜਨ ਅਤੇ ਪ੍ਰੋਸੈਸਡ ਭੋਜਨ, ਕੋਲੈਸਟ੍ਰੋਲ (ਜਾਨਵਰਾਂ ਦੇ ਭੋਜਨ, ਮੀਟ ਅਤੇ ਪਨੀਰ ਵਿੱਚ ਮੌਜੂਦ) ਦੇ ਸੇਵਨ ਨੂੰ ਸੀਮਤ ਕਰੋ। ਮੋਟਾਪਾ/ਅਨਿਯੰਤ੍ਰਿਤ ਭਾਰ ਵਧਣਾ ਤੇ ਹੋਰ ਜੈਨੇਟਿਕ ਕਾਰਕ ਵੀ ਉੱਚ ਕੋਲੇਸਟ੍ਰੋਲ ਵਿੱਚ ਯੋਗਦਾਨ ਪਾਉਂਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਮਨੁੱਖੀ ਸਰੀਰ ਵਿੱਚ ਕੋਲੈਸਟ੍ਰੋਲ ਦੇ ਪੱਧਰ ਨੂੰ ਨਿਰਧਾਰਤ ਕਰਨ ਵਾਲਾ ਇੱਕ ਵੱਡਾ ਕਾਰਕ ਹਨ। ਆਰਸੈਨਿਕ, ਕੈਡਮੀਅਮ ਅਤੇ ਟਾਈਟੇਨੀਅਮ ਇਸ ਸ਼੍ਰੇਣੀ ਵਿੱਚ ਆਉਂਦੇ ਹਨ ਅਤੇ ਭੋਜਨ, ਪਾਣੀ, ਤੰਬਾਕੂ ਅਤੇ ਹਵਾ ਪ੍ਰਦੂਸ਼ਣ ਰਾਹੀਂ ਸਰੀਰ ਵਿੱਚ ਦਾਖਲ ਹੁੰਦੇ ਹਨ।

## ਭੋਜਨ 'ਚ ਇਹ ਚੀਜ਼ਾਂ ਸ਼ਾਮਲ ਕਰੋ

ਇਨ੍ਹਾਂ ਚੀਜ਼ਾਂ ਨੂੰ ਡਾਈਟ ਵਿਚ ਸ਼ਾਮਲ ਕਰੋ

**ਸਾਬਤ ਅਨਾਜ :** ਇਹ ਫਾਈਬਰ ਅਤੇ ਹੋਰ ਮਹੱਤਵਪੂਰਨ ਪੌਸ਼ਟਿਕ ਤੱਤਾਂ ਦੇ ਭਰਪੂਰ ਸਰੋਤ ਹਨ, ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਅਤੇ ਇੱਕ ਸਿਹਤਮੰਦ ਦਿਲ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ। ਚਿੱਟੇ, ਸ਼ੁੱਧ ਉਤਪਾਦਾਂ ਤੋਂ ਪਰਹੇਜ਼ ਕਰੋ ਜੋ ਘੱਟ ਪੌਸ਼ਟਿਕ ਅਤੇ ਸਮੁੱਚੀ ਸਿਹਤ ਅਤੇ ਦਿਲ ਲਈ ਨੁਕਸਾਨਦੇਹ ਹਨ।



**ਫਲ ਅਤੇ ਸਬਜ਼ੀਆਂ :** ਫਲ ਅਤੇ ਸਬਜ਼ੀਆਂ ਵੀ ਫਾਈਬਰ ਨਾਲ ਭਰਪੂਰ ਹੁੰਦੀਆਂ ਹਨ ਅਤੇ ਫਾਈਬਰ ਦੀਆਂ ਕੁਝ ਕਿਸਮਾਂ ਤੁਹਾਡੇ ਕੋਲੇਸਟ੍ਰੋਲ ਨੂੰ ਘੱਟ ਕਰਨ 'ਚ ਮਦਦ ਕਰ ਸਕਦੀਆਂ ਹਨ। ਫਾਈਬਰ ਕੁਝ ਕੋਲੇਸਟ੍ਰੋਲ ਨੂੰ ਅੰਤੜੀਆਂ ਤੋਂ ਖੂਨ ਦੇ ਪ੍ਰਵਾਹ ਵਿੱਚ ਲੀਨ ਹੋਣ ਤੋਂ ਰੋਕਣ ਵਿੱਚ ਮਦਦ ਕਰਦਾ ਹੈ। ਦਾਲਾਂ ਜਿਵੇਂ ਕਿ ਬੀਨਜ਼, ਮਟਰ ਅਤੇ ਦਾਲਾਂ ਵਿੱਚ ਖਾਸ ਤੌਰ 'ਤੇ ਇਸ ਕਿਸਮ ਦੇ ਫਾਈਬਰ ਦੀ ਮਾਤਰਾ ਵਧੇਰੇ ਹੁੰਦੀ ਹੈ। ਮਿੱਠੇ ਆਲੂ, ਔਬਰਜਿਨ, ਭਿੰਡੀ (ਲੇਡੀਜ਼ ਫਿੰਗਰ), ਬਰੋਕਲੀ, ਸੇਬ, ਸਟ੍ਰਾਬੇਰੀ ਅਤੇ ਪ੍ਰੂਨ ਵੀ ਚੰਗੇ ਵਿਕਲਪ ਹਨ। ਡੱਬਾਬੰਦ ਜਾਂ ਗੈਰ-ਮੌਸਮੀ ਕਿਸਮਾਂ ਦੀ ਬਜਾਏ ਤਾਜ਼ੀਆਂ, ਮੌਸਮੀ ਕਿਸਮਾਂ ਹਮੇਸ਼ਾ ਸਭ ਤੋਂ ਵਧੀਆ ਹੁੰਦੀਆਂ ਹਨ।

**ਮੇਵੇ :** ਅਖਰੋਟ ਅਸੰਤ੍ਰਿਪਤ ਚਰਬੀ ਦੇ ਚੰਗੇ ਸਰੋਤ ਹਨ ਅਤੇ ਸੰਤ੍ਰਿਪਤ ਚਰਬੀ ਵਿੱਚ ਘੱਟ ਹਨ, ਇੱਕ ਮਿਸ਼ਰਣ ਜੋ ਤੁਹਾਡੇ ਕੋਲੇਸਟ੍ਰੋਲ ਨੂੰ ਕੰਟਰੋਲ ਵਿੱਚ ਰੱਖਣ ਵਿੱਚ ਮਦਦ ਕਰ ਸਕਦਾ ਹੈ। ਉਨ੍ਹਾਂ ਵਿੱਚ ਫਾਈਬਰ ਹੁੰਦਾ ਹੈ ਜੋ ਕੁਝ ਕੋਲੇਸਟ੍ਰੋਲ ਨੂੰ ਰੋਕਣ ਵਿੱਚ ਮਦਦ ਕਰ ਸਕਦਾ ਹੈ ਜੋ ਅੰਤੜੀਆਂ ਤੋਂ ਖੂਨ ਦੇ ਪ੍ਰਵਾਹ ਵਿੱਚ ਲੀਨ ਹੋ ਜਾਂਦਾ ਹੈ। ਨਾਲ ਹੀ, ਪ੍ਰੋਟੀਨ, ਵਿਟਾਮਿਨ ਈ, ਮੈਗਨੀਸ਼ੀਅਮ, ਪੋਟਾਸ਼ੀਅਮ, ਕੁਦਰਤੀ ਪੌਦਿਆਂ ਦੇ ਸਟੀਰੋਲ ਅਤੇ ਹੋਰ ਪੌਸ਼ਟਿਕ ਤੱਤ ਤੁਹਾਡੇ ਸਰੀਰ ਨੂੰ ਸਿਹਤਮੰਦ ਰੱਖਣ ਵਿੱਚ ਮਦਦ ਕਰਦੇ ਹਨ।

**ਓਟਸ ਅਤੇ ਜੌਂ :** ਓਟਸ ਅਤੇ ਜੌਂ ਅਜਿਹੇ ਅਨਾਜ ਹਨ ਜੋ ਬੀਟਾ-ਗਲੂਕਨ ਨਾਮਕ ਇੱਕ ਕਿਸਮ ਦੇ ਫਾਈਬਰ ਨਾਲ ਭਰਪੂਰ ਹੁੰਦੇ ਹਨ - ਇੱਕ ਸਿਹਤਮੰਦ ਖੁਰਾਕ ਅਤੇ ਜੀਵਨ ਸ਼ੈਲੀ ਦੇ ਹਿੱਸੇ ਵਜੋਂ ਰੋਜ਼ਾਨਾ 3 ਗ੍ਰਾਮ ਬੀਟਾ-ਗਲੂਕਨ ਕੋਲੈਸਟ੍ਰੋਲ ਨੂੰ ਘੱਟ ਕਰਨ ਵਿੱਚ ਮਦਦ ਕਰ ਸਕਦੇ ਹਨ। ਜਦੋਂ ਤੁਸੀਂ ਬੀਟਾ-ਗਲੂਕਨ ਖਾਂਦੇ ਹੋ, ਤਾਂ ਇਹ ਇੱਕ ਜੈੱਲ ਬਣਾਉਂਦਾ ਹੈ ਜੋ ਆਂਦਰਾਂ ਵਿੱਚ ਕੋਲੇਸਟ੍ਰੋਲ-ਅਮੀਰ ਬਾਇਲ ਐਸਿਡ ਨਾਲ ਜੁੜਦਾ ਹੈ। ਇਹ ਤੁਹਾਡੇ ਖੂਨ ਵਿੱਚ ਅੰਤੜੀਆਂ ਤੋਂ ਲੀਨ ਹੋਣ ਵਾਲੇ ਕੋਲੇਸਟ੍ਰੋਲ ਦੀ ਮਾਤਰਾ ਨੂੰ ਸੀਮਤ ਕਰਨ ਵਿੱਚ ਮਦਦ ਕਰਦਾ ਹੈ। ਤੁਹਾਡੇ ਜਿਗਰ ਨੂੰ ਤੁਹਾਡੇ ਖੂਨ ਵਿੱਚੋਂ ਵਧੇਰੇ ਕੋਲੈਸਟ੍ਰੋਲ ਲੈਣਾ ਪੈਂਦਾ ਹੈ ਤਾਂ ਜੋ ਤੁਹਾਡੇ ਖੂਨ ਦੇ ਕੋਲੇਸਟ੍ਰੋਲ ਨੂੰ ਹੋਰ ਘੱਟ ਕੀਤਾ ਜਾ ਸਕੇ।

**ਸਿਹਤਮੰਦ ਤੇਲ :** ਜੈਤੂਨ ਦਾ ਤੇਲ ਅਤੇ ਸਰ੍ਹੋਂ ਦਾ ਤੇਲ ਕੁਝ ਸਿਹਤਮੰਦ ਕਿਸਮਾਂ ਦੇ ਤੇਲ ਹਨ ਜਿਨ੍ਹਾਂ ਵਿੱਚ ਅਸੰਤ੍ਰਿਪਤ ਚਰਬੀ ਹੁੰਦੀ ਹੈ ਅਤੇ ਕੋਲੇਸਟ੍ਰੋਲ ਨੂੰ ਘੱਟ ਕਰਨ ਵਿੱਚ ਮਦਦ ਮਿਲਦੀ ਹੈ। ਨਾਰੀਅਲ ਅਤੇ ਪਾਮ ਤੇਲ ਤੋਂ ਪਰਹੇਜ਼ ਕਰੋ ਕਿਉਂਕਿ, ਹੋਰ ਸਬਜ਼ੀਆਂ ਦੇ ਤੇਲ ਦੇ ਉਲਟ, ਇਨ੍ਹਾਂ ਵਿੱਚ ਸੰਤ੍ਰਿਪਤ ਚਰਬੀ ਦੀ ਮਾਤਰਾ ਵਧੇਰੇ ਹੁੰਦੀ ਹੈ। ਕੋਲੈਸਟ੍ਰੋਲ ਦੇ ਪੱਧਰਾਂ ਨੂੰ ਘਟਾਉਣ ਦੀ ਕੁੰਜੀ ਤੁਹਾਡੇ ਗੈਰ-ਸਿਹਤਮੰਦ ਚਰਬੀ ਦੇ ਸੇਵਨ ਨੂੰ ਰੋਕਣਾ ਹੈ।

ਮੱਖਣ, ਪਨੀਰ ਅਤੇ ਸੰਤ੍ਰਿਪਤ ਜਾਂ ਰਿਫਾਇੰਡ ਤੇਲ ਘੱਟ ਖਾਓ। ਹਾਈਡ੍ਰੋਜਨੇਟਿਡ ਤੇਲ ਤੋਂ ਬਚੋ। ਇਸ ਦੀ ਬਜਾਏ, ਓਮੇਗਾ-3 ਫੈਟੀ ਐਸਿਡ ਨਾਲ ਭਰਪੂਰ ਭੋਜਨ ਚੁਣੋ, ਜਿਵੇਂ ਕਿ ਮੱਛੀ ਅਤੇ ਫਲੈਕਸਸੀਡ।

ਨਾਵਲ | ਕਿਸ਼ਤ- 23

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਉਨ੍ਹਾਂ ਦੇ ਆਉਂਦੇ ਸਾਰ ਹੀ ਤੇਜਵੀਰ ਉਨ੍ਹਾਂ ਨੂੰ ਅਭਿਵਾਦਨ ਕਰ, ਅਚਾਨਕ ਆਪਣੀ ਸੀਟ ਤੋਂ ਉੱਠਿਆ ਅਤੇ ਅਤੇ ਬਿਨਾਂ ਕੁਝ ਕਹੇ ਬਾਹਰ ਚਲਾ ਗਿਆ।

ਏਨੇ ਨੂੰ ਇੱਕ ਸਿਪਾਹੀ ਇੱਕ ਟ੍ਰੇ 'ਚ ਤਿੰਨ ਗਲਾਸ ਪਾਣੀ ਦੇ ਲੈ ਕੇ ਅੰਦਰ ਆਇਆ।

ਉਸਨੇ ਪਹਿਲਾਂ ਢਿੱਲੋਂ ਦੰਪਤੀ ਅਤੇ ਫਿਰ ਸਿੰਮੀ ਨੂੰ ਟ੍ਰੇ ਅੱਗੇ ਕਰ ਕੇ ਪਾਣੀ ਪੇਸ਼ ਕੀਤਾ ਅਤੇ ਫਿਰ ਸਿੰਮੀ ਦੇ ਸਿਰਹਾਣੇ ਖੜ੍ਹ, ਉਨ੍ਹਾਂ ਦੇ ਪਾਣੀ ਪੀਣ ਦਾ ਇੰਤਜ਼ਾਰ ਕਰਨ ਲੱਗਾ।

ਸਿਪਾਹੀ ਬੜਾ ਮੁਸਤੈਦ ਜਾਪਦਾ ਸੀ। ਸ਼ਾਇਦ ਨਵਾਂ ਰੰਗਰੂਟ ਸੀ, ਜੋ ਆਪਣੀ ਮੁਸਤੈਦੀ ਦਾ ਪ੍ਰਦਰਸ਼ਨ ਕਰ ਕੇ ਸਾਹਬ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਵਿੱਚ ਸੀ।

ਸਿੰਮੀ ਨੇ ਪਾਣੀ ਪੀ ਕੇ ਗਿਲਾਸ ਟੇਬਲ 'ਤੇ ਰੱਖਣ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਬੜੀ ਮੁਸਤੈਦੀ ਨਾਲ਼ ਟ੍ਰੇ ਅੱਗੇ ਕਰ ਦਿੱਤੀ।

ਸਿੰਮੀ ਨੇ ਗਿਲਾਸ ਟ੍ਰੇ 'ਤੇ ਟਿਕਾਇਆ ਤਾਂ ਉਸਨੇ ਬੜੀ ਮੁਸਤੈਦੀ ਨਾਲ਼ ਢਿੱਲੋਂ ਦੰਪਤੀ ਦੇ ਅੱਗਿਓਂ ਗਿਲਾਸ ਚੁੱਕ ਕੇ ਟ੍ਰੇ 'ਚ ਰੱਖੇ ਅਤੇ ਬੜੀ ਮੁਸਤੈਦੀ ਨਾਲ਼ ਹੀ ਉਥੋਂ ਰਵਾਨਾ ਹੋ ਗਿਆ।

'ਇੰਸਪੈਕਟਰ ਸਾਹਬ, ਤੁਹਾਡਾ ਡਸਿਪਲਨ ਤਾਂ ਬੜਾ ਕਾਬਿਲੇ-ਤਾਰੀਫ਼ ਏ। ਇਹੋ ਜਿਹਾ ਡਸਿਪਲਨ ਤਾਂ ਆਰਮੀ ਵਿੱਚ ਹੀ ਦੇਖਣ ਨੂੰ ਮਿਲਦਾ।'

ਢਿੱਲੋਂ ਸਾਹਬ ਸਿਪਾਹੀ ਦੀ ਮੁਸਤੈਦੀ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ।

ਜਵਾਬ ਵਿੱਚ ਥਿੰਦ ਕੇਵਲ ਹਲਕਾ ਜਿਹਾ ਮੁਸਕੁਰਾਇਆ।

ਏਨੇ ਨੂੰ ਤੇਜਵੀਰ ਫਿਰ ਆਪਣੀ ਸੀਟ 'ਤੇ ਵਾਪਿਸ ਆ ਬੈਠਾ।

ਥਿੰਦ ਨੇ ਪ੍ਰਸ਼ਨਸੂਚਕ ਨੇਤਰਾਂ ਨਾਲ਼ ਉਸ ਵੱਲ ਵੇਖਿਆ।

ਤੇਜਵੀਰ ਦਾ ਸਿਰ 'ਹਾਂ' ਦੀ ਮੁਦਰਾ 'ਚ ਹਿੱਲਿਆ।

ਥਿੰਦ ਦੇ ਚਿਹਰੇ 'ਤੇ ਤਸੱਲੀ ਦੇ ਭਾਵ ਝਲਕੇ।

ਗਗਨ ਦੇ ਪੱਲੇ ਕੱਖ ਨਾ ਪਿਆ।

ਕੁਝ ਚਿਰ ਕਮਰੇ ਵਿੱਚ ਖ਼ਾਮੋਸ਼ੀ ਦਾ ਆਲਮ ਛਾਇਆ ਰਿਹਾ।

ਏਨੇ ਨੂੰ ਆਖ਼ਰੀ ਮਹਿਮਾਨ ਵੀ ਆ ਪਧਾਰੇ।

ਸੱਦਾ ਕੇਵਲ ਸੰਨੀ ਬਾਜਵਾ ਲਈ ਹੀ ਸੀ, ਪਰ ਉਮੀਦ ਦੇ ਮੁਤਾਬਿਕ, ਮੰਤਰੀ ਸਾਹਬ ਆਪ ਵੀ ਸਾਹਬਜ਼ਾਦੇ ਦੀ ਅਗਵਾਈ ਕਰਦੇ ਹੋਏ ਆ ਪਧਾਰੇ।

ਸੀਟ ਮੱਲਦਿਆਂ ਹੀ ਮੰਤਰੀ ਸਾਹਬ ਉੱਖੜੀ ਜਿਹੀ ਸੁਰ 'ਚ ਬੋਲੇ, 'ਇੰਸਪੈਕਟਰ ਸਾਹਬ, ਹੁਣ ਕੀ ਗੱਲ ਹੋਈ, ਜੋ ਇਉਂ ਸ਼ਾੱਰਟ ਨੋਟਿਸ 'ਤੇ ਬੁਲਾ ਲਿਆ ਤੁਸੀਂ?'

ਆਪਣੇ ਜਵਾਬ ਨੂੰ ਮੀਟਿੰਗ ਦਾ ਆਗਾਜ਼ ਰੂਪ ਪ੍ਰਦਾਨ ਕਰਦਿਆਂ, ਥਿੰਦ ਨੇ ਬੋਲਣਾ ਆਰੰਭ ਕੀਤਾ।

'ਦਰਅਸਲ ਤੁਹਾਨੂੰ ਸਭ ਨੂੰ ਬੁਲਾਉਣ ਦਾ ਮਕਸਦ ਇਹ ਹੈ ਕਿ ਤੇਜਵੀਰ, ਜਿਸ ਨੂੰ ਕਿ ਤੁਸੀਂ ਸਭ ਜਾਣਦੇ ਹੀ ਹੋ ਕਿ ਇਸ ਕੇਸ ਦੀ ਇਨਵੈਸਟੀਗੇਸ਼ਨ ਨਾਲ਼ ਸ਼ੁਰੂ ਤੋਂ ਹੀ ਜੁੜਿਆ ਹੋਇਆ ਏ। ਇਸ ਕੇਸ ਦੇ ਕੁਝ ਅਹਿਮ ਪਹਿਲੂਆਂ ਉੱਤੇ ਚਾਨਣਾ ਪਾਉਣਾ ਚਾਹੁੰਦਾ ਏ। ਇਸ ਦਾ ਇਹ ਦਾਅਵਾ ਹੈ ਕਿ ਇਨ੍ਹਾਂ ਪਹਿਲੂਆਂ ਦੇ ਉਜਾਗਰ ਹੋਣ ਨਾਲ ਕਾਤਿਲ ਹਰ ਹਾਲ ਵਿੱਚ ਕਾਨੂੰਨ ਦੇ ਪੰਜੇ 'ਚ ਹੋਏਗਾ।'

ਮੰਤਰੀ ਸਾਹਬ ਨੂੰ ਥਿੰਦ ਦੇ ਸ਼ਬਦਾਂ 'ਚ ਇਹ ਸਾਫ਼-ਸਾਫ਼ ਝਲਕਦਾ ਨਜ਼ਰ ਆਇਆ ਕਿ ਤੇਜਵੀਰ ਦੀ ਕਿਸੇ ਚਲਿੱਤਰਬਾਜ਼ੀ ਸਦਕਾ, ਥਿੰਦ ਨੇ ਕਿਸੇ ਨਾ ਕਿਸੇ ਤਰ੍ਹਾਂ ਸੰਨੀ ਦੀ ਬੇਲ ਤੁੜਵਾਉਣ ਦੇ ਚੱਕਰ 'ਚ ਇਹ ਸਾਰਾ ਡਰਾਮਾ ਰਚਿਆ ਹੈ।

'ਦੇਖੋ ਇੰਸਪੈਟਰ ਸਾਹਬ, ਤੁਹਾਡੇ ਬੁਲਾਵੇ ਤੇ ਅਸੀਂ ਆ ਗਏ। ਪੁਲਿਸ ਨੂੰ ਸਾਡੇ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਮਿਲੇਗਾ। ਪਰ ਇਸ ਲੜਕੇ ਦੀ ਫ਼ਾਲਤੂ ਬਕਵਾਸ ਸੁਣਨ ਲਈ ਮੇਰੇ ਕੋਲ਼ ਵਕਤ ਨਹੀਂ। ਤੁਸੀਂ ਜਾਣਦੇ ਹੀ ਹੋ ਕਿ ਮੈਂ ਕਿੰਨਾ ਮਸ਼ਰੂਫ਼ ਆਦਮੀ ਹਾਂ।'

ਮੰਤਰੀ ਸਾਹਬ ਨੇ ਬਿਨਾਂ ਤੇਜਵੀਰ ਵੱਲ ਨਜ਼ਰ ਮਾਰੇ, ਥਿੰਦ ਕੋਲ਼ ਆਪਣਾ ਰੋਸ ਪ੍ਰਗਟ ਕੀਤਾ।

'ਮਨਿਸਟਰ ਸਾਹਬ, ਵਿੱਦ ਡਿਊ ਰਿਸਪੈਕਟ, ਮੈਂ ਤੁਹਾਨੂੰ ਯਾਦ ਦੁਆਉਣਾ ਚਾਹੁੰਨਾ ਕਿ ਏਥੇ ਸਿਰਫ਼ ਮਿਸਟਰ ਸੰਨੀ ਬਾਜਵਾ ਨੂੰ ਹੀ ਬੁਲਾਇਆ ਗਿਆ ਸੀ, ਜੋ ਕਿ ਹਾਲੇ ਵੀ ਇਸ ਕੇਸ ਵਿੱਚ ਪ੍ਰਾਈਮ ਮਰਡਰ ਸਸਪੈਕਟ ਹੈ। ਇਨ੍ਹਾਂ ਦੀ ਬੇਲ ਹੋਈ ਏ, ਰਿਹਾਈ ਨਹੀਂ। ਆਈ ਐਮ ਸਾੱਰੀ ਟੂ ਸੇ ਬੱਟ ਤੁਸੀਂ ਏਥੇ ਆਪਣੀ ਮਰਜ਼ੀ ਨਾਲ਼ ਆਏ ਹੋ। ਮੈਨੂੰ ਤੁਹਾਡੇ ਏਥੇ ਆਉਣ 'ਤੇ ਕੋਈ ਇਤਰਾਜ਼ ਨਹੀਂ, ਬੱਟ ਅਗਰ ਤੁਸੀਂ ਮਸ਼ਰੂਫ਼ ਹੋ ਤੇ ਜਾਣਾ ਚਾਹੁੰਦੇ ਹੋ ਤਾਂ ਬੇਸ਼ੱਕ ਜਾ ਸਕਦੇ ਹੋ।'

ਮੰਤਰੀ ਸਾਹਬ ਨੇ ਉੱਠਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।

'ਆਹ ਤਾਂ ਥਿੰਦ ਨੇ ਆਟੇ ਆਂਗੂੰ ਗੁੰਨ੍ਹ ਕੇ ਰੱਖਤਾ।'

ਮੰਤਰੀ ਸਾਹਬ ਦੀ ਸੁਰ ਤੋਂ ਸਤੇ ਗਗਨ ਨੂੰ, ਥਿੰਦ ਦੇ ਇਸ ਠੋਕਵੇਂ ਜਵਾਬ ਨੇ ਬੜਾ ਸਕੂਨ ਪਹੁੰਚਾਇਆ, ਪਰ ਨਾਲ਼ ਹੀ ਉਹ ਬੜਾ ਹੈਰਾਨ ਸੀ ਕਿ ਅਚਾਨਕ ਸੰਨੀ ਬਾਜਵਾ ਦੇ ਖ਼ਿਲਾਫ਼, ਐਹੋ ਜਿਹੇ ਕਿਹੜੇ ਸਬੂਤ ਕੱਢ ਲਏ ਤੇਜਵੀਰ ਨੇ? ਹੋਰ ਤਾਂ ਹੋਰ, ਥਿੰਦ ਨੇ ਇਹ ਮੀਟਿੰਗ ਸੱਦਣੀ ਕਿਵੇਂ ਮੰਨ ਲਈ?

'ਯੂ ਮੇ ਪ੍ਰੋਸੀਡ ਮਿਸਟਰ ਤੇਜਵੀਰ,' ਆਖ ਕੇ ਥਿੰਦ ਨੇ ਗੱਲਬਾਤ ਦੀ ਡੋਰ ਤੇਜਵੀਰ ਦੇ ਹੱਥ ਸੌਂਪ ਦਿੱਤੀ।

'ਹਾਜ਼ਰੀਨ, ਸਭ ਤੋਂ ਪਹਿਲਾਂ ਤਾਂ ਮੈਂ ਉਨ੍ਹਾਂ ਵਾਕਿਆਤ ਨੂੰ ਦੁਹਰਾਉਣਾ ਚਾਹਾਂਗਾ ਜੋ ਕਤਲ ਦੀ ਉਸ ਰਾਤ ਵਾਪਰੇ। ਕਤਲ ਦੀ ਰਾਤ ਹੋਸਟਲ ਦੇ ਪਿੱਛੇ, ਕਾਲਜ ਦੀ ਬਾਹਰੀ ਚਾਰਦੀਵਾਰੀ ਦੇ ਬਾਹਰਵਾਰ, ਸੜਕ ਦੇ ਪਰਲੇ ਪਾਰ ਬਣੇ ਇੱਕ ਪਾਨ ਦੇ ਖੋਖੇ ਕੋਲ਼, ਇੱਕ ਫ਼ਾਰਚੁਨਰ ਗੱਡੀ ਵਿੱਚ ਸੰਨੀ ਬਾਜਵਾ ਉਥੇ ਪਹੁੰਚਦਾ ਹੈ। ਆਪਣੀ ਤੈਅਸ਼ੁਦਾ ਰੁਟੀਨ ਦੇ ਮੁਤਾਬਿਕ ਉਹ ਸੜਕੋਂ ਪਾਰ ਹੋਸਟਲ ਦੀ ਦੀਵਾਰ ਟੱਪ ਕੇ ਆਪਣੇ ਜਾਣੇ-ਪਛਾਣੇ ਰੂਟ ਰਾਹੀਂ ਰੁਪਿੰਦਰ ਦੇ ਕਮਰੇ ਦੀ ਖਿੜਕੀ ਕੋਲ਼ ਪਹੁੰਚਦਾ ਏ। ਉਸਨੂੰ ਪਹਿਲਾਂ ਹੀ ਪਤਾ ਹੈ ਕਿ ਖਿੜਕੀ ਦੀ ਚੌਗਾਠ ਵਿਚ ਲੱਗੀ ਗਰਿੱਲ ਦੇ ਪੇਚ ਰੁਪਿੰਦਰ ਨੇ ਪਹਿਲਾਂ ਹੀ ਖੋਲ੍ਹ ਰੱਖੇ ਨੇ। ਸੋ ਉਹ ਬੜੀ ਸਹੂਲਤ ਸਹਿਤ ਚੌਗਾਠ ਨੂੰ ਖਿੜਕੀ 'ਤੋਂ ਉਤਾਰ ਕੇ, ਕੰਧ ਨਾਲ ਟਿਕਾ ਕੇ, ਖ਼ਾਸ ਉਸੇ ਲਈ ਖੁੱਲ੍ਹੀ ਖਿੜਕੀ ਰਾਹੀਂ ਰੁਪਿੰਦਰ ਦੇ ਕਮਰੇ ਵਿੱਚ ਦਾਖ਼ਲ ਹੋ ਜਾਂਦਾ ਹੈ। ਐਮ ਆਈ ਰਾਈਟ ਮਿਸਟਰ ਸੰਨੀ?'

'ਯ-ਯੈੱਸ।' ਬੇਚੈਨੀ ਨਾਲ਼ ਪਹਿਲੂ ਬਦਲਦੇ ਸੰਨੀ ਬਾਜਵਾ ਦੇ ਮੁੱਖ 'ਚੋਂ ਫਸੀ ਜਿਹੀ ਆਵਾਜ਼ ਨਿਕਲੀ।

ਗਗਨ ਨੇ ਗ਼ੌਰ ਕੀਤਾ ਕਿ ਮੀਟੰਗ ਦੇ ਆਗਾਜ਼ ਤੋਂ ਹੀ ਬੇਚੈਨ ਜਿਹੀ ਹੋਈ ਪਈ ਸਿੰਮੀ ਨੇ ਇੱਕ ਚੈਨ ਭਰਿਆ ਗਹਿਰਾ ਸਾਹ ਲਿਆ। ਸ਼ਾਇਦ ਉਹ ਇਸ ਕਰਕੇ ਬੇਚੈਨ ਹੋ ਉੱਠੀ ਸੀ ਕਿ ਸੰਨੀ ਬਾਜਵਾ ਦੇ ਜ਼ਿਕਰ ਵਿਚ ਕਿਤੇ ਤੇਜਵੀਰ ਉਸਦਾ ਨਾਂ ਨਾ ਲੈ ਲਏ, ਪਰ ਤੇਜਵੀਰ ਵੱਲੋਂ ਅਜਿਹੀ ਕੋਈ ਕੋਸ਼ਿਸ਼ ਨਾ ਹੁੰਦੀ ਦੇਖ ਕੇ ਉਸਨੂੰ ਚੈਨ ਦਾ ਸਾਹ ਆਇਆ।

ਓਧਰੋਂ ਥਿੰਦ ਦੀ ਪੈਨੀ ਨਜ਼ਰ, ਸਭਨਾਂ ਦੇ ਚਿਹਰਿਆਂ ਦੇ ਬਦਲਦੇ ਭਾਵ ਪੜ੍ਹਨ ਦੀ ਨੀਅਤ 'ਚ ਘੁੰਮ ਰਹੀ ਸੀ।

'ਸੋ ਪਹਿਲਾਂ ਤੋਂ ਹੀ ਤੈਅਸ਼ੁਦਾ ਮੁਲਾਕਾਤ ਦੇ ਮੱਦੇਨਜ਼ਰ ਰੁਪਿੰਦਰ ਸੰਨੀ ਬਾਜਵਾ ਦੇ ਸਵਾਗਤ ਲਈ ਤਿਆਰ ਮਿਲਦੀ ਹੈ। ਬਿਨਾਂ ਗੱਲਾਂ ਬਾਤਾਂ 'ਚ ਕੋਈ ਵਕਤ ਗਵਾਏ ਦੋਨੋਂ।' ਰਤਾ ਕੁ ਝਿਜਕਦਿਆਂ ਤੇਜਵੀਰ ਫਿਰ ਬੋਲਿਆ, 'ਆਈ ਐਮ ਸਾਰੀ ਟੂ ਸੇ ਢਿੱਲੋਂ ਸਾਹਬ, ਬੱਟ ਆਈ ਮਸਟ ਸੇ, ਦੋਨੋਂ ਸੰਭੋਗਰਤ ਹੁੰਦੇ ਹਨ।'



ਢਿੱਲੋਂ ਸਾਹਬ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਮਿਸਿਜ਼ ਢਿੱਲੋਂ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂਆਂ ਦਾ ਧਾਰ ਵਹਿ ਤੁਰਦੀ ਹੈ।

ਮੰਤਰੀ ਸਾਹਬ ਦੀਆਂ ਗੁੱਸੇ ਨਾਲ਼ ਤਰੇਰਦੀਆਂ ਅੱਖਾਂ ਦੀ ਤਾਬ ਨਾ ਝੱਲਦੇ ਹੋਏ, ਸੰਨੀ ਬਾਜਵਾ ਦਾ ਸਿਰ ਮਾਰੇ ਸ਼ਰਮ ਅਤੇ ਡਰ ਦੇ ਝੁਕ ਜਾਂਦਾ ਹੈ।

ਸਿੰਮੀ ਦੇ ਕਠੋਰ ਅਤੇ ਫਿਰ ਤੋਂ ਭਾਵਹੀਨ ਹੋ ਚੁੱਕੇ ਚਿਹਰੇ 'ਤੇ ਕੋਈ ਭਾਵ ਨਹੀਂ ਝਲਕਦਾ।

'ਫਿਰ ਸੰਨੀ ਬਾਜਵਾ ਆਪਣੀ ਜੇਬ 'ਚੋਂ ਪੰਜ ਹਜ਼ਾਰ ਰੁਪਏ ਕੱਢ ਕੇ ਰੁਪਿੰਦਰ ਦੇ ਹਵਾਲੇ ਕਰਦਾ ਹੈ।'

ਸਿਵਾਏ ਥਿੰਦ ਦੇ, ਤੇਜਵੀਰ ਦੇ ਇਸ ਕਥਨ ਉੱਪਰ ਸਾਰੇ ਚੌਂਕ ਪੈਂਦੇ ਹਨ।

'ਮੈਂ ਠੀਕ ਕਿਹਾ ਸੰਨੀ ਸਾਹਬ?'

'ਯਾ ਬੱਟ ਹਾਓ ਡੂ ਯੂ ਨੋ ਦਿਸ?'

ਲੱਗਦਾ ਸੀ ਕਿ ਸੱਤੀ ਐਂਡ ਪਾਰਟੀ ਨੇ ਹਾਲੇ ਤੇਜਵੀਰ ਨਾਲ਼ ਹੋਈ ਮੁਲਾਕਾਤ ਦਾ ਉਸ ਕੋਲ਼ ਖ਼ੁਲਾਸਾ ਨਹੀਂ ਕੀਤਾ ਸੀ।

ਉਸਦੇ ਸਵਾਲ ਨੂੰ ਅਣਸੁਣਿਆਂ ਕਰਦੇ ਤੇਜਵੀਰ ਨੇ ਗੱਲ ਅਗਾਂਹ ਤੋਰੀ।

'ਰੁਪਏ ਰੁਪਿੰਦਰ ਦੇ ਹਵਾਲੇ ਕਰ ਸੰਨੀ ਬਾਜਵਾ ਬਾਦਸਤੂਰ ਉਸੇ ਖਿੜਕੀ ਰਾਹੀਂ ਬਾਹਰ ਨਿੱਕਲ ਕੇ, ਗਰਿੱਲ ਨੂੰ ਵਾਪਿਸ ਆਪਣੀ ਜਗ੍ਹਾ 'ਤੇ ਟਿਕਾਉਂਦਾ ਹੈ ਅਤੇ ਆਪਣੇ ਪੁਰਾਣੇ ਰੂਟ 'ਤੋਂ ਦੀ ਗੁਜ਼ਰਦਾ ਹੋਇਆ ਵਾਪਿਸ ਆਪਣੀ ਗੱਡੀ 'ਚ ਬੈਠ ਉਥੋਂ ਚਲਾ ਜਾਦਾ ਹੈ। ਆਪਣੀ ਆਮਦ ਦੇ ਕੋਈ ਪੌਣੇ ਕੁ ਘੰਟੇ ਬਾਅਦ।'

'ਪਰ ਤੇਜਵੀਰ, ਕਤਲ ਦੀ ਘਟਨਾ ਦਾ ਬਿਓਰਾ ਤਾਂ ਤੂੰ ਦਿੱਤਾ ਹੀ ਨਹੀਂ? ਇਹੀ ਤਾਂ ਸੈਂਟਰਲ ਪੁਆਇੰਟ ਏ ਇਸ ਸਾਰੀ ਸਟੋਰੀ ਵਿਚ?' ਗਗਨ ਉਸਨੂੰ ਟੋਕਦਿਆਂ ਬੋਲਿਆ।

ਏਨੇ ਨੂੰ ਦਰਵਾਜ਼ਾ ਠੇਲ੍ਹ ਕੇ, ਆਪਣੇ ਹੱਥ 'ਚ ਇੱਕ ਫ਼ਾਈਲ ਫੜੀ, ਇੱਕ ਸਿਪਾਹੀ ਅੰਦਰ ਆਇਆ ਅਤੇ ਫ਼ਾਈਲ ਥਿੰਦ ਦੇ ਹਵਾਲੇ ਕਰ, ਚੁੱਪਚਾਪ ਪਰਤ ਗਿਆ।

ਥਿੰਦ ਨੇ ਬੜੀ ਗਹੁ ਨਾਲ਼ ਫ਼ਾਈਲ ਦੇ ਪੰਨੇ ਪਰਤੇ ਅਤੇ ਪਹਿਲਾਂ ਤੋਂ ਹੀ ਬੜੀ ਉਤਸੁਕਤਾ ਨਾਲ਼ ਆਪਣੇ ਵੱਲ ਦੇਖ ਰਹੇ ਤੇਜਵੀਰ ਵੱਲ ਝਾਕ ਕੇ, ਉਸਨੇ 'ਹਾਂ+ ਦੀ ਮੁਦਰਾ ਵਿਚ ਸਿਰ ਹਿਲਾਇਆ।

ਤੇਜਵੀਰ ਦੇ ਚਿਹਰੇ 'ਤੇ ਬੜੇ ਗਹਿਰੇ ਸੰਤੋਖ ਦੇ ਭਾਵ ਝਲਕੇ।

'ਤੂੰ ਸਹੀ ਕਿਹਾ ਗਗਨ, ਇਹੀ ਤਾਂ ਸੈਂਟਰਲ ਪੁਆਇੰਟ ਹੈ, ਮੈਂ ਇਸੇ ਪੁਆਇੰਟ 'ਤੇ ਆ ਰਿਹਾਂ। ਤਾਂ ਮੈਂ ਕਹਿ ਰਿਹਾ ਸੀ ਕਿ ਸੰਨੀ ਬਾਜਵਾ ਆਪਣੀ ਗੱਡੀ ਵਿਚ ਬੈਠ ਉਥੋਂ ਰਵਾਨਾ ਹੁੰਦਾ ਹੈ ਤਾਂ ਉਸਦੀ ਰਵਾਨਗੀ ਤੋਂ ਠੀਕ ਪੰਜ ਮਿੰਟ ਬਾਅਦ, ਇੱਕ ਦੂਸਰਾ ਸ਼ਖ਼ਸ ਪੈਦਲ ਚੱਲ ਕੇ ਚਾਰਦੀਵਾਰੀ ਤੱਕ ਪਹੁੰਚਦਾ ਹੈ ਅਤੇ ਉਸੇ ਰੂਟ ਨੂੰ ਅਖ਼ਤਿਆਰ ਕਰਦਾ ਹੋਇਆ, ਕੰਧ ਟੱਪ ਕੇ ਰੁਪਿੰਦਰ ਦੀ ਖਿੜਕੀ ਸਾਹਮਣੇ ਜਾ ਪੁੱਜਦਾ ਹੈ। ਆਪਣੀ ਰੁਟੀਨ ਮੁਤਾਬਿਕ ਰੁਪਿੰਦਰ ਗਰਿੱਲ ਦੇ ਪੇਚ ਪਹਿਲਾਂ ਹੀ ਕਸ ਚੁੱਕੀ ਹੁੰਦੀ ਹੈ। ਪਰ ਪਹਿਲਾਂ ਤੋਂ ਹੀ ਉਸਦੀ ਇਸ ਰੁਟੀਨ ਤੋਂ ਚੰਗੀ ਤਰ੍ਹਾਂ ਵਾਕਿਫ਼ ਉਹ ਸ਼ਖ਼ਸ, ਆਪਣੀ ਜੇਬ 'ਚੋਂ ਇੱਕ ਪੇਚਕਸ ਕੱਢਦਾ ਹੈ ਅਤੇ ਉਸਦੀ ਸਹਾਇਤਾ ਨਾਲ਼ ਪੇਚ ਖੋਲ੍ਹ ਕੇ ਗਰਿੱਲ ਨੂੰ ਉਵੇਂ ਹੀ ਦੀਵਾਰ ਨਾਲ਼ ਟਿਕਾ ਕੇ, ਹਮੇਸ਼ਾ ਦੀ ਤਰ੍ਹਾਂ ਬਿਨਾਂ ਅੰਦਰੋਂ ਚਿਟਕਣੀ ਲੱਗੀ, ਸਿਰਫ਼ ਹਲਕੀ ਜਿਹੀ ਭਿੜੀ ਹੋਈ, ਖਿੜਕੀ ਨੂੰ ਖੋਲ੍ਹ ਕੇ ਅੰਦਰ ਪ੍ਰਵੇਸ਼ ਕਰ ਜਾਂਦਾ ਹੈ। ਆਪਣੀ ਰੋਜ਼ਾਨਾ ਦੀ ਆਦਤ ਦੇ ਫਲਸਰੂਪ ਰੁਪਿੰਦਰ ਸੌਣ ਤੋਂ ਪਹਿਲਾਂ ਆਪਣਾ ਹੈਰੋਇਨ ਦਾ ਇੰਜੈਕਸ਼ਨ ਲੈ ਕੇ, ਆਪਣੇ ਜਿਸਮ 'ਤੇ ਕੇਵਲ ਇੱਕ ਖੁੱਲ੍ਹੀ ਜਿਹੀ ਟੀ ਸ਼ਰਟ ਪਹਿਨ ਕੇ ਨਸ਼ੇ ਦੀ ਤਰੰਗ ਵਿੱਚ ਡੁੱਬੀ ਹੋਈ ਬਿਸਤਰੇ 'ਤੇ ਲੇਟੀ ਹੁੰਦੀ ਹੈ। ਮਜ਼ਬੂਤ ਕੱਦ-ਕਾਠੀ ਦਾ ਮਾਲਿਕ ਉਹ ਸ਼ਖ਼ਸ ਟੇਬਲ ਕੋਲ਼ ਪਹੁੰਚ ਕੇ, ਟੇਬਲ ਉੱਤੇ ਝਾੜੂ ਮਾਰਨ ਵਾਂਗ ਹੱਥ ਘੁੰਮਾ ਕੇ, ਉਸ ਉੱਪਰ ਮੌਜੂਦ ਸਾਰੀਆਂ ਚੀਜ਼ਾਂ ਨੂੰ ਫ਼ਰਸ਼ 'ਤੇ ਗਿਰਾ, ਟੇਬਲ ਖ਼ਾਲੀ ਕਰ ਲੈਂਦਾ ਹੈ। ਟੇਬਲ ਦੇ ਸਾਹਮਣੇ ਪਈ ਕੁਰਸੀ ਨੂੰ ਘੜੀਸ ਕੇ ਇੱਕ ਪਾਸੇ ਕਰ, ਉਸ ਭਾਰੀ ਟੇਬਲ ਨੂੰ ਆਪਣੇ ਮਜ਼ਬੂਤ ਹੱਥਾਂ ਨਾਲ਼ ਫੜ ਕੇ, ਪੱਖੇ ਦੇ ਹੇਠਾਂ ਤੱਕ ਘੜੀਸ ਲੈਂਦਾ ਹੈ। ਫਿਰ ਉਸ ਵਜ਼ਨਦਾਰ ਕੁਰਸੀ ਨੂੰ ਉਠਾ ਕੇ ਟੇਬਲ ਦੇ ਉੱਪਰ ਟਿਕਾ, ਟੇਬਲ ਦੇ ਉੱਤੋਂ ਦੀ ਹੁੰਦਾ ਹੋਇਆ, ਉਹ ਕੁਰਸੀ 'ਤੇ ਜਾ ਚੜ੍ਹਦਾ ਹੈ ਅਤੇ ਆਪਣੀ ਜੇਬ ਵਿੱਚ ਪਹਿਲਾਂ ਤੋਂ ਹੀ ਮੌਜੂਦ ਇੱਕ ਪਤਲੀ ਨਾਈਲੋਨ ਦੀ ਰੱਸੀ ਕੱਢ ਕੇ ਉਸਦੇ ਇੱਕ ਸਿਰੇ ਨੂੰ ਪੱਖੇ ਨਾਲ਼ ਮਜ਼ਬੂਤੀ ਸਹਿਤ ਬੰਨ੍ਹ ਉਸਦੇ ਦੂਸਰੇ ਸਿਰੇ 'ਤੇ ਇੱਕ ਫੰਦਾ ਤਿਆਰ ਕਰਦਾ ਹੈ। ਫਿਰ ਥੱਲੇ ਉੱਤਰ ਕੇ ਉਹ ਕੁਰਸੀ ਨੂੰ ਉਠਾ ਕੇ ਇੱਕ ਕੋਨੇ ਵਿੱਚ ਲੁੜ੍ਹਕਾ ਦਿੰਦਾ ਹੈ ਅਤੇ ਦੀਨ-ਦੁਨੀਆਂ ਤੋਂ ਬੇਖ਼ਬਰ ਨਸ਼ੇ ਦੀ ਲੋਰ 'ਚ ਗੁਆਚੀ ਹਲਕੇ ਜਿਹੇ ਵਜ਼ਨ ਦੀ ਰੁਪਿੰਦਰ ਨੂੰ ਬਿਸਤਰੇ ਤੋਂ ਚੁੱਕ ਕੇ ਪਹਿਲਾਂ ਟੇਬਲ 'ਤੇ ਲਿਟਾਉਂਦਾ ਹੈ ਅਤੇ ਫਿਰ ਖ਼ੁਦ ਟੇਬਲ 'ਤੇ ਚੜ੍ਹ ਕੇ ਰੁਪਿੰਦਰ ਨੂੰ ਫੜ ਕੇ ਸਿੱਧੀ ਹਾਲਤ ਵਿੱਚ ਖੜ੍ਹੀ ਕਰਦਾ ਹੈ। ਫਿਰ ਇੱਕ ਹੱਥ ਨਾਲ਼ ਰੁਪਿੰਦਰ ਨੂੰ ਸੰਭਾਲ਼ਦਾ ਹੋਇਆ ਉਹ ਦੂਸਰੇ ਹੱਥ ਨਾਲ਼ ਲਟਕਦੀ ਹੋਈ ਰੱਸੀ ਦਾ ਫੰਦਾ ਰੁਪਿੰਦਰ ਦੇ ਗਲ਼ ਵਿੱਚ ਪਾ ਕੇ ਕਸ ਦਿੰਦਾ ਹੈ। ਇਸ ਸਾਰੀ ਹਿਲਜੁਲ ਦੇ ਫਲਸਰੂਪ ਉਸ ਵਕਤ, ਰੁਪਿੰਦਰ ਦੀਆਂ ਗਿਆਨ ਇੰਦਰੀਆਂ ਹਲਕੀਆਂ ਜਿਹੀਆਂ ਜਾਗ੍ਰਿਤ ਹੁੰਦੀਆਂ ਹਨ ਅਤੇ ਸ਼ਾਇਦ ਉਸਨੂੰ ਮਾਜਰੇ ਦੀ ਕੁਝ-ਕੁਝ ਸਮਝ ਪੈ ਜਾਂਦੀ ਹੈ। ਇੱਕ ਕੁਦਰਤੀ ਸੁਭਾਵਿਕ ਪ੍ਰਤੀਕਰਮ ਦੇ ਫਲਸਰੂਪ ਉਹ ਆਪਣੇ ਬਚਾਅ ਵਿੱਚ ਆਪਣਾ ਹੱਥ ਘੁੰਮਾਉਂਦੀ ਹੈ, ਆਪਣੇ ਦੋਵੇਂ ਹੱਥ ਖ਼ਾਲੀ ਨਾ ਹੋਣ ਦੀ ਸੂਰਤ 'ਚ, ਕਾਤਿਲ ਉਸਦੇ ਕੀਤੇ ਇਸ ਅਚਾਨਕ ਐਕਸ਼ਨ ਤੋਂ ਆਪਣੇ ਆਪ ਨੂੰ ਬਚਾ ਨਹੀਂ ਪਾਉਂਦਾ ਅਤੇ ਰੁਪਿੰਦਰ ਦੁਆਰਾ ਉਸਦੇ ਚਿਹਰੇ ਵੱਲ ਘੁੰਮਾਏ ਸੱਜੇ ਹੱਥ ਦੀ ਅੰਗੂਠੇ ਦੇ ਨਾਲ਼ ਦੀ ਉਂਗਲ਼ ਦਾ ਨਹੁੰ, ਕਾਤਲ ਦੀ ਖੱਬੀ ਗੱਲ੍ਹ 'ਤੇ ਘਰੂਟ ਮਾਰਦਾ ਗੁਜ਼ਰ ਜਾਂਦਾ ਹੈ। ਪਰ ਕਾਤਲ ਦਾ ਕੰਮ ਤਾਂ ਪੂਰਾ ਹੋ ਚੁੱਕਾ ਸੀ। ਫੰਦਾ ਗਰਦਨ ਵਿੱਚ ਕਸਿਆ ਜਾ ਚੁੱਕਾ ਸੀ। ਕਾਤਲ ਝੱਟ ਟੇਬਲ ਤੋਂ ਹੇਠਾਂ ਉੱਤਰਦਾ ਹੈ ਅਤੇ ਫੰਦੇ 'ਤੇ ਝੂਲਦੀ ਰੁਪਿੰਦਰ ਦੇ ਪੈਰਾਂ ਹੇਠੋਂ, ਝਟਕੇ ਨਾਲ਼ ਟੇਬਲ ਘੜੀਸ ਲੈਂਦਾ ਹੈ। ਇੱਕੋ ਝਟਕੇ ਨਾਲ਼ ਰੁਪਿੰਦਰ ਦੇ ਗਲ਼ੇ ਦੀ ਹੱਡੀ ਟੁੱਟ ਜਾਂਦੀ ਹੈ ਤੇ ਪਲਾਂ ਵਿੱਚ ਹੀ ਉਸਦੀ ਮੌਤ ਹੋ ਜਾਂਦੀ ਹੈ। ਕਾਤਲ ਆਪਣੇ ਕੁਕਰਮ ਨੂੰ ਅੰਜਾਮ ਦੇ ਕੇ ਬੜੀ ਸਹੂਲਤ ਨਾਲ਼, ਬਕਾਇਦਾ ਉਸੇ ਤਰ੍ਹਾਂ ਖਿੜਕੀ ਦੇ ਪੱਲੇ ਹਲਕੇ ਜਿਹੇ ਭਿੜਾ ਕੇ, ਗਰਿੱਲ ਨੂੰ ਆਪਣੀ ਜਗ੍ਹਾ 'ਤੇ ਫਿੱਟ ਕਰਕੇ, ਉਸੇ ਰੂਟ 'ਤੋਂ ਦੀ ਤੁਰਦਾ ਬਣਦਾ ਹੈ।' ਤੇਜਵੀਰ ਨੇ ਆਪਣੀ ਥਿਊਰੀ ਦਾ ਸਮਾਪਨ ਕੀਤਾ ਤਾਂ ਸਾਰੇ ਸਰੋਤਿਆਂ ਦੇ ਚਿਹਰਿਆਂ 'ਤੇ ਵੱਖੋ-ਵੱਖਰੇ ਭਾਵ ਸਨ, ਪਰ ਉਨ੍ਹਾਂ ਵਿਚ ਇੱਕ ਤੱਤ ਸਾਂਝਾ ਸੀ, ਤੇ ਉਹ ਸੀ ਹੈਰਾਨੀ ਦਾ।

ਤੇਜਵੀਰ ਦੇ ਬਿਆਨ 'ਚੋਂ ਆਪਣੀ ਬੇਟੀ ਦੀ ਭਿਆਨਕ ਮੌਤ ਦਾ ਮੰਜ਼ਰ ਇਉਂ ਸਾਕਾਰ ਹੁੰਦਾ ਦੇਖ, ਮਿਸਿਜ਼ ਢਿੱਲੋਂ ਦੀਆਂ ਅੱਖਾਂ 'ਚ ਸਾਉਣ ਦੀ ਝੜੀ ਲੱਗੀ ਹੋਈ ਸੀ।

ਢਿੱਲੋਂ ਸਾਹਬ ਦੀਆਂ ਅੱਖਾਂ ਵਿਚ ਸ਼ਰਮ ਅਤੇ ਗੁੱਸੇ ਦਾ ਨਾਲ਼-ਨਾਲ਼, ਨਮੀ ਵੀ ਝਲਕ ਰਹੀ ਸੀ।

ਸਿੰਮੀ ਦੇ ਚਿਹਰੇ ਦੀ ਭਾਵਹੀਨਤਾ ਕਿਤੇ ਖੰਭ ਲਗਾ ਕੇ ਉੱਡ ਗਈ ਸੀ ਅਤੇ ਉਸਦੀ ਜਗ੍ਹਾ ਉਹ ਤੇਜਵੀਰ ਵੱਲ ਇਉਂ ਹੈਰਾਨੀ ਨਾਲ਼ ਦੇਖ ਰਹੀ ਸੀ, ਜਿਵੇਂ ਕਿਤੇ ਤੇਜਵੀਰ ਦੇ ਸਿਰ 'ਤੇ ਸਿੰਙ ਉੱਗ ਆਏ ਹੋਣ।

'ਤੇਰੇ ਕਹਿਣ ਦਾ ਮਤਲਬ ਬਈ ਕਾਤਲ ਸੰਨੀ ਬਾਜਵਾ ਨਹੀਂ, ਬਲਕਿ ਕੋਈ ਹੋਰ ਏ?' ਗਹਿਰੀ ਹੈਰਾਨੀ 'ਚ ਡੁੱਬੇ ਗਗਨ ਨੇ ਜਿਵੇਂ ਤੇਜਵੀਰ ਨੂੰ ਨਹੀਂ, ਸਗੋਂ ਆਪਣੇ ਆਪ ਨੂੰ ਹੀ ਸਵਾਲ ਪਾਇਆ ਹੋਵੇ, 'ਪਰ ਤੈਨੂੰ ਇਹ ਸਭ ਕਿਵੇਂ ਪਤਾ ਲੱਗਿਆ? ਇਸਦਾ ਮਤਲਬ ਕਿ ਕਾਤਲ ਪਹਿਲਾਂ ਹੀ ਗ੍ਰਿਫ਼ਤਾਰ ਹੋ ਚੁੱਕਿਆ? ਤੇ ਉਹ ਆਪਣੇ ਮੂੰਹੋਂ ਕਬੂਲ ਵੀ ਕਰ ਚੁੱਕਿਆ ਇਹ ਸਭ?

'ਆਖ਼ਿਰ ਉਹ ਹੈ ਕੌਣ?'

ਵਾਹੋ-ਦਾਹੀ, ਗਗਨ ਕਈ ਸਵਾਲ ਦਾਗ਼ ਗਿਆ।

'ਨਹੀਂ ਗਗਨ, ਕਾਤਿਲ ਹਾਲੇ ਗ੍ਰਿਫ਼ਤਾਰ ਤਾਂ ਨਹੀਂ ਹੋਇਆ, ਪਰ ਹੁਣ ਗ੍ਰਿਫ਼ਤਾਰ ਵੀ ਹੋਏਗਾ ਤੇ ਆਪਣੇ ਮੂੰਹੋਂ ਸਭ ਕਬੂਲੇਗਾ ਵੀ।'

'ਪਰ ਉਹ ਹੈ ਕਿੱਥੇ?'

'ਕਾਤਲ ਏਸੇ ਕਮਰੇ ਅੰਦਰ ਮੌਜੂਦ ਹੈ ਗਗਨ, ਸਾਡੇ ਐਨ ਦਰਮਿਆਨ।' ਤੇਜਵੀਰ ਨੇ ਜਿਵੇਂ ਬੰਬ ਛੱਡਿਆ।

ਪਲ ਦੀ ਪਲ ਸਭ ਅਵਾਕ ਰਹਿ ਗਏ।

ਕੇਵਲ ਥਿੰਦ ਦਾ ਚਿਹਰਾ ਸ਼ਾਂਤ ਸੀ।

ਉਲਝਣ ਭਰੀਆਂ ਨਜ਼ਰਾਂ ਨਾਲ਼ ਇੱਕ ਦੂਸਰੇ ਵੱਲ ਝਾਤੀ ਮਾਰ, ਢਿੱਲੋਂ ਦੰਪਤੀ ਦੀਆਂ ਨਜ਼ਰਾਂ ਮੰਤਰੀ ਸਾਹਬ 'ਤੇ ਜਾ ਟਿਕੀਆਂ।

ਹਿਚਕਚਾਉਂਦੇ ਸੰਨੀ ਬਾਜਵਾ ਨੇ ਵੀ ਆਪਣੇ ਬਾਪ ਵੱਲ ਸਿਰ ਘੁੰਮਾਇਆ।

ਮੰਤਰੀ ਸਾਹਬ ਨੂੰ ਇੱਕ ਪਲ ਤਾਂ ਕੁਝ ਪਤਾ ਹੀ ਨਾ ਲੱਗਾ। ਫਿਰ ਉਨ੍ਹਾਂ ਦੀਆਂ ਨਜ਼ਰਾਂ ਦਾ ਮੰਤਵ ਪੜ੍ਹ, ਮੰਤਰੀ ਸਾਹਬ ਦਾ ਪਾਰਾ ਸੱਤਵੇਂ ਅਸਮਾਨ 'ਤੇ ਜਾ ਚੜ੍ਹਿਆ।

(ਚਲਦਾ)



ਵਰਿਆਮ ਸਿੰਘ ਸੰਧੂ

ਕਹਾਣੀ

# ਦਲਦਲ

## ਦੂਜੀ ਕਿਸ਼ਤ



(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਬਾਹਰ ਗਈਆਂ ਜਨਾਨੀਆਂ 'ਚੋਂ ਰਾਤ ਇਕ ਦੀ ਕੰਨ ਦੀ ਵਾਲੀ ਕੋਈ ਲਾਹ ਕੇ ਭੱਜ ਗਿਆ ਸੀ।'

'ਫਿਰ ਇਹ ਪਿੰਡ ਛੱਡ ਕਿਉਂ ਨਹੀਂ ਦਿੰਦੀ। ਚੱਲ ਉਥੇ ਮੇਰੇ ਨਾਲ ਹੀ ਚੱਲ।' ਉਸ ਨੇ ਹੱਸ ਕੇ ਆਖਿਆ ਤਾਂ ਉਹ ਇਕਦਮ ਬੋਲ ਉਠੀ, 'ਨਾ ਨਾ ਮੈਂ ਤਾਂ ਨਹੀਂ ਛੱਡ ਕੇ ਜਾਂਦੀ ਆਪਣੇ ਘਰ ਨੂੰ, ਮੈਂ ਆਪਣੇ ਹੱਥੀਂ ਬਣਾਇਐ।' ਤੇ ਉਸ ਨੇ ਪੇਟ ਕੱਟ ਕੇ, ਭੁੱਖਿਆਂ ਰਹਿ ਕੇ ਬਣਾਏ ਆਪਣੇ ਮਕਾਨ ਵੱਲ ਵੇਖਦਿਆਂ ਮਾਣ ਵਿਚ ਫੁੱਲਵਾਂ ਸਾਹ ਲਿਆ ਤੇ ਫਿਰ ਉਦਾਸ ਹੋ ਗਈ।

ਰਾਤੀਂ ਜਦੋਂ ਉਹ ਘਰ ਪਹੁੰਚਿਆ ਸੀ ਤਾਂ ਪਤਨੀ ਬਾਹਰ ਵਿਹੜੇ ਵਿੱਚ ਮੰਜੇ ਉਤੇ ਬੱਚਿਆਂ ਸਮੇਤ ਬੈਠੀ ਸੀ। ਜਿਸ ਦਿਨ ਉਸ ਨੇ ਆਉਣਾ ਹੁੰਦਾ, ਬੱਚੇ ਉਸ ਨੂੰ ਮਿਲਣ ਲਈ ਤੇ 'ਚੀਜੀ' ਖਾਣ ਲਈ ਉਡੀਕ ਰਹੇ ਹੁੰਦੇ। ਉਹ ਓਨਾ ਚਿਰ ਸੌਂਦੇ ਨਾ। ਅੰਦਰ ਵੜਦੇ ਦੀਆਂ ਲੱਤਾਂ ਨਾਲ ਨਿੱਕਾ ਭੱਜ ਕੇ ਚੰਬੜ ਗਿਆ। ਵੱਡੀ ਬੱਚੀ ਨੇ ਉਸ ਦੇ ਹੱਥਾਂ ਵਿੱਚੋਂ ਫਲਾਂ ਵਾਲਾ ਲਿਫ਼ਾਫ਼ਾ ਝਪਟ ਮਾਰ ਕੇ ਖੋਹ ਲਿਆ।

ਬੱਚੇ ਫਲ ਖਾ ਕੇ ਉਸ ਦੁਆਲੇ ਹੋਏ ਉਸ ਨਾਲ ਲਾਡ ਪਿਆਰ ਕਰ ਰਹੇ ਸਨ। ਪਤਨੀ ਰੋਟੀ ਗਰਮ ਕਰ ਕੇ ਲੈ ਆਈ ਤੇ ਉਸ ਕੋਲ ਬੈਠ ਗਈ।

'ਹੁੰਅ ਸੁਣਾਓ ਕੋਈ ਗੱਲ ਬਾਤ ਫਿਰ ?' ਉਸ ਨੇ ਮੁਸਕਰਾਉਂਦਿਆਂ ਪਤਨੀ ਨੂੰ ਪੁੱਛਿਆ, ਕਿਉਂਕਿ ਉਸ ਦੇ ਆਉਂਦਿਆਂ ਹੀ ਉਹ ਪਿਛਲੇ ਸਭ ਦਿਨਾਂ ਦੀਆਂ ਆਪਣੇ ਅੰਦਰ ਡੱਕੀਆਂ ਗੱਲਾਂ, ਬਿਨਾਂ ਕੋਈ ਪੂਰਨ ਵਿਰਾਮ ਲਾਇਆਂ ਕਰਦੀ ਜਾਂਦੀ ਤੇ ਉਹ ਮੁਸਕਰਾਉਂਦਾ ਉਸ ਦਾ ਨਿੱਕੇ ਤੋਂ ਨਿੱਕਾ ਵੇਰਵਾ ਸੁਣਦਾ ਜਾਂਦਾ।

'ਸੁਣਾਉਣਾ ਕੀ ਆ ਮਿੱਠਿਓ। ਅੱਜ ਤਾਂ ਹੱਦ ਹੀ ਹੋ'ਗੀ। ਮੈਂ ਤਾਂ ਆਹਨੀਂ ਆਂ ਸੱਤਿਆਨਾਸ ਹੀ ਹੋ ਗਿਆ ਦੁਨੀਆਂ ਦਾ।' ਉਹ ਬੜੀ ਗੰਭੀਰ ਤੇ ਘਬਰਾਈ ਹੋਈ ਸੀ। ਉਹ ਹੈਰਾਨ ਹੋਇਆ, ਬੁਰਕੀ ਸੰਘੋਂ ਹੇਠਾਂ ਕਰ ਕੇ, ਉਹਦੇ ਮੂੰਹ ਵੱਲ ਵੇਖਣ ਲੱਗਾ।

ਕਸਬਾ-ਨੁਮਾ ਪਿੰਡ ਦੇ ਸਭ ਤੋਂ ਵੱਧ ਰੌਣਕ ਵਾਲੇ ਚੌਕ ਵਿਚੋਂ, ਜਿਥੇ ਪਿੰਡ ਦੀਆਂ ਵੱਡੀਆਂ ਵੱਡੀਆਂ ਦੁਕਾਨਾਂ ਸਨ ਤੇ ਜਿਨ੍ਹਾਂ ਦੁਕਾਨਾਂ 'ਤੇ ਸੌਦਾ ਲੈਣ ਆਏ ਲੋਕਾਂ ਦੀ ਗਹਿ-ਗੱਚ ਭੀੜ ਸੀ, ਸੌਦਾ ਲੈਣ ਆਈ 'ਪਾਲੇਮਾਰਾਂ' ਦੀ ਪ੍ਰੀਤਮ ਕੌਰ ਨੂੰ ਛਿੱਬੂਆਂ ਦੇ ਜੀਤੂ ਹੁਰਾਂ ਨੇ ਆ ਘੇਰਿਆ ਸੀ ਤੇ ਸਭ ਦੇ ਵਿੰਹਦਿਆਂ ਚਾਂਗਰਾਂ ਮਾਰਦੇ, ਗਾਲ੍ਹਾਂ ਕੱਢਦੇ, ਲਿਸ਼ਕਦੇ ਹਥਿਆਰ ਹੱਥ ਵਿੱਚ ਫੜੀ ਪੰਜ ਸੱਤ ਬੰਦੇ ਉਸ ਨੂੰ ਸਰੇ-ਬਜ਼ਾਰ ਨੰਗਾ ਕਰਨ 'ਤੇ ਤੁਲੇ ਹੋਏ ਸਨ। ਜੀਤੂ ਨੇ ਦੁਨਾਲੀ ਅਸਮਾਨ ਨੂੰ ਸੇਧ ਕੇ ਫਾਇਰ ਕੀਤਾ ਤੇ ਬਘਿਆੜ ਵਾਂਗੂੰ ਦਹਾੜਿਆ, 'ਜਿਹੜੇ ਮਾਂ ਦੇ ਪੁੱਤ ਨੂੰ ਜਾਨ ਨੀਂ ਪਿਆਰੀ, ਉਹੋ ਅੱਗੇ ਆਇਓ ਇਸ ਨੂੰ ਅਸੀਂ ਨੰਗਿਆ ਕਰ ਕੇ ਫੇਰਨਾ ਜੇ।'

ਉਸ ਨੇ ਬਾਜ਼ਾਰ ਵਿੱਚ ਤੇ ਹੱਟੀਆਂ 'ਤੇ ਖੜ੍ਹੇ ਡੌਰ ਭੌਰ ਹੋਏ ਲੋਕਾਂ ਨੂੰ ਵੰਗਾਰਿਆ ਤੇ ਫਿਰ ਹੱਥ ਜੋੜਦੀ, ਵਾਸਤੇ ਪਾਉਂਦੀ, 'ਵੇ ਪੁੱਤਾ, ਮੈਨੂੰ ਬਸ਼ਕ ਲੋ ਮੈਂ ਤੁਹਾਡੀ ਮਾਂਵਾਂ ਵਰਗੀ ਵੇ।' ਪ੍ਰੀਤਮ ਕੌਰ ਦੀ ਚਿੱਟੀ ਚੁੰਨੀ ਲਾਹ ਕੇ ਉਸ ਨੇ ਵਗਦੀ ਗੰਦੀ ਨਾਲੀ ਵਿੱਚ ਸੁੱਟ ਦਿੱਤੀ ਤੇ ਉਸ ਦੇ ਜੁੜੇ ਹੱਥਾਂ 'ਤੇ ਬੰਦੂਕ ਦਾ ਬੱਟ ਮਾਰ ਕੇ ਵੱਡੀ ਸਾਰੀ ਭੱਦੀ ਗਾਲ੍ਹ ਕੱਢੀ।

ਉਸ ਦੀ ਪਤਨੀ ਸੁਣਾ ਰਹੀ ਸੀ ਤੇ ਸੁਣਦਿਆਂ ਸੁਣਦਿਆਂ ਉਸ ਦੇ ਲੂੰ ਕੰਡੇ ਖੜ੍ਹੇ ਹੋ ਰਹੇ ਸਨ।

'ਪਰ ਉਨ੍ਹਾਂ ਇੰਜ ਕੀਤਾ ਕਿਉਂ ? ਆਖਰ ਇਹਦੇ ਪਿੱਛੇ ਵੀ ਤਾਂ ਕੋਈ ਗੱਲ ਹੋਊ ?'

'ਨਾ-ਹੱਕ ਜੀ, ਗੱਲ ਉਸ ਵਿਚਾਰੀ ਨਾਲ ਕਾਹਦੀ ਹੋਣੀ ਐਂ। ਕਹਿੰਦੇ ਨੇ, ਪ੍ਰੀਤਮ ਕੌਰ ਦੇ ਮੁੰਡੇ ਨੇ ਉਨ੍ਹਾਂ ਦੀ ਕੁੜੀ ਨੂੰ ਖੇਤ ਗਿਆਂ ਮਜ਼ਾਕ ਕੀਤਾ।'

'ਕਸੂਰ ਮੁੰਡੇ ਦਾ ਤੇ ਬਦਲਾ ਉਸ ਦੀ ਮਾਂ ਤੋਂ ਲੈਣਾ, ਤੇ ਉਹ ਵੀ ਇਸ ਤਰੀਕੇ ਨਾਲ ?' ਉਹ ਸ਼ਰਮ ਤੇ ਗੁੱਸੇ ਨਾਲ ਨਹੁੰ ਟੁੱਕ ਰਿਹਾ ਸੀ।

'ਕਿਸੇ ਨੇ ਅੱਗੇ ਹੋ ਕੇ ਛੁਡਾਇਆ ਨਾ ?' ਉਸ ਦੇ ਅੰਦਰੋਂ ਬਲਦਾ ਹੋਇਆ ਪ੍ਰਸ਼ਨ ਨਿਕਲਿਆ।

'ਮੈਂ ਮਰ ਜਾਂ, ਮੈਂ ਰੋਂਦੀ ਹੋਰ ਕਿਹੜੀ ਗੱਲ ਨੂੰ ਆਂ।' ਤੇ ਉਹ ਦੱਸਦੀ ਰਹੀ।

ਸਾਰੇ ਲੋਕ ਤਮਾਸ਼ਾਈ ਬਣ ਕੇ ਵੇਖ ਰਹੇ ਸਨ। ਜਨਾਨੀਆਂ ਤੇ ਬੰਦੇ ਕੋਠੇ 'ਤੇ ਚੜ੍ਹੇ ਹੋਏ ਸਨ, ਜਿਵੇਂ ਕੋਈ ਜਲੂਸ ਨਿਕਲਦਾ ਵੇਖਣ ਲਈ ਖੜ੍ਹੇ ਹੋਣ।

ਪ੍ਰੀਤਮ ਕੌਰ ਬਹੁੜੀਆਂ ਪਾਉਂਦੀ ਰਹੀ, ਤਰਲੇ ਪਾਉਂਦੀ ਰਹੀ, ਹੱਥ ਜੋੜਦੀ ਰਹੀ।

'ਵੇ ਪੁੱਤੋ, ਮੈਨੂੰ ਏਤਰਾਂ ਬਿਜ਼ਤ ਕਰਨ ਨਾਲੋਂ ਮੈਨੂੰ ਗੋਲੀ ਮਾਰ ਦੋ।'

ਇਕ ਨੇ ਉਸ ਦੀ ਗਿੱਚੀ ਵਿਚ ਪੂਰੇ ਜ਼ੋਰ ਨਾਲ ਧੌਲ ਮਾਰੀ ਤੇ ਉਹ ਮੂੰਹ ਪਰਨੇ ਧਰਤੀ 'ਤੇ ਡਿੱਗ ਪਈ। ਦੂਜੇ ਨੇ ਅੱਗੇ ਵਧ ਕੇ ਡਿੱਗੀ ਪਈ ਦੇ ਕੁਰਤੇ ਨੂੰ ਹੱਥ ਪਾਇਆ ਤੇ ਇਕ ਹੁਜਕੇ ਨਾਲ ਕੁਰਤੇ ਨੂੰ ਦੋਫਾੜ ਕਰ ਕੇ ਉਸ ਨੂੰ ਖਿੱਚ ਕੇ ਦੂਰ ਵਗਾਹ ਮਾਰਿਆ, ਉਹ ਆਪਣੀਆਂ ਦੋਹਾਂ ਛਾਤੀਆਂ 'ਤੇ ਆਪਣੇ ਹੱਥ ਘੁੱਟ ਕੇ ਤਣ ਕੇ ਬੈਠ ਗਈ।

'ਤਾਂਹ ਉਠ, ਕੁੱਤੀ ਰੰਨ ਨਾ ਹੋਵੇ ਤਾਂ ਪਾਖੰਡ ਕਰਦੀ ਐ, ਇਥੇ ਦੀਵਾਨ ਸੁਣਨ ਬੈਠੀ ਏਂ।'

ਇਕ ਨੇ ਉਸ ਦੇ ਵਾਲਾਂ ਨੂੰ ਹੱਥ ਪਾ ਕੇ ਉਸ ਨੂੰ ਧੂਹ ਕੇ ਖੜ੍ਹਾ ਕਰ ਲਿਆ ਤੇ ਧੂੰਹਦੇ ਹੋਏ ਡਾਂਗਾਂ ਦੀਆਂ ਹੁੱਝਾਂ ਤੇ ਬੰਦੂਕ ਦੇ ਬੱਟ ਮਾਰਦੇ ਪਿਛਵਾੜੇ ਦੀ ਗਲੀ ਵਿਚੋਂ ਲੈ ਤੁਰੇ।

ਪ੍ਰੀਤਮ ਕੌਰ ਭਿੱਖ-ਮੰਗਦੀਆਂ ਅੱਖਾਂ ਨਾਲ ਆਸੇ-ਪਾਸੇ ਤੇ ਕੋਠਿਆਂ ਉਤੇ ਖਲੋਤੇ ਬੰਦਿਆਂ ਤੇ ਜ਼ਨਾਨੀਆਂ ਦੇ ਵਾਸਤੇ ਪਾ ਰਹੀ ਸੀ : 'ਵੇ ਲੋਕੋ, ਮੈਂ ਤੁਹਾਡੀ ਭੈਣ ਵੇ। ਮੈਂ ਤੁਹਾਡੀ ਮਾਂ ਵੇ, ਬਹੁੜੀ ਮੈਨੂੰ ਇਨ੍ਹਾਂ ਰਾਕਸ਼ਾਂ ਤੋਂ ਬਚਾਓ ਵੇ। ਮੇਰੇ ਸਿਰ 'ਤੇ ਇੱਟ ਮਾਰ ਕੇ ਈ ਮੈਨੂੰ ਮਾਰ ਦੋ ਹਾਏ ਵੇ।' ਉਹ ਵਿਲਕ ਰਹੀ ਸੀ।

ਕੋਠਿਆਂ 'ਤੇ ਚੜ੍ਹੀਆਂ ਜਨਾਨੀਆਂ ਜੀਤੂ ਹੁਰਾਂ ਨੂੰ ਉਚੀ ਉਚੀ ਲਾਹਨਤਾਂ ਪਾ ਰਹੀਆਂ ਸਨ, 'ਤੁਹਾਡਾ ਬੇੜਾ ਗਰਕ ਹੋ'ਜੇ। ਤੁਹਾਡਾ ਕੱਖ ਨਾ ਰਹੇ ਜ਼ਾਲਮੋ।' ਪਤਨੀ ਦੱਸਦੀ ਜਾ ਰਹੀ ਸੀ, ਤੇ ਉਹ ਲੋਕਾਂ ਵਿਚੋਂ ਅਸਲੋਂ ਹੀ ਮਰ ਗਈ ਮਨੁੱਖਤਾ ਦਾ ਅਨੁਮਾਨ ਲਾ ਰਿਹਾ ਸੀ।

'ਜੀ ਮੇਰੇ ਅੰਦਰ ਤਾਂ ਐਨੀ ਅੱਗ ਬਲਦੀ ਪਈ ਸੀ ਕਿ ਜੀਅ ਕਰੇ, ਜਨਾਨੀਆਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੇ ਗਲ਼ ਪੈ ਜੀਏ। ਜਨਾਨੀਆਂ ਨੂੰ ਮਾਰ ਥੋੜ੍ਹਾ ਦੇਣ ਲੱਗੇ ਸਨ ਉਹ ?'

ਉਨ੍ਹਾਂ ਦੀ ਬੱਚੀ ਅਜੇ ਜਾਗਦੀ ਪਈ ਸੀ। ਉਸ ਨੇ ਵੀ ਸਾਰੀ ਘਟਨਾ ਆਪਣੀਆਂ ਅੱਖਾਂ ਨਾਲ ਮਾਂ ਦੇ ਨਾਲ ਕੋਠੇ 'ਤੇ ਚੜ੍ਹ ਕੇ ਵੇਖੀ ਸੀ। ਉਹ ਸਹਿਮੀਆਂ ਨਜ਼ਰਾਂ ਨਾਲ ਆਪਣੀ ਮਾਂ ਨੂੰ ਪਿਤਾ ਨਾਲ ਗੱਲਾਂ ਕਰਦਿਆਂ ਵੇਖ ਰਹੀ ਸੀ।

'ਡੈਡੀ, ਉਨ੍ਹਾਂ ਨੇ ਉਹਨੂੰ ਸਾਰਾ ਹੀ ਨੰਗਾ ਕੀਤਾ। ਕਿਛੇ ਵੀ ਨਾ ਛਡਾਇਆ।'

ਬੱਚੀ ਦੀ ਗੱਲ ਸੁਣਦਿਆਂ ਹੀ ਉਹਨੇ ਉਸ ਨੂੰ ਗਲ਼ ਨਾਲ ਘੁੱਟ ਲਿਆ। ਉਹ ਸ਼ਰਮ ਨਾਲ ਗਰਕ ਹੋ ਗਿਆ। ਉਸ ਦੀਆਂ ਅੱਖਾਂ ਵਿੱਚ ਪਾਣੀ ਸਿੰਮ ਆਇਆ।

ਗਲੀ ਦੇ ਮੋੜ 'ਤੇ ਜਾ ਕੇ ਉਹ ਜਦੋਂ ਉਹਦੀ ਸਲਵਾਰ ਲਾਹੁਣ ਲੱਗੇ ਤਾਂ ਕਰਤਾਰਾ ਕਾਮਰੇਡ ਅੱਗੇ ਵਧਿਆ, 'ਅਕਲ ਕਰੋ ਓ, ਕੁਝ ਅਕਲ, ਹੋਰ ਕੁਝ ਨੀਂ ਤਾਂ ਰੱਬ ਤਾਂ ਵਿੰਹਦਾ ਤੁਹਾਨੂੰ।'

ਉਸ ਨੂੰ ਅੱਗੇ ਵਧਿਆ ਆਉਂਦਾ ਦੇਖ ਜੀਤੂ ਨੇ ਅਸਮਾਨ ਨੂੰ ਸੇਧ ਕੇ ਫਾਇਰ ਕੀਤਾ, ਜਿਵੇਂ ਰੱਬ ਦੇ ਢਿੱਡ ਵਿਚ ਗੋਲੀ ਮਾਰੀ ਹੋਵੇ, ਤੇ ਉਸ ਨੂੰ ਮਾਰ ਕੇ ਨਿਸਚਿੰਤ ਹੋ ਕੇ ਲਲਕਾਰਿਆ, 'ਅੱਗੇ ਨਾ ਵਧੀਂ ਕਾਮਰੇਡਾ, ਅੱਗੇ ਤੇਰੀ ਖੱਬੀ ਬਾਂਹ ਟੁੱਟੀ ਆ, ਹੁਣ ਸੱਜੀ ਤੁੜਾ ਬਹੇਂਗਾ।' ਤੇ ਉਸ ਨੇ ਗਲੱਥਾ ਮਾਰ ਕੇ ਉਸ ਨੂੰ ਗਲੀ ਦੇ ਇਕ ਪਾਸੇ ਵਗਾਹ ਮਾਰਿਆ।

ਪਤਨੀ ਦੱਸ ਰਹੀ ਸੀ ਕਿ ਗਲੀਆਂ ਵਿਚ ਤੇ ਕੋਠਿਆਂ ਉਤੇ 'ਕੱਠੀ ਹੋਈ ਭੀੜ ਦੇ ਸਾਹਮਣੇ ਉਹ ਉਸ ਔਰਤ ਨੂੰ ਅਲਫ਼-ਨੰਗਿਆ ਕਰ ਕੇ ਲੈ ਗਏ ਤੇ ਗਲੀਆਂ ਵਿੱਚ ਫੇਰਦੇ ਰਹੇ।

ਸਾਹੋ-ਸਾਹ ਹੋਈ ਪਤਨੀ ਦੀਆਂ ਗੱਲਾਂ ਸੁਣ ਕੇ ਉਹਦਾ ਅੰਦਰ ਦਰਦ ਨਾਲ ਪੱਛਿਆ ਗਿਆ ਸੀ।

'ਮੈਂ ਆਹਨਾਂ, ਲੋਕ ਅਸਲੋਂ ਹੀ ਮਰ ਗਏ। ਕੀ ਉਨ੍ਹਾਂ ਕੋਲ ਸਾਰੇ ਪਿੰਡ ਦੇ ਲੋਕਾਂ ਨਾਲੋਂ ਜ਼ਿਆਦਾ ਹਥਿਆਰ ਸਨ ? ਰਲ ਕੇ ਇਕ ਵਾਰ ਟੁੱਟ ਕੇ ਉਨ੍ਹਾਂ ਦੇ ਗਲ ਪੈ ਜਾਂਦੇ।' ਉਹ ਅੱਧਾ ਪਤਨੀ ਨਾਲ ਤੇ ਅੱਧਾ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ। ਉਹ ਜਿਵੇਂ ਆਪਣੇ ਅੰਦਰ ਡੁੱਬ ਗਿਆ।

'ਮੈਂ ਤਾਂ ਸ਼ਾਮੀਂ ਗੱਲਾਂ ਕਰਦਿਆਂ ਤਾਰੇ ਦੀ ਵਹੁਟੀ ਨੂੰ ਆਖਦੀ ਸਾਂ ਤੁਹਾਡਾ ਨਾਂ ਲੈ ਕੇ ਕਿ ਜੇ ਉਹ ਹੁੰਦੇ ਤਾਂ ਉਨ੍ਹਾਂ ਤਾਂ ਨਹੀਂ ਸੀ ਇਸ ਤਰ੍ਹਾਂ ਹੋਣ ਦੇਣਾ ਕਦੀ ਵੀ, ਭਾਵੇਂ ਕੁਝ ਹੁੰਦਾ। ਉਹ ਤਾਂ ਲੋਕਾਂ ਨੂੰ ਵੰਗਾਰ ਕੇ, ਜਾ ਕੁੱਦਦੇ ਮੌਤ ਦੇ ਮੂੰਹ ਵਿੱਚ ਪਰ ਉਹਨੂੰ ਨੰਗਿਆਂ ਨਹੀਂ ਸਨ ਹੋਣ ਦਿੰਦੇ।'

ਪਤਨੀ ਦੀ ਗੱਲ ਸੁਣ ਕੇ ਉਹਨੂੰ ਉਸ 'ਤੇ ਡਾਢਾ ਪਿਆਰ ਆਇਆ। ਉਸ ਨੂੰ ਪਤੀ 'ਤੇ ਕਿੰਨਾ ਮਾਣ ਸੀ। ਉਹ ਵੀ ਮਾਣ ਨਾਲ ਭਰ ਗਿਆ। ਉਸ ਦੇ ਆਪਣੇ ਜੀਵਨ ਦਾ ਨਿੱਕਾ ਜਿਹਾ ਇਤਿਹਾਸ ਉਸ ਦੀਆਂ ਨਜ਼ਰਾਂ ਅੱਗਿਉਂ ਗੁਜ਼ਰ ਗਿਆ, ਜਦੋਂ ਉਹ ਪਿੰਡ ਅਤੇ ਇਲਾਕੇ ਵਿੱਚ ਹਰ ਬੇਇਨਸਾਫੀ ਵਿਰੁੱਧ ਜੂਝਣ ਲਈ ਤਿਆਰ ਖੜ੍ਹਾ ਹੁੰਦਾ ਸੀ।

ਪਿੰਡ ਪਿੰਡ ਬਣੀਆਂ ਨੌਜਵਾਨ ਸਭਾਵਾਂ ਸ਼ਕਤੀਸ਼ਾਲੀ ਜਥੇਬੰਦੀ ਦੇ ਰੂਪ ਵਿਚ ਉਭਰ ਰਹੀਆਂ ਸਨ ਤੇ ਜਿਥੇ ਕਿਤੇ ਬੇਇਨਸਾਫੀ ਹੁੰਦੀ, ਰਲ ਕੇ ਟੱਕਰ ਲੈਣ ਲਈ ਤਿਆਰ ਹੁੰਦੀਆਂ ਸਨ।

'ਜੇ ਕਿਤੇ ਉਹ ਦਿਨ ਹੁੰਦੇ, ਤਾਂ ਇਨ੍ਹਾਂ ਨੂੰ ਇਕ ਵਾਰ ਤਾਂ ਗਿਆਨ ਕਰਾ ਦਿੰਦੇ।' ਉਸ ਨੂੰ ਹਸਰਤ ਸੀ ਕਿ ਫੁੱਟ ਦੀ ਸਿਆਸਤ ਅਤੇ ਕੁਸੇਧ ਨੇ ਜਥੇਬੰਦੀ ਦਾ ਢਾਂਚਾ ਤੋੜ ਦਿੱਤਾ ਸੀ।

'ਲੈ ਹੁਣ ਤੁਸੀਂ ਕੀ ਨਹੀਂ ਕਰ ਸਕਦੇ ?' ਪਤਨੀ ਨੂੰ ਅਜੇ ਵੀ ਉਸ ਦੀ ਤਾਕਤ 'ਤੇ ਵਿਸ਼ਵਾਸ ਸੀ।

'ਸਵੇਰੇ ਸਰਪੰਚ ਨੂੰ ਮਿਲੋ, ਲੋਕਾਂ ਨੂੰ ਇਕੱਠਿਆਂ ਕਰ ਕੇ ਇਸ ਜ਼ੁਲਮ ਵਿਰੁੱਧ ਲਾਮਬੰਦ ਕਰੋ।'

ਉਹ ਪਤਨੀ ਨਾਲ ਸਹਿਮਤ ਹੁੰਦਾ ਹੋਇਆ ਵੀ ਹੈਰਾਨੀ ਨਾਲ ਉਸ ਦੇ ਮੂੰਹ ਵੱਲ ਵੇਖ ਰਿਹਾ ਸੀ। ਇਹ ਉਹੋ ਔਰਤ ਸੀ, ਜਿਹੜੀ ਸਦਾ ਉਸ ਨੂੰ ਅਜਿਹੇ ਕੰਮਾਂ ਤੋਂ ਵਰਜਦੀ ਹੁੰਦੀ ਸੀ, 'ਤੁਸੀਂ ਸਾਰੀ ਦੁਨੀਆਂ ਠੀਕ ਕਰਨ ਦਾ ਠੇਕਾ ਲਿਆ ਹੋਇਐ, ਆਪਣੀ ਜ਼ਿੰਦਗੀ ਸੁਖ ਨਾਲ ਗੁਜ਼ਾਰੋ।' ਤੇ ਹੁਣ ਜਦੋਂ ਉਹ ਚੰਗੀ ਨੌਕਰੀ 'ਤੇ ਲੱਗ ਗਿਆ ਸੀ ਤੇ ਸੁਖ ਦੀ ਜ਼ਿੰਦਗੀ ਗੁਜ਼ਾਰ ਰਿਹਾ ਸੀ ਤਾਂ ਉਹ ਉਸ ਨੂੰ ਜ਼ੁਲਮ ਵਿਰੁੱਧ ਲੜਨ ਲਈ ਵੰਗਾਰ ਰਹੀ ਸੀ।

ਗਈ ਰਾਤ ਤੱਕ ਉਸ ਨੂੰ ਨੀਂਦ ਨਾ ਆਈ। ਸਾਰੀ ਘਟਨਾ ਨਸ਼ਤਰ ਬਣ ਕੇ ਉਸ ਦੀਆਂ ਅੱਖਾਂ ਵਿੱਚ ਰੜਕ ਰਹੀ ਸੀ। ਕਲਪਨਾ ਵਿੱਚ ਹੀ ਨੰਗੀ ਔਰਤ ਉਸ ਦੀਆਂ ਅੱਖਾਂ ਅੱਗੇ ਤੁਰੀ ਜਾ ਰਹੀ ਸੀ ਤੇ ਟੁੱਟੇ ਹੱਥਾਂ ਤੇ ਟੁੱਕੀਆਂ ਜੀਭਾਂ ਵਾਲੇ ਲੋਕ ਆਸੇ-ਪਾਸੇ ਖੜ੍ਹੇ ਚੁੱਪ-ਚਾਪ ਵੇਖ ਰਹੇ ਸਨ ਤੇ ਉਸ ਦੇ ਕੰਨਾਂ ਵਿਚ ਆਵਾਜ਼ ਗੂੰਜ ਰਹੀ ਸੀ, 'ਵੇ ਲੋਕੋ, ਮੈਂ ਤੁਹਾਡੀ ਭੈਣ ਜੇ ਮੈਂ ਤੁਹਾਡੀ ਮਾਂ ਜੇ ਬਹੁੜੀ ਮੈਨੂੰ ਬਚਾਓ, ਇਨ੍ਹਾਂ ਰਾਕਸ਼ਾਂ ਤੋਂ।'

ਤੇ ਉਸ ਤਹੱਈਆ ਕਰ ਲਿਆ ਸੀ ਕਿ ਇਸ ਮਾਮਲੇ ਵਿੱਚ, ਜਿੰਨੀ ਵੀ ਵੱਧ ਤੋਂ ਵੱਧ ਹੋ ਸਕੇ, ਮਜ਼ਲੂਮ ਧਿਰ ਦੀ ਮਦਦ ਕਰਨੀ ਹੈ। ਉਸ ਸੋਚਿਆ ਕਿ ਸਮੁੱਚੇ ਪਿੰਡ ਦਾ ਇਕੱਠ ਕਰ ਕੇ ਉਨ੍ਹਾਂ ਜ਼ਾਲਮਾਂ ਵਿਰੁੱਧ ਸਮੂਹਕ ਕਾਰਵਾਈ ਕੀਤੀ ਜਾਵੇ, ਉਨ੍ਹਾਂ ਨੂੰ ਸਜ਼ਾ ਦਿਵਾਈ ਜਾਵੇ। ਕਈ ਦਲੀਲਾਂ ਉਸ ਦੇ ਮਨ ਵਿਚ ਆਉਂਦੀਆਂ ਤੇ ਤੁਰ ਜਾਂਦੀਆਂ। ਇਸ ਉਧੇੜ-ਬੁਣ ਵਿਚ ਕਿਤੇ ਤੜਕੇ ਜਿਹੇ ਕਿਤੇ ਉਸ ਦੀ ਅੱਖ ਲੱਗੀ। ਸੁੱਤਿਆਂ ਪਿਆਂ ਵੀ ਭਿਆਨਕ ਤੇ ਡਰਾਉਣੇ ਸੁਪਨੇ ਉਸ ਦੀਆਂ ਅੱਖਾਂ ਵਿੱਚ ਰੜਕਦੇ ਰਹੇ।

ਪਤਨੀ ਦੇ ਕਹਿਣ 'ਤੇ ਉਹ ਨਹਾ-ਧੋ ਕੇ ਤਿਆਰ ਹੋਇਆ ਤੇ ਸੋਚਿਆ ਕਿ ਰੋਟੀ ਖਾਣ ਤੋਂ ਪਹਿਲਾਂ ਇਕ ਵਾਰ ਸਰਪੰਚ ਨੂੰ ਮਿਲ ਆਵੇ ਤੇ ਉਸ ਨਾਲ ਇਹ ਮਾਮਲਾ ਸਾਰੇ ਪਹਿਲੂਆਂ ਤੋਂ ਵਿਚਾਰ ਆਵੇ।

ਘਰੋਂ ਬਾਹਰ ਨਿਕਲਿਆ ਹੀ ਸੀ ਕਿ ਬਾਜ਼ਾਰ ਵਿੱਚ ਬਿਹਾਰੀ ਥੱਬੇ ਦੀ ਹੱਟੀ 'ਤੇ ਲੋਕ ਜੁੜੇ ਹੋਏ ਸਨ ਤੇ ਕੱਲ੍ਹ ਵਾਲੀ ਘਟਨਾ ਨੂੰ ਹੀ ਚਿੱਥ ਰਹੇ ਸਨ। ਕੋਈ ਕੁਝ ਕਹਿ ਰਿਹਾ ਸੀ ਤੇ ਕੋਈ ਕੁਝ। ਉਹ ਵੀ ਭੀੜ ਦੇ ਇਕ ਪਾਸੇ ਖਲੋ ਗਿਆ। ਉਸ ਨੂੰ ਵੇਖ ਕੇ ਡਾਕਟਰ 'ਹੈਂ ਜੀ' ਬੋਲ ਪਿਆ, 'ਜ਼ੁਲਮ ਹੋਇਆ ਘੋਰ ਜ਼ੁਲਮ ਹੈਂ ਜੀ, ਧੱਬਾ ਲੱਗ ਗਿਆ ਪਿੰਡ ਦੇ ਮੱਥੇ 'ਤੇ ਹੈਂ ਜੀ। ਲੋਕ ਗੱਲਾਂ ਕਰਨਗੇ, ਫਲਾਣੇ ਪਿੰਡ ਨੇ ਆਹ ਕਰਤੂਤ ਕੀਤੀ ਆ, ਹੈਂ ਜੀ।' ਤੇ ਆਪਣੇ ਆਦਰਸ਼ਕ ਨਜ਼ਰੀਏ ਨੂੰ ਥੋੜ੍ਹਾ ਹੋਰ ਵਧਾ ਗਿਆ, 'ਮੈਂ ਤਾਂ ਇਹ ਆਖੂੰਗਾ ਜੀ ਕਿ ਸਾਰਾ ਪਿੰਡ ਨੰਗਾ ਹੋ ਗਿਆ ਸਾਰੀ ਭਾਰਤ ਮਾਂ ਨੰਗੀ ਹੋ ਗਈ। ਹੈਂ ਜੀ।'

ਘਾਰੂ ਅਮਲੀ ਨਸਵਾਰ ਦੀ ਡੱਬੀ ਟੁਣਕਾਉਂਦਾ ਨੱਕ ਵਿਚ ਚੂੰਢੀ ਲੈ ਰਿਹਾ ਸੀ। ਉਧਰੋਂ ਵਿਹਲਾ ਹੁੰਦਿਆਂ ਈ ਬੋਲ ਪਿਆ, 'ਹੈਂ ਜੀ ਸਾਅ੍ਹਬ ਭਾਰਤ ਮਾਤਾ ਦੇ ਜੇਠੇ ਪੁੱਤਰ ਜੀ ਸਾਅ੍ਹਬ, ਤੇਰੀ ਦੁਕਾਨ ਛੇਆਂ ਕਰਮਾਂ 'ਤੇ ਸੀ, ਓਦੋਂ ਤਾਂ ਦੁਕਾਨ ਦੇ ਥੜ੍ਹੇ 'ਤੇ ਖਲੋਤਾ ਦੰਦਾਂ ਵਿਚੋਂ ਕਰੇੜਾ ਕੱਢੀ ਜਾਂਦਾ ਸੀ।'

ਸਾਰੀ ਭੀੜ ਹੱਸ ਪਈ। ਛਿੱਥਾ ਹੋਇਆ ਡਾਕਟਰ ਉਸ ਵੱਲ ਇਸ਼ਾਰਾ ਕਰਦਿਆਂ ਬੋਲਿਆ, 'ਅਸੀਂ ਤਾਂ ਜੀ ਵੇਖੋ, ਬੁੱਢੇ ਬੰਦੇ ਆਂ। ਹੈਂ ਜੀ, ਇਹ ਤਾਂ ਜੀ, ਇਨ੍ਹਾਂ ਵਰਗੇ ਨੌਜਵਾਨਾਂ ਦਾ ਕੰਮ ਐ, ਲੜਨਾ-ਭਿੜਨਾ। ਹੈਂ ਜੀ।'

ਘਾਰੂ ਦਾ ਨਸ਼ਾ ਖਿੜਿਆ ਹੋਇਆ ਸੀ। ਵਿੱਚੋਂ ਬੁੜ੍ਹਕ ਪਿਆ, 'ਹਾਹੋ ਹਾਹੋ, ਇਹਨੂੰ ਦਿਓ ਸੂ ਬਲਦੀ ਦੇ ਬੁੱਥੇ। ਇਹਨੂੰ ਨਾ ਟੁੱਕ ਖਾਣ ਦਿਓ ਸੁਖ ਨਾਲ। ਇਹਨੇ ਬੋਡੀ ਬੰਦਿਆਂ ਲਈ ਫਾਟਾਂ ਭੰਨਾਉਣ ਦਾ ਠੇਕਾ ਲਿਆ। ਇਹਨੂੰ ਤ੍ਵਾਡੀ ਪਿੰਡ ਵਾਲਿਆਂ ਦੀ ਕਰਤੂਤ ਦਾ ਪਤਾ ਨੀਂ ਨਾ, ਇਹਨੂੰ ਬਚਨ ਸੁੰਹ ਵਾਲੀ ਗੱਲ ਭੁੱਲ ਗਈ ਹੋਣੀ ਆਂ।'

ਘਾਰੂ ਦੀ ਗੱਲ ਤਾਂ ਸੱਚੀ ਸੀ। ਸ਼ਰਾਬੀ ਹੋਏ ਠਾਣੇਦਾਰ ਨੇ ਬਾਬੇ ਬਚਨ ਸੁੰਹ ਦੀ ਦਾੜ੍ਹੀ ਇਸ ਕਰ ਕੇ ਪੁੱਟ ਸੁੱਟੀ ਸੀ ਕਿ ਉਸ ਨੇ ਸਾਹਮਣਿਓਂ ਤੁਰੇ ਆਉਂਦੇ ਥਾਣੇਦਾਰ ਨੂੰ ਦੋਵੇਂ ਹੱਥ ਜੋੜ ਕੇ ਫਤਿਹ ਕਿਉਂ ਨਹੀਂ ਸੀ ਬੁਲਾਈ, ਤੇ ਬਚਨ ਸਿੰਘ ਗਰੀਬ ਕਿਸਾਨ ਦੀ ਮਦਦ ਲਈ ਸਾਰੇ ਪਿੰਡ ਵਿੱਚੋਂ ਕੋਈ ਪਤਵੰਤਾ ਬੰਦਾ ਨਹੀਂ ਸੀ ਉਠਿਆ, ਸਗੋਂ ਜੇ ਉਸ ਨੇ ਬਾਬੇ ਦੀ ਮਦਦ ਤੇ ਥਾਣੇਦਾਰ ਦੇ ਵਿਰੁੱਧ ਕਾਰਵਾਈ ਕਰਨ ਲਈ ਲੋਕਾਂ ਨੂੰ ਪ੍ਰੇਰਿਆ ਵੀ, ਤਾਂ ਉਹ ਉਸ ਮਾਰ-ਕੁੱਟ ਨੂੰ ਥਾਣੇਦਾਰ ਦਾ ਜਨਮ ਸਿੱਧ ਅਧਿਕਾਰ ਸਮਝਦੇ ਹੋਏ ਸਗੋਂ ਉਸ ਨੂੰ ਸਮਝੌਤੀ ਦੇ ਰਹੇ ਸਨ, 'ਅਫ਼ਸਰ ਦੇ ਝਿੜਕੇ ਦਾ, ਤੇ ਮੀਂਹ ਦੇ ਤਿਲਕੇ ਦਾ, ਗੁੱਸਾ ਨਹੀਂ ਕਰਨਾ ਚਾਹੀਦਾ।' ਇਹ ਤਾਂ ਉਹੋ ਹੀ ਸੀ ਜਿਸ ਨੇ ਇਲਾਕੇ ਦੀਆਂ ਸਭਾਵਾਂ ਇਕੱਠੀਆਂ ਕਰ ਕੇ ਪਿੰਡ ਵਿਚੋਂ 'ਮਾੜੇ' ਸਮਝੇ ਜਾਂਦੇ ਬੰਦਿਆਂ ਨੂੰ ਨਾਲ ਲੈ ਕੇ, ਮੁਜ਼ਾਹਰੇ ਕਰ ਕੇ ਤੇ ਵਡੇ ਅਫਸਰਾਂ ਨੂੰ ਮਿਲ ਕੇ ਤਫਤੀਸ਼ ਕਰਵਾ ਕੇ ਥਾਣੇਦਾਰ ਨੂੰ ਲਾਈਨ ਹਾਜ਼ਰ ਕਰਵਾਇਆ ਸੀ, ਨਹੀਂ ਤਾਂ ਤਫਤੀਸ਼ ਸਮੇਂ ਪਿੰਡ ਦੇ 'ਪਤਵੰਤੇ' ਤਾਂ ਥਾਣੇਦਾਰ ਦੇ ਹੱਕ ਵਿੱਚ ਹੀ ਭੁਗਤੇ ਸਨ ਤੇ ਕਹਿੰਦੇ ਸਨ, 'ਜੀ ਇਨ੍ਹਾਂ ਨਾਲ ਦਾ ਆਹਲਾ ਅਫਸਰ ਤਾਂ ਕਦੀ ਆਇਆ ਨੀਂ ਅੱਜ ਤੱਕ। ਅਸੀਂ ਤਾਂ ਕਦੀ ਸੁਣਿਆ ਨਹੀਂ ਕਿ ਇਨ੍ਹਾਂ ਸ਼ਰਾਬ ਪੀਤੀ ਹੋਵੇ।'

'ਤਾਊ ਬਚਨ ਸੁੰਹ ਵਾਲੀ ਗੱਲ ਮੈਨੂੰ ਭੁੱਲੀ ਤਾਂ ਨੀਂ ?' ਉਹ ਘਾਰੂ ਨੂੰ ਸੰਬੋਧਨ ਹੋਇਆ, 'ਪਰ ਇਹ ਗੱਲ ਤਾਂ ਮਾੜੀ ਹੋਈ ਐ।'

'ਮਾੜੀ ਜੀ, ਬਿਲਕੁਲ ਮਾੜੀ। ਇੰਜ ਨਹੀਂ ਸੀ ਹੋਣਾ ਚਾਹੀਦਾ।' ਸਾਰੇ ਸਹਿਮਤ ਸਨ।

'ਇੰਜ ਨਹੀਂ ਸੀ ਹੋਣਾ ਚਾਹੀਦਾ, ਤਾਂ ਅੱਗੇ ਹੋ ਕੇ ਛੁਡਾਉਣਾ ਸੀ ਫੇਰ ? ਓਦੋਂ ਕਿਉਂ ਸਭ ਨੂੰ ਸੱਪ ਸੁੰਘ ਗਿਆ ?' ਉਸ ਦੇ ਹਰਖੇ ਬੋਲ ਸੁਣ ਕੇ ਸਾਰੇ ਉਸ ਵੱਲ ਵੇਖਣ ਲੱਗੇ।

ਅਚਾਨਕ ਬਿਹਾਰੀ ਥੱਥੇ ਨੇ ਚੁੱਪ ਨੂੰ ਤੋੜਿਆ, 'ਬ..ਬ..ਬਗਾਨੀ ਮ..ਮ..ਮ..ਮੌਤੇ ਕੌਣ ਮ..ਮ..ਮਰਦਾ ਜੀ ?'

ਰੋਡਾ ਧੂਸ਼ ਜਿਹੜਾ ਹੁਣ ਤੱਕ ਚੁੱਪ ਕਰ ਕੇ ਸੁਣ ਰਿਹਾ ਸੀ, ਆਪਣੀ ਮੱਘ ਵਰਗੀ ਉਚੀ ਆਵਾਜ਼ ਵਿਚ ਬੋਲਿਆ, 'ਓ ਛੱਡੋ ਖਹਿੜਾ, ਜਾਓ, ਆਪੋ ਆਵਦੇ ਘਰ ਨੂੰ ਤੁਸੀਂ ਆਪਸ ਵਿਚ ਨਾ ਲੜ ਪਿਓ। ਉਨ੍ਹਾਂ ਉਨ੍ਹਾਂ ਦੀ ਕੁੜੀ ਛੇੜੀ, ਉਨ੍ਹਾਂ ਉਨ੍ਹਾਂ ਦੀ ਬੁੱਢੀ ਨੰਗੀ ਕਰ'ਤੀ। ਜੱਟ ਇੰਜ ਬਦਲੇ ਲੈਂਦੇ ਈ ਹੁੰਦੇ ਆ।' ਉਸ ਆਪਣੇ ਵੱਲੋਂ ਦੋ-ਟੁੱਕ ਕਰ ਦਿੱਤੀ ਤੇ ਫਿਰ, 'ਜਾਓ ਜਾਓ ਘਰੋਂ ਘਰੀ।' ਕਹਿੰਦਾ ਜੰਮੀ ਭੀੜ ਨੂੰ ਇੰਜ ਸ਼ਿਸ਼ਕਾਰਨ ਲੱਗਾ ਜਿਵੇਂ ਭੇਡਾਂ-ਬੱਕਰੀਆਂ ਦੇ ਇੱਜੜ ਨੂੰ ਖਿੰਡ ਜਾਣ ਲਈ ਕਹਿ ਰਿਹਾ ਹੋਵੇ।

ਸਰਪੰਚ ਵੱਲ ਜਾਂਦਿਆਂ ਉਹ ਸਾਰੀ ਘਟਨਾ ਬਾਰੇ, ਹੁਣੇ ਹੋਈਆਂ ਭੀੜ ਦੀਆਂ ਗੱਲਾਂ ਦੀ ਤਹਿ ਵਿਚ ਉਤਰਨ ਦਾ ਯਤਨ ਕਰਦਾ ਆ ਰਿਹਾ ਸੀ। ਘਾਰੂ ਦੀ ਗੱਲ ਵਜ਼ਨਦਾਰ ਸੀ ਤੇ ਬਿਹਾਰੀ ਥੱਥੇ ਦੀ ਸੱਚਾਈ ਵੀ ਕਿ 'ਬਗਾਨੀ ਮੌਤੇ ਕੌਣ ਮਰਦਾ ਜੀ।'

'ਹਾਂ, ਲੋਕ ਤਾਂ ਆਪਣੀ-ਆਪਣੀ ਜਾਨ ਬਚਾਉਣ ਦੀ ਫਿਕਰ ਵਿੱਚ ਸਨ।' ਉਸ ਸੋਚਿਆ, 'ਬਿਗਾਨੀ ਮੌਤ ਕੋਈ ਕਿੱਥੇ ਮਰਦਾ ਸੀ ? ਅਤਿ ਦਾ ਸਾਂਝਾ ਸੰਕਟ ਜਾਂ ਕੋਈ ਸਾਂਝੀ ਜਥੇਬੰਦੀ ਹੀ ਲੋਕਾਂ ਨੂੰ ਇਕੱਠਿਆਂ ਕਰ ਕੇ ਕਿਸੇ ਜ਼ੁਲਮ ਵਿਰੁੱਧ ਲੜਨ ਦੀ ਪ੍ਰੇਰਨਾ ਦੇ ਸਕਦੇ ਹਨ।' ਉਸ ਨੂੰ ਯਾਦ ਆਇਆ, ਐਮਰਜੈਂਸੀ ਸਮੇਂ ਜਦੋਂ ਉਹ ਜੇਲ੍ਹ ਵਿੱਚ ਸੀ ਤਾਂ ਉਸ ਦੇ ਨੇੜਲੇ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਛੱਡ ਕੇ ਕੋਈ ਉਸ ਨਾਲ ਮੁਲਾਕਾਤ ਕਰਨ ਵੀ ਨਹੀਂ ਸੀ ਆਇਆ, ਸਗੋਂ ਉਸ ਦੇ ਮਿੱਤਰਾਂ ਨੂੰ ਕਹਿੰਦੇ ਸਨ, 'ਓਏ ਉਹ ਤਾਂ ਛੂਤ ਦੀ ਬਿਮਾਰੀ ਏ, ਉਸ ਨੂੰ ਮਿਲ ਕੇ ਤੁਸੀਂ ਕਿਉਂ ਮਰਦੇ ਓ ?'

ਇਸ ਪਿੰਡ ਵਿੱਚ ਹੁਣ ਵੀ ਤਾਂ ਉਹੋ ਹੀ ਲੋਕ ਸਨ ਤੇ ਉਨ੍ਹਾਂ ਦੇ ਹੁੰਦਿਆਂ ਜੇ ਇਹ ਸਭ ਕੁਝ ਹੋ ਗਿਆ ਸੀ ਤਾਂ ਗਿਲਾ ਕਿਸ 'ਤੇ ? ਉਹ ਮੁਸਕਰਾਇਆ। ਉਸ ਨੂੰ ਇਕ ਘਟਨਾ ਚੇਤੇ ਆ ਗਈ ਸੀ।

(ਚਲਦਾ)

## ਨਵੀਂ ਪੁਰਾਣੀ ਤਹਿਜ਼ੀਬ

ਵਿਧਾਤਾ ਸਿੰਘ ਤੀਰ

ਹੱਥ ਵੇਲਾ ਨਹੀਂ ਆਉਂਦਾ, ਹੱਥੋਂ ਜੋ ਗਵਾਚ ਗਿਆ,
ਉਹ ਜੋਬਨ ਨਹੀਂ ਮੁੜਦਾ, ਜੋ ਪੱਤਰਾ ਵਾਚ ਗਿਆ।
ਪਾਣੀ ਦਰਿਅਵਾਂ ਦੇ, ਇੱਕ ਵਾਰ ਜੋ ਵਹਿ ਗਏ ਹਨ,
ਪਰਤਣ ਨਾ ਪਤਣਾਂ ਤੇ ਇਹ ਦਾਨੇ ਕਹਿ ਗਏ ਹਨ।
ਤਦਬੀਰ ਲਿਆਵੇ ਕਿਵੇਂ, ਤਕਦੀਰ ਜੋ ਲੈ ਗਈ ਹੈ,
ਗੱਲਾਂ ਹਨ ਚੱਲੀਆਂ ਤਾਂ, ਗੱਲ ਕਰਨੀ ਪੈ ਗਈ ਹੈ।
ਕਪਲਾ ਗਊ ਦੇ ਕੇ ਘਰੋਂ, ਇੱਕ ਥੋਤੀ ਵਟਾ ਲਈ ਹੈ।
ਦੁੱਧ ਪੀਣੋਂ ਰਹਿ ਗਏ ਹਾਂ, ਲਿੱਦ ਝੋਲੀ ਪਾ ਲਈ ਹੈ,
ਕੀ ਲਈ ਤਹਿਜ਼ੀਬ ਨਵੀਂ, ਗਲ਼ ਜ਼ਹਿਮਤ ਪਾ ਲਈ ਹੈ।
ਜੇ ਇਹ ਵੀ ਕਹਿ ਦੇਈਏ, ਮਾਸਾ ਨਹੀਂ ਝੂਠ ਕੁਈ,
ਰਿਸ਼ੀਆਂ ਦੇ ਚੌਕੇ ਵਿੱਚ, ਪੱਛਮ ਦੀ ਜੂਠ ਕੁਈ।
ਆਈ ਅੱਗ ਲੈਣ ਲਈ, ਆ ਕੇ ਘਰ ਪਾ ਬੈਠੀ,
ਭਾਰਤ ਦਾ ਸਾਊਪੁਣਾ, ਸਭ ਰਿੰਨ੍ਹ ਕੇ ਖਾ ਬੈਠੀ।
ਜੋ ਅੱਜ ਤੀਕ ਨਹੀਂ ਆਖੀ, ਉਹ ਆਖੀ ਜਾਣੀ ਹੈ,
ਉਹ ਦੁੱਧ ਸੀ ਬਰਕਤ ਦਾ, ਇਹ ਢੁੱਟ ਦਾ ਪਾਣੀ ਹੈ।
ਉਹ ਜੀਵਨ ਦੇਂਦੀ ਸੀ, ਇਹ ਜੀਵਨ ਲੈਂਦੀ ਹੈ,
ਉਹ ਖਾਣ ਨੂੰ ਦੇਂਦੀ ਸੀ, ਇਹ ਖਾਣ ਨੂੰ ਪੈਂਦੀ ਹੈ।
ਉਹ ਬਾਂਹ ਬਣਾਂਦੀ ਸੀ, ਇਹ ਬਾਹਵਾਂ ਭੰਨਦੀ ਹੈ,
ਉਹ ਭੋਲ਼ੀ-ਭਾਲ਼ੀ ਸੀ, ਇਹ ਚੰਚਲ ਮਨ ਦੀ ਹੈ।
ਉਹ ਵੀਰ ਮਨਾਂਦੀ ਸੀ, ਇਹ ਵੀਰ ਲੜਾਂਦੀ ਹੈ,
ਉਹ ਛਾਂਵੇਂ ਸੁੱਟਦੀ ਸੀ, ਇਹ ਸੁੱਕਣੇ ਪਾਂਦੀ ਹੈ।
ਉਸ ਵਿੱਚ ਇੱਕ ਕਰਦਾ ਸੀ, ਸਭ ਟੱਬਰ ਖਾਂਦਾ ਸੀ,
ਸੀ ਸਮੇਂ ਆਜ਼ਾਦੀ ਦੇ, ਹਿੰਦ ਢੋਲੇ ਗਾਂਦਾ ਸੀ।
ਇਸ ਵਿੱਚ ਮਰ-ਮਰ ਕੇ ਵੀ, ਸਭ ਭੁੱਖੇ ਮਰਦੇ ਹਨ,
ਹਉਕੇ ਦਿਨ ਰਾਤ ਭਰਨ, ਪਰ ਪੇਟ ਨਾ ਭਰਦੇ ਹਨ।
ਕਿਰਤੀ ਦੀ ਛਾਤੀ 'ਤੇ ਇਹ ਮੂੰਗ ਪਈ ਦਲ਼ਦੀ ਹੈ,
ਰੱਤ ਪੀ-ਪੀ ਲਿੱਸਿਆਂ ਦੀ, ਇਹਦੀ ਗੋਗੜ ਪਲ਼ਦੀ ਹੈ।
ਬਿਜਲੀ ਦੇ ਲਾਟੂ ਜੋ, ਇਸ ਦੇ ਘਰ ਜਗਦੇ ਹਨ,
ਉਹ ਨੈਣ ਗ਼ਰੀਬਾਂ ਦੇ ਕੱਢੇ ਹੋਏ ਲਗਦੇ ਹਨ।
ਖ਼ੱਲ ਲਾਹ-ਲਾਹ ਲੋਕਾਂ ਦੀ, ਇਹ ਸੂਟ ਸਿਵਾਉਂਦੀ ਹੈ,
ਪੀਹ-ਪੀਹ ਮਜ਼ਦੂਰਾਂ ਨੂੰ ਇਹ ਪਾਊਡਰ ਲਾਉਂਦੀ ਹੈ।
ਆ ਕੇ ਇਸ ਚੰਦਰੀ ਨੇ, ਹੋਣੀ ਵਰਤਾ ਦਿੱਤੀ,
ਲਾਲੀ ਸਭ ਭਾਰਤ ਦੀ, ਢੰਗ ਨਾਲ ਉਡਾ ਦਿੱਤੀ।
ਪਿਛਲੇ ਵਰਿਆਮਾਂ ਦੇ, ਹੁਣ ਨਾਂਵੇਂ ਰਹਿ ਗਏ ਹਨ,
ਅੱਜ-ਕੱਲ੍ਹ ਦੇ ਗੱਭਰੂ ਤਾਂ, ਪਰਛਾਂਵੇਂ ਰਹਿ ਗਏ ਹਨ।
ਪੈਲ਼ੀ ਦੀ ਵਾਟ ਕਰਨ, ਤਾਂ ਕੋਠੀ ਹੱਲਦੀ ਹੈ,
ਮੂੰਗੀ ਦੀ ਦਾਲ਼ ਪਈ, ਨਾ ਢਿੱਡ ਵਿੱਚ ਗਲ਼ਦੀ ਹੈ।
ਇਹ ਬਿਜਲੀ ਕੜਕ ਪਈ, ਭਾਰਤ ਦੇ ਵੇਸਾਂ 'ਤੇ,
ਇਸ ਕੈਂਚੀ ਧਰ ਦਿੱਤੀ, ਕੁੜੀਆਂ ਦਿਆਂ ਕੇਸਾਂ 'ਤੇ।
ਕੀ ਹੈ ਤਹਿਜ਼ੀਬ ਨਵੀਂ, ਟਿੱਕਾ ਬਦਨਾਮੀ ਦਾ,
ਹਿੰਦ ਦੇ ਗਲ਼ ਲਟਕ ਰਿਹਾ, ਇੱਕ ਤੌਕ ਗ਼ੁਲਾਮੀ ਦਾ।

## ਨੂਰ

ਅੰਮ੍ਰਿਤਾ ਪ੍ਰੀਤਮ



ਡੰਗਾਂ ਦਾ ਸੀ ਭਰਿਆ ਛੱਤਾ
ਇਕ ਦਿਹਾੜੇ ਕੱਤਕ ਆਇਆ
ਆਣ ਮਾਖਿਓਂ ਚੋਇਆ ।

ਚੰਨੋਂ ਚਿੱਟੇ ਅੰਗ ਜ਼ਿਮੀ ਦੇ
ਸਭਣਾਂ, ਕਿਰਣਾਂ ਸੂਰਜ ਵਿਚੋਂ
ਰੰਗ ਕਿਰਮਚੀ ਢੋਇਆ ।

ਸਭਣਾਂ ਰੋਗਾਂ ਕਾਮਣ ਪਾਇਆ
ਪੈਰਾਂ ਦੇ ਵਿਚ ਝੁੰਮਰ ਬੱਧਾ
ਵਣ ਤ੍ਰਿਣ ਆ ਕੇ ਮੋਹਿਆ ।

ਵੇਲ ਰੁੱਖ ਦੇ ਗਲ ਨੂੰ ਲੱਗੀ
ਫੁੱਲਾਂ ਵਿਚੋਂ ਉੱਠ ਸੁਗੰਧੀ
ਹੱਥ ਪੌਣ ਦਾ ਛੋਹਿਆ ।

ਦੋਵੇਂ ਲੋਕ ਮੇਰੇ ਰੁਸ਼ਨਾਏ
ਦੋ ਅੱਖਾਂ ਨੂੰ ਲੱਭਾ ਆ ਕੇ
ਨੂਰ ਗੁਆਚਾ ਹੋਇਆ ।

# ਮੇਰੀ ਕਲਮ

## ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ

ਸੁਰਜੀਤ ਪਾਤਰ



ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ ।
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ ।

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ ।
ਆਖੋ ਏਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਇਥੇ ਖੜ੍ਹੇ ਰਹਿਣਗੇ ।

ਯਾਰ ਮੇਰੇ ਜੁ ਇਸ ਆਸ 'ਤੇ ਮਰ ਗਏ
ਕਿ ਮੈਂ ਉਨ੍ਹਾਂ ਦੇ ਦੁੱਖ ਦਾ ਬਣਾਵਾਂਗਾ ਗੀਤ
ਜੇ ਮੈਂ ਚੁੱਪ ਹੀ ਰਿਹਾ ਜੇ ਮੈਂ ਕੁਝ ਨਾ ਕਿਹਾ
ਬਣਕੇ ਰੂਹਾਂ ਸਦਾ ਭਟਕਦੇ ਰਹਿਣਗੇ ।

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ ।

ਕੀ ਇਹ ਇਨਸਾਫ਼ ਹਉਮੈਂ ਦੇ ਪੁੱਤ ਕਰਨਗੇ
ਕੀ ਇਹ ਖ਼ਾਮੋਸ਼ ਪੱਥਰ ਦੇ ਬੁੱਤ ਕਰਨਗੇ ।
ਜੋ ਸਲੀਬਾਂ ਤੇ ਟੰਗੇ ਨੇ ਲੱਥਣੇ ਨਹੀਂ
ਰਾਜ ਬਦਲਣਗੇ ਸੂਰਜ ਚੜ੍ਹਨ ਲਹਿਣਗੇ ।

ਇਹ ਜੁ ਰੰਗਾਂ 'ਚ ਚਿੱਤਰੇ ਨੇ ਖੁਰ ਜਾਣਗੇ
ਇਹ ਜੁ ਮਰਮਰ 'ਚ ਉੱਕਰੇ ਨੇ ਮਿਟ ਜਾਣਗੇ ।
ਬਲਦੇ ਹੱਥਾਂ ਨੇ ਜਿਹੜੇ ਹਵਾ ਵਿੱਚ ਲਿਖੇ
ਹਰਫ਼ ਉਹੀ ਹਮੇਸ਼ਾ ਲਿਖੇ ਜਾਣਗੇ ।

ਇਹ ਵੀ ਸ਼ਾਇਦ ਮੇਰਾ ਆਪਣਾ ਵਹਿਮ ਹੈ
ਕੋਈ ਦੀਵਾ ਜਗੇਗਾ ਮੇਰੀ ਕਬਰ 'ਤੇ
ਜੇ ਹਵਾ ਇਹ ਰਹੀ ਕਬਰਾਂ ਉੱਤੇ ਤਾਂ ਕੀ
ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ ।

## ਘੁੰਮ ਚਰਖੜਿਆ ਘੁੰਮ (ਵੇ)

ਸ਼ਾਹ ਹੁਸੈਨ

ਘੁੰਮ ਚਰਖੜਿਆ ਘੁੰਮ (ਵੇ),
ਤੇਰੀ ਕੱਤਣ ਵਾਲੀ ਜੀਵੇ,
ਨਲੀਆਂ ਵੱਟਣਿ ਵਾਲੀ ਜੀਵੇ ।ਰਹਾਉ।

ਬੁੱਢਾ ਹੋਇਓਂ ਸ਼ਾਹ ਹੁਸੈਨਾ,
ਦੰਦੀਂ ਝੇਰਾਂ ਪਈਆਂ,
ਉਠਿ ਸਵੇਰੇ ਢੂੰਡਣਿ ਲਗੋਂ,
ਸੰਝਿ ਦੀਆਂ ਜੋ ਗਈਆਂ ।1।

ਹਰ ਦਮ ਨਾਮ ਸਮਾਲ ਸਾਈਂ ਦਾ,
ਤਾਂ ਤੂੰ ਇਸਥਿਰ ਥੀਵੇਂ,
ਪੰਜਾਂ ਨਦੀਆਂ ਦੇ ਮੂੰਹ ਆਇਆ,
ਕਿਤ ਗੁਣ ਚਾਇਆ ਜੀਵੇਂ ।2।

ਚਰਖਾ ਬੋਲੇ ਸਾਈਂ ਸਾਈਂ,
ਬਾਇੜ ਬੋਲੇ ਤੂੰ,
ਕਹੈ ਹੁਸੈਨ ਫ਼ਕੀਰ ਸਾਈਂ ਦਾ,
ਮੈਂ ਨਾਹੀਂ ਸਭ ਤੂੰ ।3।

## ਕੱਚੇ ਦੁੱਧ ਤੋਂ ਬਾਅਦ

ਦੀਪ ਇੰਦਰ

ਡਿਟੋਲ ਨਾਲ
ਧੋਇਆ ਗਿਆ
ਫਰਸ਼
ਦੋ ਵਾਰ
ਪਈ ਸੀ
ਕੁਝ ਦੇਰ ਪਹਿਲਾਂ ਤੱਕ
ਜਿਸ ਜਗ੍ਹਾਂ
ਪਿਤਾ ਦੀ ਦੇਹੀ
ਪਿਤਾ
ਵਰਤਮਾਨ ਤੋਂ
ਭੂਤ ਹੋ ਗਏ
ਮੰਤਰਾਂ ਨਾਲ
ਬੰਨ੍ਹਿਆਂ ਜਾ ਰਿਹੈ
ਘਰ ਦਾ
ਕੋਨਾ ਕੋਨਾ

## ਬਾਪੂ

ਗੁਰਪ੍ਰੀਤ

ਆਪਣੇ ਆਪ ਨੂੰ ਵੇਚ
ਆਥਣ ਵੇਲ਼ੇ ਪਰਤਦਾ
ਘਰ ਬਾਪੂ
ਹੁੰਦਾ ਸਾਲਮ ਦਾ ਸਾਲਮ
ਸਾਡੇ ਸਾਰਿਆਂ 'ਚ ਬੈਠਾ
ਸ਼ਹਿਰ ਦੀਆਂ ਕਿੰਨੀਆਂ ਹੀ ਇਮਾਰਤਾਂ 'ਚ
ਇੱਟ- ਇੱਟ ਹੋ
ਚਿਣੇ ਜਾਣ ਦੇ ਬਾਵਜੂਦ

ਅਜੀਬ ਹੈ ਬਾਪੂ ਦੇ ਸੁਭਾਅ ਦਾ ਦਰਿਆ
ਕਈ ਵਾਰ ਉਛਲ ਜਾਂਦੈ
ਨਿੱਕੀ ਜਿਹੀ ਕੰਕਰ ਨਾਲ਼ ਹੀ
ਕਈ ਵਾਰ ਵਹਿੰਦਾ ਰਹਿੰਦੈ
ਸ਼ਾਂਤ ਅਡੋਲ
ਤੂਫਾਨੀ ਰੁੱਤ 'ਚ ਵੀ

ਸਾਡੇ ਲਈ ਬਹੁਤ ਕੁਝ ਹੁੰਦੈ
ਬਾਪੂ ਦੀ ਜੇਬ 'ਚ
ਹਰੇ ਕਚੂਰ ਪੱਤਿਆਂ ਜਿਹਾ
ਸਾਹਾਂ ਵਰਗਾ

ਘਰ ਅੱਜ-ਕੱਲ੍ਹ
ਹੋਰ ਵੀ ਬਹੁਤ ਕੁਝ ਲਗਦੈ ਬਾਪੂ ਨੂੰ

ਬਾਪੂ ਤਾਂ ਬਾਪੂ ਹੈ
ਕੋਈ ਅਦਾਕਾਰ ਨਹੀਂ
ਸਾਡੇ ਸਾਹਵੇਂ ਜ਼ਾਹਰ ਹੋ ਹੀ ਜਾਂਦੀ
ਇਹ ਗੱਲ
ਕਿ ਬਜ਼ਾਰ 'ਚ ਘਟਦੀ ਜਾ ਰਹੀ ਹੈ
ਉਹਨਾਂ ਦੀ ਕੀਮਤ

ਬਾਪੂ ਨੂੰ ਚਿੰਤਾ
ਮਾਂ ਦੇ ਸੁਪਨਿਆਂ ਦੀ
ਸਾਡੇ ਚਾਵਾਂ ਦੀ
ਤੇ ਸਾਨੂੰ ਚਿੰਤਾ
ਬਾਪੂ ਦੀ
ਦਿਨੋ-ਦਿਨ ਘਟਦੀ ਕੀਮਤ ਦੀ॥

## ਚੀਕ ਬੁਲਬੁਲੀ

ਸੋਹਣ ਸਿੰਘ ਮੀਸ਼ਾ

ਨੰਦੂ ਛੜੇ ਦੀ ਗੱਲ ਚੇਤੇ ਹੈ
ਜਿਸ ਨੂੰ ਪਿੰਡ ਨੇ
ਰੋਜ਼ ਤਕਾਲੀਂ
ਇਕ ਦੋ ਚੀਕਾਂ ਮਾਰਨ ਦੀ ਖੁਲ੍ਹ ਦੇ ਦਿੱਤੀ ਸੀ
ਭਰੀ ਪਰ੍ਹੇ ਵਿੱਚ ਗਲ ਪੱਲਾ ਪਾ
ਜਦ ਸੀ ਉਸ ਦੇ ਅਰਜ਼ ਗੁਜ਼ਾਰੀ
ਮੇਰੀ ਕੋਈ ਲਾਗ ਡਾਟ ਨਾ
ਮੇਰੀ ਆਪਣੀ ਧੀ ਭੈਣ ਪਿੰਡ ਦੀ ਹਰ ਨਾਰੀ
ਦਾਰੂ ਪੀ ਕੇ ਚਿੱਤ ਘਾਬਰਦਾ
ਘਾਊਂ ਮਾਊਂ ਹੁੰਦਾ
ਡੱਕ ਨਾ ਹੁੰਦੀ ਆਈ ਚੀਕ ਹੈ ਜਾਂਦੀ ਮਾਰੀ।

ਮੈਨੂੰ ਬੇਸ਼ਕ
ਦਾਰੂ ਕਦੀ ਕਦਾਈਂ ਲੱਭਦਾ
ਪਰ ਮੈਂ ਏਸ ਬੇਕਿਰਕ ਸ਼ਹਿਰ ਵਿੱਚ
ਕਿੰਨੇ ਚਿਰ ਤੋਂ ਆਪਣੇ ਅੰਦਰ
ਇੱਕ ਚੀਕ ਤੇ ਨਾਲ ਬੁਲਬੁਲੀ ਡੱਕੀ ਫਿਰਦਾਂ
ਚੁੱਪ ਚੁਪੀਤਾ
ਇਕ ਖਲਬਲੀ ਚੱਕੀ ਫਿਰਦਾਂ।
ਕਿਨੀ ਵਾਰੀ
ਚੋਣ-ਮੁਹਿੰਮ ਦੇ ਜਲਸੇ ਵਿੱਚ ਤਕਰੀਰ ਸੁਣਦਿਆਂ
ਜਨ ਗਨ ਮਨ ਦੀ ਹੈ ਜੈ ਜੈ
ਸੋਗ ਸਭਾ ਦੀ ਚੁੱਪ ਦੇ ਮੌਕੇ
ਚਿੱਤ ਘਾਬਰਿਆ
ਚੀਕ-ਬੁਲਬੁਲੀ ਮਸਾਂ ਮਸਾਂ ਰੋਕੀ ਹੈ।

ਹਫ਼ਤੇਵਾਰ
ਦਫ਼ਤਰੀ ਮੀਟਿੰਗ ਦੇ ਵਿੱਚ
ਵਿੰਗ-ਵਲੇਵੇਂ ਖਾਂਦੀ
ਜਦੋਂ ਦਲੀਲ ਮੇਜ਼ 'ਤੇ ਰੀਂਘਣ ਲੱਗੀ
ਕੱਸ ਕੇ ਰਤਾ ਹੋਰ ਨਟਕਾਈ
ਮੈਂ ਇਸ ਚੀਕ ਦੇ ਨਾਲ ਬੁਲਬੁਲੀ
ਪਹੁੰਚੀ ਸੰਘ ਦੇ ਕੋਲ ਦਬਾਈ।

ਚੜ੍ਹੇ ਮਹੀਨੇ
ਤਲਬ ਦਿਹਾੜੇ
ਬਿੱਲਾਂ ਦਾ ਭੁਗਤਾਨ ਕਰਦਿਆਂ
ਨਿੱਕੀਆਂ ਨਿੱਕੀਆਂ
ਸੌ ਸੱਧਰਾਂ ਦਾ ਘਾਣ ਕਰਦਿਆਂ
ਘੁੱਟ ਸਬਰ ਦੇ ਨਾਲ
ਆਪਣੀ ਹੀ ਰੱਤ ਪੀਤੀ
ਬੱਚੇ ਨੂੰ ਬੂਟਾਂ ਦਾ ਲਾਰਾ
ਹੋਰ ਮਹੀਨਾ ਟਾਲਣ ਵੇਲੇ
ਹਰ ਵਾਰੀ ਮੈਂ
ਦੱਬੀ ਚੀਕ ਮੁਲਤਵੀ ਕੀਤੀ।

ਠੇਕੇ ਦੀ ਕੈਬਨ ਵਿੱਚ
ਠੱਠੇ ਸ਼ੁਗਲੀ ਨਿੰਦਿਆ ਚੁਗਲੀ ਵੇਲੇ
ਤੰਗੀ ਤੁਰਸ਼ੀ ਦਾ ਅਹਿਸਾਸ ਜਾਗਦਾ
ਖਾਰਾ ਬੱਤਾ ਖੋਲ੍ਹਣ ਲਗਿਆਂ
ਲਗਦਾ ਆਪਣਾ ਆਪ ਪਾਟਦਾ।
ਥਾਉਂ ਕੁਥਾਈਂ
ਚੀਕ-ਬੁਲਬੁਲੀ
ਪਾਨ 'ਚ ਜ਼ਰਦੇ ਨਾਲ ਚਬਾਈ
ਨੀਂਦਰ ਗੋਲੀ ਨਾਲ ਸੁਆਦੀ
ਗਦਰਾਏ ਬਦਨਾਂ ਦੀ ਮਹਿਕ ਨਾਲ ਵਰਚਾਈ।

ਪਰ ਹੁਣ
ਹੋਰ ਨਾ ਡੱਕੀ ਰਹਿੰਦੀ
ਹਰ ਦਮ ਜ਼ਬਤ ਨਾਲ ਹੈ ਖਹਿੰਦੀ
ਦਿਨ ਭਰ ਹੋਸ਼ ਭਟਕਦੀ
ਅੰਦਰੋਂ ਪੱਸਲੀਆਂ ਭੰਨਦੀ ਹੈ
ਰਾਤੀਂ ਅੱਖੀਂ ਨੀਂਦ ਨਾ ਪੈਂਦੀ।
ਹੁਣ ਜੀਅ ਕਰਦਾ
ਕਲ੍ਹ ਕਚਹਿਰੀ ਲਾਗੇ
ਗਾਂਧੀ ਚੌਂਕ 'ਚ ਖੜ ਕੇ
ਸਾਰਾ ਗੁਭ ਗਲਾਟ ਕਢ ਲਵਾਂ
ਏਨੇ ਚਿਰ ਦੀ ਡਕੀ ਹੋਈ
ਖੁਲ੍ਹ ਕੇ ਚੀਕ-ਬੁਲਬੁਲੀ ਮਾਰਾਂ
ਮੁਸਕੌਂਦੇ ਗਾਂਧੀ ਦੇ ਬੁੱਤ ਤੋਂ
ਡਾਂਡੀ-ਸਫਰ ਦੀ ਸੋਟੀ ਖੋਹ ਕੇ
ਆਪਣਾ ਹੀ ਸਿਰ ਪਾੜਾਂ
ਲਹੂ ਪਲੱਥਾ
ਬੁੱਤ ਦੇ ਪੈਰੀਂ ਡਿੱਗਾਂ
ਸਾਹ ਛੱਡਣ ਤੋਂ ਪਹਿਲਾਂ
ਇਕ ਦੋ ਵਾਰੀ ਰਾਮ ਪੁਕਾਰਾਂ।

# ਪੰਜਾਬੀ ਗੀਤਾਂ 'ਚ ਜੱਟਵਾਦ, ਹਥਿਆਰ ਤੇ ਨਸ਼ਾ

## ਮੌਜੂਦਾ ਪੰਜਾਬੀ ਗਾਣਿਆਂ ਦਾ ਰੀਵਿਊ

**ਡਾ.ਸਰਬਜੀਤ ਕੌਰ ਜੰਗ**

ਪੰਜਾਬ ਦੀ ਨੌਜਵਾਨੀ ਦਾ ਘਾਣ ਜਿੰਨ੍ਹਾਂ ਨਸ਼ੇ ਕਰ ਰਹੇ ਹਨ, ਉਨ੍ਹਾਂ ਤੋਂ ਵੀ ਵੱਧ ਪੰਜਾਬੀ ਗਾਣਿਆਂ 'ਚ ਦਿਖਾਇਆ ਜਾਂਦਾ ਅਸਲਾ ਅਤੇ ਵੀਡੀਓ ਦੌਰਾਨ ਸਿਗਰੇਟ ਪੀਂਦੇ ਨੌਜਵਾਨ ਮੁੰਡੇ ਕੁੜੀਆਂ ਨੇ ਕੀਤਾ ਹੈ। ਦਿਨ ਪ੍ਰਤੀ ਦਿਨ ਪੰਜਾਬੀ ਗਾਣਿਆਂ 'ਚ ਵੱਧ ਰਹੀ ਅਸ਼ਲੀਲਤਾ ਨੇ ਸਕੂਲ ਵਿੱਚ ਪੜ੍ਹਦੀਆਂ ਕੁੜੀਆਂ ਦੀ ਮਾਨਸਿਕਤਾ ਉਤੇ ਡੂੰਘਾ ਅਸਰ ਕੀਤਾ ਹੈ। ਇਨ੍ਹਾਂ ਨੇ ਪੰਜਾਬੀ ਸਮਾਜ ਦਾ ਅਕਸ ਵਿਗਾੜ ਕੇ ਰੱਖ ਦਿੱਤਾ ਹੈ। ਇਨ੍ਹਾਂ ਨੀਵੇਂ ਪੱਧਰ ਦੇ ਹੋਛੇ ਗਾਇਕਾਂ ਨੂੰ ਅੱਜ ਦੇ ਪੰਜਾਬੀ ਨੌਜਵਾਨ ਆਪਣੇ ਰੋਲ ਮਾਡਲ ਬਣਾ ਰਹੇ ਹਨ ਤੇ ਆਪਣੀ ਜ਼ਿੰਦਗੀ 'ਚ ਨਿਘਾਰ ਲਿਆ ਰਹੇ ਹਨ। ਸਾਡੀ ਮਾਨਸਿਕਤਾ ਇਨ੍ਹਾਂ ਮਾੜੇ ਗੀਤਾਂ ਨੂੰ ਸੁਣਨ ਦੀ ਹੋ ਗਈ ਹੈ ਤੇ ਅਸੀਂ ਮਾੜੇ-ਚੰਗੇ ਦੀ ਚੋਣ ਕਰਨ 'ਚ ਅਸਫਲ ਹੋ ਰਹੇ ਹਾਂ ਕਿ ਕਿਹੜਾ ਗੀਤ ਸਾਡੇ ਲਈ ਸੇਧ ਦੇਣ ਵਾਲਾ ਹੈ ਅਤੇ ਕਿਹੜਾ ਸਾਡੇ ਧੀਆਂ-ਪੁੱਤਾਂ ਨੂੰ ਕੁਰਾਹੇ ਪਾ ਰਿਹਾ ਹੈ। ਪੰਜਾਬੀ ਗੀਤਾਂ 'ਚ ਵੱਧ ਰਿਹਾ ਜੱਟਵਾਦ, ਗੁਰਬਾਣੀ ਦੇ ਫੁਰਮਾਨ ੧ਓ ਦੇ ਸਿਧਾਂਤ ਨੂੰ ਖਤਮ ਕਰ ਰਿਹਾ ਹੈ ਇਸ ਦਾ ਅਸਲ ਜ਼ਿੰਮੇਵਾਰ ਗੀਤਕਾਰ ਹੈ, ਜੋ ਸਮਾਜ 'ਚ ਇਰਖਾ ਭਰ ਰਿਹਾ ਹੈ। ਬੇਸ਼ੱਕ ਸੰਗੀਤ ਮਨ ਨੂੰ ਸਕੂਨ ਦਿੰਦਾ ਹੈ, ਪਰ ਹੁਣ ਅਸੀਂ ਉਸ ਸਕੂਨ ਤੋਂ ਵਾਂਝੇ ਹੁੰਦੇ ਜਾ ਰਹੇ ਹਾਂ, ਜਿਸ ਦੇ ਨਤੀਜੇ ਆਉਣ ਵਾਲੇ ਸਮੇਂ ਵਿੱਚ ਹਾਨੀਕਾਰਕ ਹੋਣਗੇ।

ਪੰਜਾਬੀ ਸੰਗੀਤ ਇੰਡਸਟਰੀ ਵਿੱਚ ਬਹੁਤ ਸਾਰੇ ਅਜਿਹੇ ਨਾਮਵਰ ਗਾਇਕ ਹਨ ਜਿਨ੍ਹਾਂ ਨੇ ਪੰਜਾਬੀ ਵਿਰਾਸਤ ਤੇ ਭਾਸ਼ਾ ਦੇ ਨਿਆਰੇਪਨ ਨੂੰ ਸਾਂਭ ਕੇ ਰੱਖਿਆ ਹੈ, ਬੇਸ਼ਕ ਉਨਹਾਂ ਨੂੰ ਸੁਨਣ ਵਾਲੇ ਥੋੜੇ ਨੇ ਪਰ ਉਨ੍ਹਾਂ ਦੀ ਲਿਖਤ ਤੇ ਬੋਲਾਂ ਵਿਚੋਂ ਸੱਚੇ ਹਰਫ਼ ਝਲਕਦੇ ਹਨ ਪਰ ਦੂਜੇ ਪਾਸੇ ਆਪਣੀ ਮਸ਼ਹੂਰੀ ਲਈ ਗਾਉਣ ਵਾਲੇ ਗਾਇਕ ਜਿਨ੍ਹਾਂ ਦੇ ਬੋਲਾਂ ਵਿਚੋਂ ਹਥਿਆਰ, ਨਸ਼ਾ ਤੇ ਜੱਟਵਾਦ ਦਾ ਅਲਾਪ ਹੀ ਹੁੰਦਾ ਹੈ। ਅਜਿਹੇ ਗਾਇਕਾਂ 'ਚੋ ਅੰਮ੍ਰਿਤ ਮਾਨ ਇਕ ਹੈ ਜਿਸ ਦਾ ਇੱਕ ਗੀਤ "ਰੂਬਲ ਮੇਕਰ" ਹੈ ਜਿਸ ਦੀ ਵੀਡਿਓ ਵਿੱਚ ਇੱਕ ਵੀ ਨੌਜਵਾਨ ਪੱਗ ਵਾਲਾ ਨਹੀਂ ਤੇ ਦੂਜੇ ਪਾਸੇ ਸਿਗਰਟਾਂ ਪੀਂਦੇ ਤੇ ਸਕੂਲ ਦੀ ਕੁੜੀ ਨਾਲ ਇਸ਼ਕ ਕਰਦੇ ਦਿਖਾਈ ਦਿੰਦੇ ਹਨ।



ਇਸ ਤੋਂ ਇਲਾਵਾ ਉਸ ਵਰਗੇ ਅਨੇਕਾਂ ਅਜਿਹੇ ਕਲਾਕਾਰ ਹਨ ਜਿਨ੍ਹਾਂ ਨੇ ਆਪਣੇ ਗਾਣਿਆਂ ਵਿੱਚ ਨਸ਼ੇ ਅਤੇ ਬੰਦੂਕਾਂ ਨੂੰ ਪ੍ਰਮੋਟ ਕੀਤਾ ਹੈ ਅਤੇ ਇਹਨਾਂ ਕਲਾਕਾਰਾਂ ਦੇ ਗਾਣਿਆਂ ਦੀ ਵੀਡੀਓ ਵਿੱਚ ਕੋਈ ਵੀ ਸਿੱਖ ਨੌਜੁਆਨ ਨਜ਼ਰ ਨਹੀਂ ਆਉਂਦਾ। ਸਗੋਂ ਜੋ ਵੀ ਨਜ਼ਰ ਆਉਂਦੇ ਹਨ ਉਹ ਨਸ਼ੇ ਕਰਦੇ ਅਤੇ ਹੱਥਾਂ ਵਿੱਚ ਰਫਲਾਂ ਫੜੀ ਪੰਜਾਬੀ ਸਾਹਿਤ ਤੇ ਵਿਰਾਸਤ ਤੋਂ ਦੂਰ ਹੋਏ ਨੌਜਵਾਨ ਹੀ ਨਜ਼ਰ ਆਉਂਦੇ ਹਨ। ਅੰਮ੍ਰਿਤ ਮਾਨ ਦੇ ਕੁਝ ਕੁ ਗਾਣੇ ਹੀ ਪਰਿਵਾਰਕ ਹਨ ਪਰ ਹੋਰਨਾਂ ਗਾਣਿਆਂ ਵਿੱਚ ਉਸ ਨੇ ਵੀ ਰਫਲਾਂ, ਹਥਿਆਰ ਤੇ ਨਸ਼ਿਆਂ ਨੂੰ ਹੀ ਪ੍ਰਮੋਟ ਕੀਤਾ ਹੈ ਤੇ ਦੂਜੀ ਗੱਲ ਕੰਮ ਤਾਂ ਇਸ ਦਾ ਪੰਜਾਬੀ ਭਾਸ਼ਾ ਨੂੰ ਅੱਗੇ ਲੈ ਕੇ ਆਉਣ ਦਾ ਹੈ ਜਿਸ ਤੋਂ ਇਹ ਕਮਾਈ ਕਰਦਾ ਹੈ ਪਰ ਗਾਣਿਆਂ ਦਾ ਨਾਮ ਅੰਗਰੇਜ਼ੀ ਭਾਸ਼ਾ ਵਿੱਚ ਹੁੰਦਾ ਹੈ, ਜਿਵੇਂ take off, Burberry, difference, All Bamb, Mont Blanc, Trouble Maker etc...

ਇਸ ਵਰਗੇ ਹੋਰ ਵੀ ਅਜਿਹੇ ਸਿੰਗਰ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਕਿਹੜੀ ਸੇਧ ਦੇ ਰਹੇ ਹਨ? ਆਪਣੀਆਂ ਇੰਟਰਵਿਊ 'ਚ ਆਖਦੇ ਹਨ ਕਿ ਅਸੀਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੇ ਹਨ, ਪੰਜਾਬੀ ਭਾਸ਼ਾ ਵਿੱਚ ਪੱਛਮੀ ਭਾਸ਼ਾ ਨੂੰ ਰਲਗੱਡ ਕਰਨ ਨੂੰ ਸੇਵਾ ਆਖਦੇ ਹਨ? ਰਫਲਾਂ ਚੁੱਕ ਕੇ ਨਸ਼ਾ ਕਰਦੇ ਨੌਜਵਾਨਾਂ ਨੂੰ ਦਿਖਾਉਣਾ ਕੀ ਇਹ ਚੰਗੀ ਸੇਧ ਦੇਣਾ ਹੈ? ਅਲੜ੍ਹ ਉਮਰ ਦੀਆਂ ਕੁੜੀਆਂ ਦਾ ਇਸ਼ਕ ਮਜਾਜ਼ੀ ਅਕਸ ਦਿਖਾਉਣਾ ਕਿ ਇਹ ਧੀਆਂ, ਭੈਣਾਂ ਦੀ ਇੱਜਤ ਕਰਨਾ ਹੈ? ਗੀਤਾਂ ਵਿੱਚ ਆਪਣੇ ਆਪ ਨੂੰ ਜੱਟ ਆਖ ਕੇ ਮਾਰ ਕੁੱਟ ਕਰਨੀ ਕੀ ਇਹ ਸੂਰਬੀਰਤਾ ਦੀ ਨਿਸ਼ਾਨੀ ਹੈ? ਇਨ੍ਹਾਂ ਦੇ ਗਾਣਿਆਂ ਵਿੱਚ ਕਿਥੇ ਪੰਜਾਬੀ ਵਿਰਾਸਤ ਝਲਕਦੀ ਹੈ। ਜੇਕਰ ਗ਼ਲ ਸੱਚ ਲਿਖੀ ਜਾਵੇ ਤਾਂ ਕਿਹਾ ਜਾ ਸਕਦਾ ਕਿ ਪੰਜਾਬ ਤੇ ਪੰਜਾਬੀਅਤ ਨੂੰ ਅਜਿਹੇ ਸਿੰਗਰਾਂ ਨੇ ਹੀ ਮਾਰਿਆ ਹੈ ਜਿਨ੍ਹਾਂ ਨੇ ਪੱਛਮੀ ਸੱਭਿਆਚਾਰ ਨੂੰ ਪੰਜਾਬੀ ਭਾਸ਼ਾ ਦਾ ਹਿੱਸਾ ਬਣਾਇਆ ਹੈ। ਇਨ੍ਹਾਂ ਦੇ ਹੋਛੇਪਨ ਤੇ ਰਫਲਾਂ ਦੇ ਦਿਖਾਵੇ ਨੇ ਪੰਜਾਬੀ ਨੌਜਵਾਨ ਪੀੜ੍ਹੀ ਦੇ ਪਰਵਾਸ ਨੂੰ ਹਵਾ ਦਿਤੀ ਹੈ। ਸੱਭ ਤੋਂ ਵੱਡੀ ਗ਼ਲ ਗੈਂਗਸਟਰ ਵਾਦ ਅਜਿਹੇ ਗਾਣਿਆਂ ਦੀ ਹੀ ਉੱਪਜ ਹੈ, ਜਿਸ ਦਾ ਲਾਹਾ ਸਿਆਸਤਦਾਨ ਲੈ ਜਾਂਦੇ ਹਨ। ਜਦੋਂ ਉਹਨਾਂ ਨੌਜਵਾਨਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਹੈ ਓਦੋਂ ਉਹ ਡੂੰਘੇ ਦਲਦਲ ਵਿੱਚ ਫਸ ਜਾਂਦੇ ਹਨ ਜਿਥੋਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ।



ਦੂਜੀ ਤ੍ਰਾਸਦੀ ਪੰਜਾਬੀ ਗੀਤਾਂ ਵਿੱਚ ਸਿੱਖੀ ਸਰੂਪ ਵਾਲੇ ਸਿੰਘਾਂ ਦੀ ਹੈ, ਜੋ ਹੁਣ ਅਲੋਪ ਹੋ ਰਹੇ ਹਨ ਕਿਉਂਕਿ ਉਨ੍ਹਾਂ ਦੀ ਦਿੱਖ ਵਾਲੇ ਨਾ ਤਾਂ ਗਾਣੇ ਲਿਖੇ ਜਾਂਦੇ ਹਨ ਤੇ ਨਾ ਹੀ ਗਾਏ ਜਾਂਦੇ ਹਨ। ਸਾਡੇ ਸੂਰਮਿਆਂ ਦਾ ਅਕਸ ਪੰਜਾਬੀ ਗਾਣਿਆਂ ਵਿੱਚ ਖ਼ਤਮ ਹੋ ਰਿਹਾ ਹੈ। ਅਸੀਂ ਸੱਭਿਆਚਾਰ ਨੂੰ ਬਚਾਉਣ ਦੀ ਗ਼ਲ ਕਰਦੇ ਹਾਂ ਪਰ ਏਥੇ ਤਾਂ ਸਾਡੀ ਹੋਂਦ ਹੀ ਖਤਮ ਹੁੰਦੀ ਨਜ਼ਰ ਆ ਰਹੀ ਹੈ ਕਿਉਂਕਿ ਪੰਜਾਬੀ ਸਭਿਆਚਾਰ ਨੂੰ ਸਬੰਧਿਤ ਸੰਸਥਾਵਾਂ ਤੇ ਆਗੂ ਹੀ ਇਨ੍ਹਾਂ ਚੀਜ਼ਾਂ ਨੂੰ ਠੱਲ ਨੀ ਪਾ ਸਕੇ ਸਗੋਂ ਇਨ੍ਹਾਂ ਮਗਰ ਲੱਗ ਕੇ ਦੂਜੇ ਭਾਈਚਾਰੇ ਦੇ ਲੋਕ ਵੀ ਜਾਤ ਪਾਤ ਨੂੰ ਉਤਸ਼ਾਹਿਤ ਕਰ ਰਹੇ ਹਨ।

ਗਾਣਿਆਂ ਵਿੱਚ ਹਥਿਆਰਾਂ ਤੇ ਨਸ਼ਿਆਂ ਦਾ ਬੋਲਬਾਲਾ ਪੰਜਾਬ ਦੀ ਅਮੀਰ ਵਿਰਾਸਤ ਉੱਤੇ ਸਿੱਧਾ ਹਮਲਾ ਹੈ। ਕਿਸੇ ਸਮੇਂ ਪੰਜਾਬੀ ਗੀਤਾਂ ਵਿੱਚ ਫੁਲਕਾਰੀ, ਚਾਦਰੇ, ਚਰਖੇ, ਦਾ ਜ਼ਿਕਰ ਹੁੰਦਾ ਸੀ, ਹੁਣ ਗੀਤਾਂ ਦੇ ਮੁੱਖ ਵਿਸ਼ੇ ਹਥਿਆਰ, ਕਾਲੀ ਨਾਗਣੀ, ਇਸ਼ਕ-ਮਿਜ਼ਾਜੀ, ਬਦਮਾਸ਼ੀ ਤੇ ਪ੍ਰਧਾਨਗੀ ਕਲਚਰ ਹਨ। ਸੰਗੀਤਕ ਕੰਪਨੀਆਂ ਦਾ ਮੁੱਖ ਮੰਤਵ ਵਪਾਰ ਹੈ, ਉਨ੍ਹਾਂ ਨੂੰ ਕੋਈ ਵਾਹ ਵਾਸਤਾ ਨਹੀਂ ਕਿ ਉਨ੍ਹਾਂ ਦੇ ਗੀਤ ਪਰਿਵਾਰ 'ਚ ਬੈਠ ਕੇ ਸੁਣਨਯੋਗ ਹਨ ਜਾਂ ਨਹੀਂ। ਕਲਾਕਾਰਾਂ ਦਾ ਕਹਿਣਾ ਹੁੰਦਾ ਹੈ ਲੋਕ ਜਿਸ ਤਰ੍ਹਾਂ ਦਾ ਸੁਣਦੇ ਹਨ ਉਹਨਾਂ ਨੂੰ ਉਸ ਤਰ੍ਹਾਂ ਦਾ ਪਰੋਸਣਾ ਪੈਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਦਾ ਸਮਾਜ 'ਚ ਚੱਲ ਰਿਹਾ ਹੈ ਉਨ੍ਹਾਂ ਨੂੰ ਸੁਣਨਾ ਪੈਂਦਾ ਹੈ। ਕੋਈ ਵੀ ਪੰਜਾਬੀ ਸਭਿਆਚਾਰ ਦੀ ਬਾਂਹ ਫੜਨ ਨੂੰ ਤਿਆਰ ਨਹੀਂ ਹੈ। ਸੋ ਇਸ ਸਭ ਕੁਝ ਦੇ ਲਈ ਗਾਇਕ, ਗੀਤਕਾਰ ਤੇ ਸੁਣਨ ਵਾਲੇ ਬਰਾਬਰ ਦੇ ਜ਼ਿੰਮੇਵਾਰ ਹਨ ਪਰ ਫਿਰ ਵੀ ਗੀਤਕਾਰ, ਲੇਖਕ, ਕਵੀ ਤੇ ਲਿਖਣ ਵਾਲਾ ਹਰ ਉਹ ਇਨਸਾਨ ਜਿਸ ਨੂੰ ਪਰਮਾਤਮਾ ਨੇ ਕਲਮ ਦੀ ਦਾਤ ਬਖਸ਼ੀ ਹੈ ਉਹਨਾਂ ਦਾ ਫ਼ਰਜ਼ ਬਣਦਾ ਏ ਕਿ ਉਹ ਜਿਸ ਖਿੱਤੇ ਨਾਲ ਸਬੰਧਤ ਹਨ ਘੱਟ ਤੋਂ ਘੱਟ ਉਸ ਦੀ ਅਮੀਰ ਵਿਰਾਸਤ ਤੇ ਸੱਭਿਆਚਾਰ ਨੂੰ ਕਾਇਮ ਰੱਖਣ ਲਈ ਉਸ ਦੇ ਇਤਿਹਾਸ ਨਾਲ ਖੁਦ ਇਕ ਮਿਕ ਹੋਣ ਤੇ ਦੂਜੀਆਂ ਨੂੰ ਵੀ ਇਸ ਨਾਲ ਜੋੜੀ ਰੱਖਣ।

# ਫ਼ਿਲਮੀ ਦੁਨੀਆ ਦੀ ਬਿਹਤਰੀਨ ਹਸਤੀ ਅਤੇ ਸਫ਼ਲ ਅਦਾਕਾਰਾ ਮੀਨਾ ਕੁਮਾਰੀ

**ਭੁਪਿੰਦਰ ਸਿੰਘ**

ਪਹਿਲੀ ਅਗਸਤ 1933 ਨੂੰ ਥੀਏਟਰ ਅਦਾਕਾਰ ਅਲੀ ਬਖ਼ਸ਼ ਦੇ ਘਰ ਪੈਦਾ ਹੋਈ ਬੱਚੀ ਦਾ ਨਾਂ ਮਾਤਾ-ਪਿਤਾ ਨੇ 'ਮਹਿਜ਼ਬੀਨ ਬਾਨੋ' ਰੱਖਿਆ। ਬੱਚੀ ਦੀ ਮਾਂ ਦਾ ਨਾਂ ਇਕਬਾਲ ਬੇਗ਼ਮ ਸੀ। ਮਹਿਜ਼ਬੀਨ ਆਪਣੇ ਮਾਤਾ-ਪਿਤਾ ਦੀ ਤੀਜੀ ਔਲਾਦ ਸੀ। ਉਸ ਦੀਆਂ ਦੋ ਵੱਡੀਆਂ ਭੈਣਾਂ ਖੁਰਸ਼ੀਦ ਅਤੇ ਮਧੂ ਸਨ। ਖੁਰਸ਼ੀਦ ਨੇ ਵੀ ਕੁਝ ਫਿਲਮਾਂ ਵਿੱਚ ਕੰਮ ਕੀਤਾ। ਪੜ੍ਹਾਈ ਵਿੱਚ ਦਿਲਚਸਪੀ ਨਾ ਰੱਖਣ ਵਾਲੀ ਮਹਿਜ਼ਬੀਨ ਦਾ ਬਚਪਨ ਦਾ ਜ਼ਿਆਦਾ ਸਮਾਂ ਆਪਣੀ ਨਾਨੀ ਕੋਲ ਹੀ ਗੁਜ਼ਰਿਆ।

ਮਹਿਜ਼ਬੀਨ ਜਦੋਂ ਬਾਲ ਫਿਲਮਾਂ ਰਾਹੀਂ ਪਰਦੇ 'ਤੇ ਆਈ ਉਸ ਸਮੇਂ ਉਸ ਦੀ ਉਮਰ 12 ਕੁ ਸਾਲ ਦੀ ਸੀ। 1939 ਵਿੱਚ ਮੰਨੇ-ਪ੍ਰਮੰਨੇ ਨਿਰਮਾਤਾ ਨਿਰਦੇਸ਼ਕ ਵਿਜੇ ਭੱਟ ਨੇ ਜਦੋਂ ਇਸ ਲੜਕੀ ਨੂੰ ਆਪਣੀ ਫਿਲਮ 'ਲੈਦਰ ਫੇਸ' ਵਿੱਚ ਬਾਲ ਕਲਾਕਾਰ ਦੇ ਰੂਪ ਵਿੱਚ ਦਰਸ਼ਕਾਂ ਦੇ ਰੂਬਰੂ ਕੀਤਾ ਤਾਂ ਇਸ ਦਾ ਨਾਂ ਬਦਲ ਕੇ ਬੇਬੀ ਮੀਨਾ ਰੱਖ ਦਿੱਤਾ। ਇਸ ਮਗਰੋਂ ਮੀਨਾ, 'ਬੱਚੋਂ ਕਾ ਖੇਲ' ਰਾਹੀਂ ਹੀਰੋਇਨ ਦੇ ਰੂਪ ਵਿੱਚ ਪਰਦੇ 'ਤੇ ਆਈ। ਇਸ ਫਿਲਮ ਵਿੱਚ ਆਪਣੇ ਜ਼ਬਰਦਸਤ ਅਭਿਨੈ ਸਦਕਾ, ਮੀਨਾ ਨੇ ਇਹ ਸਿੱਧ ਕਰ ਦਿੱਤਾ ਕਿ ਉਹ ਅਦਾਕਾਰੀ ਦੇ ਮਾਮਲੇ ਵਿੱਚ ਉਸ ਸਮੇਂ ਦੀਆਂ ਮਸ਼ਹੂਰ ਹੀਰੋਇਨਾਂ ਕਾਮਿਨੀ ਕੌਸ਼ਲ, ਨਿਰੂਪਾ ਰਾਏ ਅਤੇ ਦੇਵਿਕਾ ਰਾਣੀ ਨਾਲੋਂ ਘੱਟ ਨਹੀਂ।





ਸਾਲ 1953 ਵਿੱਚ ਪਹਿਲੀ ਵਾਰ ਉਸ ਨੂੰ ਫਿਲਮਫੇਅਰ ਐਵਾਰਡ ਨਾਲ ਨਿਵਾਜਿਆ। ਜਿਨ੍ਹਾਂ ਫਿਲਮਾਂ ਨੇ ਮੀਨਾ ਨੂੰ ਹੋਰ ਪ੍ਰਸਿੱਧੀ ਦਿਵਾਈ, ਉਨ੍ਹਾਂ ਵਿੱਚੋਂ ਸਨ 'ਪ੍ਰਣੀਤਾ' (1953), 'ਏਕ ਹੀ ਰਾਸਤਾ' (1956), 'ਸ਼ਾਰਦਾ' (1957), 'ਦਿਲ ਅਪਨਾ ਔਰ ਪ੍ਰੀਤ ਪਰਾਈ' (1960), 'ਕੋਹਿਨੂਰ' ਅਤੇ ਗੁਰੂਦੱਤ ਵੱਲੋਂ ਨਿਰਦੇਸ਼ਿਤ 'ਸਾਹਿਬ ਬੀਵੀ ਔਰ ਗੁਲਾਮ' ਆਦਿ ਜ਼ਿਕਰਯੋਗ ਹਨ। 1962 ਵਿੱਚ ਮੀਨਾ ਕੁਮਾਰੀ ਨੂੰ ਉਸ ਦੀਆਂ ਫਿਲਮਾਂ 'ਮੈਂ ਚੁੱਪ ਰਹੂੰਗੀ', 'ਆਰਤੀ' ਅਤੇ 'ਬਹੂ ਬੇਗ਼ਮ' ਲਈ ਫਿਲਮਫੇਅਰ ਐਵਾਰਡ ਮਿਲੇ। ਇਸ ਤੋਂ ਇਲਾਵਾ 'ਬੈਜੂ ਬਾਵਰਾ' ਨੇ ਪੂਰੇ ਭਾਰਤ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕਰਕੇ ਮੀਨਾ ਕੁਮਾਰੀ ਨੂੰ ਸ਼੍ਰੇਸ਼ਠ ਅਭਿਨੈ ਦਾ ਫਿਲਮਫੇਅਰ ਐਵਾਰਡ ਵੀ ਦਿਵਾਇਆ। ਉਸ ਨੇ ਲਗਪਗ 90 ਫਿਲਮਾਂ ਵਿੱਚ ਅਦਾਕਾਰੀ ਕੀਤੀ। 24 ਮਈ 1952 ਵਿੱਚ ਮੀਨਾ ਨੇ ਨਿਰਮਾਤਾ ਨਿਰਦੇਸ਼ਕ ਲੇਖਕ ਕਮਾਲ ਅਮਰੋਹੀ ਨਾਲ ਲਵ ਮੈਰਿਜ ਕਰਵਾ ਲਈ, ਪਰ ਦੋਵਾਂ ਦਾ ਗ੍ਰਹਿਸਥੀ ਜੀਵਨ ਸਫਲ ਨਾ ਰਿਹਾ ਕਿਉਂਕਿ ਇੱਕ ਤਾਂ ਕਮਾਲ ਅਮਰੋਹੀ, ਮੀਨਾ ਕੁਮਾਰੀ ਤੋਂ ਉਮਰ ਵਿੱਚ ਕਾਫ਼ੀ ਵੱਡੇ ਸਨ, ਦੂਜੇ ਉਨ੍ਹਾਂ ਦੇ ਆਪਸੀ ਵਿਚਾਰਾਂ ਨੇ ਵੀ ਤਾਲਮੇਲ ਨਾ ਖਾਧਾ। ਜਿਸ ਦਾ ਮਾੜਾ ਅਸਰ ਮੀਨਾ ਦੇ ਵਿਅਕਤੀਗਤ ਜੀਵਨ ਅਤੇ ਫਿਲਮਾਂ 'ਤੇ ਵੀ ਪੈਂਦਾ ਗਿਆ। ਉਹ ਸ਼ਰਾਬ ਦਾ ਸੇਵਨ ਕਰਨ ਲੱਗ ਪਈ।

ਉਨ੍ਹਾਂ ਦਿਨਾਂ ਵਿੱਚ ਹੀ ਫਿਲਮ ਇੰਡਸਟਰੀ ਵਿੱਚ ਆਪਣੇ ਪੈਰ ਜਮਾਉਣ ਲਈ ਸੰਘਰਸ਼ ਕਰ ਰਿਹਾ ਇੱਕ ਨਵਾਂ ਚਿਹਰਾ ਧਰਮਿੰਦਰ ਉਸ ਦੇ ਨਜ਼ਦੀਕ ਆਇਆ। ਮੀਨਾ ਕੁਮਾਰੀ ਨੂੰ ਧਰਮਿੰਦਰ ਵਿੱਚ ਇੱਕ ਸੱਚਾ ਹਮਦਰਦ ਵਿਖਾਈ ਦਿੱਤਾ ਜੋ ਉਸ ਦੇ ਜਜ਼ਬਾਤ ਨੂੰ ਸਮਝ ਸਕਦਾ ਸੀ। ਦੋਹਾਂ ਦੀ ਨੇੜਤਾ 1965 ਵਿੱਚ ਫਿਲਮ 'ਕਾਜਲ' ਦੀ ਸ਼ੂਟਿੰਗ ਦਰਮਿਆਨ ਵਧੀ। ਇਹ ਫਿਲਮ ਬਹੁਤ ਸਫਲ ਰਹੀ। ਫੇਰ ਮੀਨਾ ਕੁਮਾਰੀ ਦੀ ਸਿਫਾਰਸ਼ 'ਤੇ ਹੀ 1966 ਵਿੱਚ ਨਿਰਮਾਤਾ-ਨਿਰਦੇਸ਼ਕ ਓਪੀ ਰਲਹਨ ਨੇ ਧਰਮਿੰਦਰ ਨੂੰ ਆਪਣੀ ਫਿਲਮ 'ਫੂਲ ਔਰ ਪੱਥਰ' ਵਿੱਚ ਹੀਰੋ ਦਾ ਰੋਲ ਦਿੱਤਾ। ਇਸ ਫਿਲਮ ਨੇ ਆਸ ਤੋਂ ਵੱਧ ਸਫਲਤਾ ਹਾਸਲ ਕੀਤੀ। ਇਸ ਨੇ ਧਰਮਿੰਦਰ ਦੇ ਪੈਰ ਸਦਾ ਲਈ ਫਿਲਮ ਇੰਡਸਟਰੀ ਵਿੱਚ ਜਮ੍ਹਾ ਦਿੱਤੇ। ਧਰਮਿੰਦਰ ਅਤੇ ਮੀਨਾ ਕੁਮਾਰੀ ਦੀ ਨੇੜਤਾ ਕਾਰਨ ਹੀ ਕਮਾਲ ਅਮਰੋਹੀ ਅਤੇ ਮੀਨਾ ਕੁਮਾਰੀ ਦੀ ਜ਼ਿੰਦਗੀ ਵਿੱਚ ਦਰਾੜ ਆ ਚੁੱਕੀ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਦੋਵੇਂ ਬਿਨਾਂ ਤਲਾਕ ਹੀ ਅੱਡ-ਅੱਡ ਰਹਿਣ ਲੱਗ ਪਏ ਸਨ ਪਰ ਮੀਨਾ ਕੁਮਾਰੀ ਨੇ ਇਸ ਦੇ ਬਾਵਜੂਦ ਕਮਾਲ ਅਮਰੋਹੀ ਨਾਲ ਪ੍ਰੋਫੈਸ਼ਨਲ ਤੌਰ 'ਤੇ ਕੋਈ ਗਿਲਾ ਨਾ ਰੱਖਿਆ ਅਤੇ ਉਸ ਦੀ ਲੰਮੇ ਸਮੇਂ ਤੋਂ ਬਣ ਰਹੀ ਫਿਲਮ 'ਪਾਕੀਜ਼ਾ' ਨੂੰ ਪੂਰਾ ਕੀਤਾ। ਇਹ ਫਿਲਮ ਦੋਹਾਂ ਦੇ ਜੀਵਨ ਵਿੱਚ ਮੀਲ ਦਾ ਪੱਥਰ ਸਾਬਤ ਹੋਈ। ਕਮਾਲ ਅਮਰੋਹੀ ਦਾ ਨਾਮ ਸਫਲ ਨਿਰਦੇਸ਼ਕਾਂ ਦੀ ਗਿਣਤੀ ਵਿੱਚ ਆ ਗਿਆ। ਕਮਾਲ ਅਮਰੋਹੀ ਨੇ ਮੀਨਾ ਨੂੰ ਧਿਆਨ ਵਿੱਚ ਰੱਖ ਕੇ ਹੀ ਫਿਲਮ 'ਰਜ਼ੀਆ ਸੁਲਤਾਨ' ਦੀ ਕਹਾਣੀ ਲਿਖੀ ਕਿਉਂਕਿ ਮੀਨਾ ਕੁਮਾਰੀ ਦੀ ਸਿਹਤ ਠੀਕ ਨਹੀਂ ਸੀ ਉਸ ਨੇ ਆਪਣੀ ਬੇਵਸੀ ਪ੍ਰਗਟਾਉਂਦਿਆਂ ਇਹ ਫਿਲਮ ਕਰਨ ਤੋਂ ਇਨਕਾਰ ਕਰ ਦਿੱਤਾ।

ਕਮਾਲ ਅਮਰੋਹੀ ਨੂੰ ਯਕੀਨ ਸੀ ਕਿ ਮੀਨਾ ਦੇ ਸਿਹਤਯਾਬ ਹੁੰਦਿਆਂ ਹੀ ਉਹ 'ਪਾਕੀਜ਼ਾ' ਵਾਂਗ ਹੀ ਇਸ ਫਿਲਮ ਨੂੰ ਵੀ ਕਰਨ ਲਈ ਰਾਜ਼ੀ ਹੋ ਜਾਵੇਗੀ, ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਮੀਨਾ ਦੇ ਅਕਾਲ ਚਲਾਣੇ ਤੋਂ ਬਾਅਦ ਕਮਾਲ ਅਮਰੋਹੀ ਨੂੰ ਰਜ਼ੀਆ ਸੁਲਤਾਨ ਲਈ ਹੇਮਾ ਮਾਲਿਨੀ ਨੂੰ ਲੈਣਾ ਪਿਆ। ਇਸ ਫਿਲਮ ਦੇ ਗੀਤ ਬੇਹੱਦ ਹਰਮਨਪਿਆਰੇ ਸਨ, ਪਰ ਫਿਲਮ ਫਲਾਪ ਸੀ। ਮੀਨਾ ਕੁਮਾਰੀ ਬੇਸ਼ੱਕ ਅੱਜ ਸਾਡੇ ਵਿਚਕਾਰ ਨਹੀਂ ਹੈ, ਪਰ ਫਿਲਮੀ ਦੁਨੀਆ ਦੀ ਬਿਹਤਰੀਨ ਹਸਤੀ ਵਜੋਂ ਅਤੇ ਸਫਲ ਅਦਾਕਾਰਾ ਦੇ ਰੂਪ ਵਿੱਚ ਉਹ ਅੱਜ ਵੀ ਸਾਡੇ ਦਰਮਿਆਨ ਜਿਉਂਦੀ ਹੈ ਅਤੇ ਹਮੇਸ਼ਾਂ ਰਹੇਗੀ।

# ਡਬਲਿਊ.ਪੀ.ਐਲ.: ਮੁੰਬਈ ਇੰਡੀਅਨਜ਼ ਦੀ ਖ਼ਿਤਾਬੀ ਜਿੱਤ

## ਫ਼ਾਈਨਲ ਮੁਕਾਬਲੇ ’ਚ ਦਿੱਲੀ ਕੈਪੀਟਲਸ ਨੂੰ ਸੱਤ ਵਿਕਟਾਂ ਨਾਲ ਹਰਾਇਆ

ਮੁੰਬਈ ਇੰਡੀਅਨਜ਼ ਦੀ ਟੀਮ ਨੇ ਮਹਿਲਾ ਪ੍ਰੀਮੀਅਰ ਲੀਗ ਦਾ ਫਾਈਨਲ ਮੁਕਾਬਲਾ ਦਿੱਲੀ ਕੈਪੀਟਲਸ ਨੂੰ ਸੱਤ ਵਿਕਟਾਂ ਨਾਲ ਹਰਾ ਕੇ ਜਿੱਤ ਲਿਆ। ਇਸ ਖਿਤਾਬੀ ਜਿੱਤ ਨਾਲ ਮੁੰਬਈ ਇੰਡੀਅਨਜ਼ ਮਹਿਲਾ ਪ੍ਰੀਮੀਅਰ ਲੀਗ ਜਿੱਤਣ ਵਾਲੀ ਪਹਿਲੀ ਟੀਮ ਬਣ ਗਈ। ਇਹ ਫਾਈਨਲ ਮੁਕਾਬਲਾ ਵਾਨਖੇੜੇ ਸਟੇਡੀਅਮ ਮੁੰਬਈ ’ਚ ਖੇਡਿਆ ਗਿਆ ਸੀ। ਦਿੱਲੀ ਦੀ ਕਪਤਾਨ ਮੇਗ ਲੈਨਿੰਗ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜੀ ਦਾ ਫੈਸਲਾ ਲਿਆ ਸੀ। ਦਿੱਲੀ ਦੀ ਟੀਮ ਨੇ 20 ਓਵਰਾਂ ’ਚ 9 ਵਿਕਟਾਂ ’ਤੇ 131 ਦੌੜਾਂ ਬਣਾਈਆਂ। ਜਵਾਬ ’ਚ ਮੁੰਬਈ ਨੇ 19.3 ਓਵਰਾਂ ’ਚ ਤਿੰਨ ਵਿਕਟਾਂ ’ਤੇ 134 ਦੌੜਾਂ ਬਣਾ ਕੇ ਮੈਚ ਆਪਣੇ ਨਾਂਅ ਕਰ ਲਿਆ।

ਇੰਗਲੈਂਡ ਦੀ ਤਜ਼ਰਬੇਕਾਰ ਖਿਡਾਰਨ ਨਤਾਲੀ ਸੀਵਰ ਬ੍ਰੰਟ ਨੇ ਮੁੰਬਈ ਨੂੰ ਚੈਂਪੀਅਨ ਬਣਾਉਣ ’ਚ ਅਹਿਮ ਯੋਗਦਾਨ ਪਾਇਆ। ਨਤਾਲੀ ਨੇ ਦਬਾਅ ਦੇ ਬਾਵਜੂਦ ਯਾਦਗਰੀ ਪਾਰੀ ਖੇਡਦਿਆਂ 55 ਗੇਂਦਾਂ ’ਤੇ ਨਾਬਾਦ 60 ਦੌੜਾਂ ਬਣਾਈਆਂ। ਮੁੰਬਈ ਫ੍ਰੈਂਚਾਈਜ਼ੀ ਦੇ ਖਾਤੇ ’ਚ ਇਹ ਪ੍ਰੀਮੀਅਰ ਲੀਗ ਦੀ ਛੇਵੀਂ ਟ੍ਰਾਫੀ ਹੈ ਕਿਉਂਕਿ ਇਸ ਤੋਂ ਪਹਿਲਾਂ ਪੁਰਸ਼ ਟੀਮ ਆਈਪੀਐਲ ’ਚ 5 ਵਾਰ ਚੈਂਪੀਅਨ ਬਣ ਚੁੱਕੀ ਹੈ। ਨਤਾਲੀ ਨੇ ਅਮੇਲਿਆ ਕੇਰ ਦੇ ਨਾਲ ਚੌਥੇ ਵਿਕਟ ਲਈ 20 ਗੇਂਦਾਂ ’ਤੇ ਨਾਬਾਦ 39 ਦੌੜਾਂ ਦੀ ਸਾਂਝੇਦਾਰੀ ਕੀਤੀ।

ਅਮੇਲਿਆ ਕੇਰ 8 ਗੇਦਾਂ ’ਤੇ 14 ਦੌੜਾਂ ਬਣਾ ਕੇ ਨਾਬਾਦ ਰਹੀ। ਨਤਾਲੀ ਨੇ ਇਸ ਤੋਂ ਪਹਿਲਾਂ ਤੀਜੇ ਵਿਕਟ ਲਈ ਕਪਤਾਨ ਹਰਮਨਪ੍ਰੀਤ ਕੌਰ ਦੇ ਨਾਲ 74 ਗੇਂਦਾਂ ’ਤੇ 72 ਦੌੜਾਂ ਦੀ ਸਾਂਝੇਦਾਰੀ ਕੀਤੀ। ਹਰਮਨਪ੍ਰੀਤ ਨੇ 39 ਗੇਂਦਾਂ ’ਤੇ 37 ਦੌੜਾਂ ਬਣਾਈਆਂ। ਹੀਲੀ ਮੈਥਿਊਜ਼ ਨੇ 13 ਅਤੇ ਯਸਿਤਕਾ ਭਾਟੀਆ ਨੇ ਚਾਰ ਦੌੜਾਂ ਬਣਾਈਆਂ। ਦਿੱਲੀ ਦੇ ਲਈ ਰਾਧਾ ਯਾਦਵ ਅਤੇ ਜੇਸ ਜੋਨਾਸੇਨ ਇੱਕ-ਇੱਕ ਵਿਕਟ ਹਾਸਿਲ ਕੀਤੀ।



**ਦਿੱਲੀ ਦੀ ਸ਼ੁਰੂਆਤ ਹੀ ਰਹੀ ਸੀ ਖਰਾਬ**

ਟਾਸ ਜਿੱਤ ਕੇ ਬੱਲੇਬਾਜ਼ੀ ਕਰਨ ਉੱਤਰੀ ਦਿੱਲੀ ਦੀ ਸ਼ੁਰੂਆਤ ਹੀ ਬੇਹੱਦ ਖਰਾਬ ਰਹੀ। ਦੂਜੇ ਓਵਰ ’ਚ ਹੀ ਸ਼ੇਫਾਲੀ ਵਰਮਾ 11 ਦੌੜਾਂ ਬਣਾ ਕੇ ਆਊਟ ਹੋ ਗਈ। ਇਸ ਤੋਂ ਦੋ ਗੇਂਦਾਂ ਬਾਅਦ ਹੀ ਐਲਿਸ ਕੈਪਸੀ ਵੀ ਬਿਨ੍ਹਾਂ ਖਾਤਾ ਖੋਲ੍ਹੇ ਪੈਵੇਲੀਅਨ ਪਰਤ ਗਈ। ਇਹ ਦੋਵੇਂ ਵਿਕਟਾਂ ਇਸੀ ਵੋਂਗ ਨੂੰ ਫੁੱਲ ਟਾਸ ਗੇਂਦਾਂ ’ਤੇ ਮਿਲੀਆਂ। ਇਸ ਤੋ ਬਾਅਦ ਕਪਤਾਨ ਲੈਨਿੰਗ ਨੇ ਜੇਮੀਆ ਰੇਡ੍ਰੀਗਸ ਦੇ ਨਾਲ ਮਿਲ ਕੇ ਪਾਰੀ ਸੰਭਾਲੀ ਪਰ ਪੰਜਵੇਂ ਓਵਰ ’ਚ ਜੇਮੀਆ ਵੀ 9 ਦੌੜਾਂ ਬਣਾ ਕੇ ਆਊਟ ਹੋ ਗਈ। ਦਿੱਲੀ ਦੀ ਟੀਮ ਪਾਵਰ ਪਲੇ ’ਚ ਤਿੰਨ ਵਿਕਟਾਂ ਗੁਆ ਕੇ 38 ਦੌੜਾਂ ਹੀ ਬਣਾ ਸਕੀ। ਇਸ ਤੋਂ ਬਾਅਦ ਲੈਨਿੰਗ ਅਤੇ ਮਰਿਜਾਨ ਕੈਪ ਦੀ ਤਜ਼ਰਬੇਕਾਰ ਜੋੜੀ ਨੇ 39 ਦੌੜਾਂ ਦੀ ਸਾਂਝੀ ਕੀਤੀ ਪਰ ਕੈਪ 18 ਦੌੜਾਂ ਬਣਾ ਕੇ ਅਮੇਲਿਆ ਕੇਰ ਦਾ ਸ਼ਿਕਾਰ ਬਣੀ, ਉਸ ਵੇਲੇ ਦਿੱਲੀ ਦਾ ਸਕੋਰ 73 ਦੌੜਾਂ ਸੀ। ਇਸ ਤੋਂ ਬਾਅਦ ਦਿੱਲੀ ਨੇ ਛੇ ਦੌੜਾਂ ਬਣਾਉਣ ’ਚ ਹੀ 5 ਵਿਕਟਾਂ ਗੁਆ ਦਿੱਤੀਆਂ ਅਤੇ 15.6 ਓਵਰਾਂ ’ਚ ਟੀਮ ਦਾ ਸਕੋਰ 9 ਵਿਕਟਾਂ ’ਤੇ 79 ਦੌੜਾਂ ਹੋ ਗਿਆ ਸੀ।

### ਮੁੰਬਈ ਲਈ ਵਾਂਗ ਤੇ ਮੈਥਿਊਜ਼ ਨੇ ਕੀਤਾ ਕਮਾਲ

ਮੁੰਬਈ ਇੰਡੀਅਨਜ਼ ਲਈ ਸਭ ਤੋਂ ਜ਼ਿਆਦਾ ਤਿੰਨ-ਤਿੰਨ ਵਿਕਟਾਂ ਇਸੀ ਵਾਂਗ ਅਤੇ ਹੇਲੀ ਮੈਥਿਵੂਜ਼ ਨੇ ਹਾਸਿਲ ਕੀਤੀਆਂ। ਹਾਲਾਂਕਿ ਵਾਂਗ ਨੇ ਆਪਣੇ ਚਾਰ ਓਵਰਾਂ ’ਚ 42 ਦੌੜਾਂ ਵੀ ਦਿੱਤੀਆਂ। ਮੈਥਿਊਜ਼ ਨੇ ਚਾਰ ਓਵਰਾਂ ’ਚ ਸਿਰਫ 5 ਦੌੜਾਂ ਦਿੱਤੀਆਂ ਅਤੇ ਦੋ ਮੇਡਨ ਓਵਰ ਕੀਤੇ। ਵਾਂਗ ਨੇ ਦਿੱਲੀ ਦੇ ਉੱਪਰਲੇ ਕਰਮ ਨੂੰ ਤਹਿਸ-ਨਹਿਸ ਕਰ ਦਿੱਤਾ ਜਦੋਂਕਿ ਮੈਥਿਊਜ਼ ਨੇ ਹੇਠਲੇ ਕਰਮ ਨੂੰ ਸਮੇਟਿਆ। ਇਨ੍ਹਾਂ ਦੋਵਾਂ ਗੇਂਦਬਾਜ਼ਾਂ ਤੋਂ ਇਲਾਵਾ ਅਮੇਲਿਆ ਕਰ ਨੇ ਵੀ ਦੋ ਅਹਿਮ ਵਿਕਟਾਂ ਹਾਸਿਲ ਕੀਤੀਆਂ।

### ਪੁਰਸ਼ਾਂ ਦੇ ਮੁਕਾਬਲੇ ਮਹਿਲਾਵਾਂ ਨੂੰ ਮਿਲਿਆ ਘੱਟ ਇਨਾਮ




ਆਈਪੀਐਲ ’ਚ ਪੁਰਸ਼ਾਂ ਦੀ ਟੀਮ ਨੂੰ ਜ਼ਿਆਦਾ ਇਨਾਮ ਮਿਲਦਾ ਹੈ ਜਦੋਂਕਿ ਡਬਲਿਊਪੀਐਲ ’ਚ ਮਹਿਲਾਵਾਂ ਨੂੰ ਘੱਟ ਰਾਸ਼ੀ ਇਨਾਮ ’ਚ ਮਿਲੀ ਹੈ। ਪਿਛਲੇ ਸਾਲ ਆਈਪੀਐਲ ’ਚ ਚੈਂਪੀਅਨ ਬਣਨ ਵਾਲੀ ਗੁਜ਼ਰਾਤ ਟਾਈਟਨਸ ਦੀ ਟੀਮ ਨੂੰ 20 ਕਰੋੜ ਰੁਪਏ ਇਨਾਮੀ ਰਾਸ਼ੀ ਮਿਲੀ ਸੀ ਜਦੋਂਕਿ ਉਪ ਜੇਤੂ ਰਾਜਸਥਾਨ ਰਾਇਲਜ ਨੂੰ 12.5 ਕਰੋੜ ਮਿਲੇ ਸੀ। ਪੁਰਸ਼ਾਂ ਦੇ ਮੁਕਾਬਲੇ ਹੁਣ ਮਹਿਲਾਵਾਂ ਦੇ ਮੁਕਾਬਲਿਆਂ ’ਚ ਜੇਤੂ ਰਹੀ ਮੁੰਬਈ ਇੰਡੀਅਨਜ਼ ਨੂੰ ਛੇ ਕਰੋੜ ਰੁਪਏ ਅਤੇ ਉਪ ਜੇਤੂ ਦਿੱਲੀ ਕੈਪੀਟਲਸ ਨੂੰ ਤਿੰਨ ਕਰੋੜ ਰੁਪਏ ਇਨਾਮ ’ਚ ਮਿਲੇ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

# ਬੀ.ਸੀ.ਸੀ.ਆਈ. ਨੇ ਵਧਾਏ ਖਿਡਾਰੀਆਂ ਦੇ ਗ੍ਰੇਡ, ਖਿਡਾਰੀਆਂ ਦਾ ਮੁੱਲ ਕਰੋੜਾਂ ਰੁਪਏ ਵਧਿਆ

ਬੀਸੀਸੀਆਈ ਨੇ 2022-23 ਦੇ ਸੀਜਨ ਲਈ ਸੈਂਟਰਲ ਕੰਟਰੈਕਟ ਦਾ ਐਲਾਨ ਕਰ ਦਿੱਤਾ ਹੈ। ਇਸ ਕੰਟਰੈਕਟ ’ਚ ਕਈ ਖਿਡਾਰੀਆਂ ਦਾ ਗ੍ਰੇਡ ਵਧਣ ਕਾਰਨ ਉਨ੍ਹਾਂ ਦਾ ਸਾਲਾਨਾ ਮੁੱਲ ਵੀ ਕਰੋੜਾਂ ਰੁਪਏ ਵਧ ਗਿਆ ਹੈ। ਰਵਿੰਦਰ ਜਡੇਜਾ ਦੀ ਵੀ ਤਰੱਕੀ ਹੋਈ ਹੈ। ਉਸ ਤੋਂ ਇਲਾਵਾ ਕਪਤਾਨ ਰੋਹਿਤ ਸ਼ਰਮਾ, ਵਿਰਾਟ ਕੋਹਲੀ ਅਤੇ ਜਸਪ੍ਰੀਤ ਬੁਮਰਾਹ ਨੂੰ ਏ+ਗ੍ਰੇਡ ’ਚ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਸਾਰਿਆਂ ਨੂੰ 7-7 ਕਰੋੜ ਰੁਪਏ ਮਿਲਣਗੇ। ਇਹ ਕੰਟਰੈਕਟ ਅਕਤੂਬਰ 2022 ਤੋਂ ਸਤੰਬਰ 2023 ਦੇ ਲਈ ਜ਼ਾਰੀ ਕੀਤਾ ਗਿਆ ਹੈ।

ਏ ਗ੍ਰੇਡ ਦੇ ਹਾਰਦਿਕ ਪਾਂਡਿਆ, ਰਵੀਚੰਦਰਨ ਅਸ਼ਵਿਨ, ਮੁਹੰਮਦ ਸ਼ੰਮੀ, ਰਿਸ਼ਭ ਪੰਤ ਅਤੇ ਅਕਸ਼ਰ ਪਟੇਲ ਸ਼ਾਮਿਲ ਕੀਤੇ ਗਏ ਹਨ। ਇਨ੍ਹਾਂ ਸਾਰਿਆਂ ਨੂੰ ਸਾਲ ਦੇ 5-5 ਕਰੋੜ ਰੁਪਏ ਮਿਲਣਗੇ।

ਇਸ ਗ੍ਰੇਡ ’ਚ ਹਾਰਦਿਕ ਪਾਂਡਿਆ ਦੀ ਵਾਸੀ ਹੋਈ ਹੈ ਅਤੇ ਅਕਸ਼ਰ ਪਟੇਲ ਪ੍ਰਮੋਟ ਹੋਏ ਹਨ। ਜਦੋਂਕਿ ਰਵੀਚੰਦਰਨ ਅਸ਼ਵਿਨ, ਮੁਹੰਮਦ ਸ਼ੰਮੀ, ਰਿਸ਼ਭ ਪੰਤ ਇਸ ਗ੍ਰੇਡ ’ਚ ਆਪਣੀ ਥਾਂ ਬਚਾਉਣ ’ਚ ਕਾਮਯਾਬ ਰਹੇ ਹਨ। ਓਵਰ ਕੇਐਲ ਰਾਹੁਲ ਨੂੰ ਨੁਕਸਾਨ ਹੋਇਆ ਹੈ। ਉਹ ਬੀ ਗ੍ਰੇਡ ’ਚ ਚਲੇ ਗਏ ਹਨ। ਬੋਰਡ ਦੀ ਸੂਚੀ ’ਚ 26 ਖਿਡਾਰੀ ਹਨ। ਬੋਰਡ ਦੇ ਸੈਂਟਰਲ ਕੰਟ੍ਰੈਕਟ ਖਿਡਾਰੀਆਂ ਦੀ ਸੂਚੀ ’ਚ 26 ਖਿਡਾਰੀਆਂ ਨੂੰ ਸ਼ਾਮਿਲ




ਕੀਤਾ ਗਿਆ ਹੈ। ਗ੍ਰੇਡ ਏ+ ’ਚ ਇਸ ਵਾਰ ਚਾਰੀ ਖਿਡਾਰੀ ਹਨ, ਜਦੋਂਕਿ ਹਰ ਵਾਰ ਤਿੰਨ ਖਿਡਾਰੀਆਂ ਨੂੰ ਇਸ ’ਚ ਥਾਂ ਮਿਲਦੀ ਹੈ। ਗ੍ਰੇਡ ਏ ’ਚ 5, ਬੀ ’ਚ ਛੇ ਅਤੇ ਸੀ ’ਚ 11 ਖਿਡਾਰੀ ਸ਼ਾਮਿਲ ਕੀਤੇ ਗਏ ਹਨ।

### ਇਸ਼ਾਂਤ, ਭੁਵਨੇਸ਼ਵਰ ਅਤੇ ਮਯੰਕ ਬਾਹਰ

ਟੈਸਟ ਸਪੈਸ਼ਲਿਸਟ ਬੱਲੇਬਾਜ਼ ਅਜਿੰਕਿਆ ਰਹਾਣੇ, ਤੇਜ਼ ਗੇਂਦਬਾਜ਼ ਇਸ਼ਾਂਤ ਸ਼ਰਮਾ, ਭੁਵਨੇਸ਼ਵਰ ਕੁਮਾਰ ਅਤੇ ਮਯੰਕ ਅ ਗਰਵਾਲ ਸੈਂਟਰਲ ਕੰਟਰੈਕਟ ਤੋਂ ਬਾਹਰ ਕਰ ਦਿੱਤੇ ਹਨ। ਦੋਵਾਂ ਨੂੰ ਪਿਛਲੀ ਵਾਰ ਗ੍ਰੇਡ ਬੀ ’ਚ ਰੱਖਿਆ ਗਿਆ ਸੀ।

### ਏ + ਗ੍ਰੇਡ ਦੇ ਖਿਡਾਰੀ : ਰੋਹਿਤ ਸ਼ਰਮਾ, ਵਿਰਾਟ ਕੋਹਲੀ, ਜਸਪ੍ਰੀਤ ਬੁਮਰਾਹ, ਰਵਿੰਦਰ ਜਡੇਜ਼ਾ

ਏ ਗ੍ਰੇਡ ਦੇ ਖਿਡਾਰੀ : ਹਾਰਦਿਕ ਪਾਂਡਿਆ, ਰਵਿਚੰਦਰਨ ਅਸ਼ਵਿਨ, ਮੁਹੰਮਦ ਸ਼ੰਮੀ, ਰਿਸ਼ਭ ਪੰਤ, ਅਕਸ਼ਰ ਪਟੇਲ

ਬੀ ਗ੍ਰੇਡ ਦੇ ਖਿਡਾਰੀ : ਚੇਤੇਸ਼ਵਰ ਪੁਜ਼ਾਰਾ, ਕੇਐਲ ਰਾਹੁਲ, ਸ਼੍ਰੇਅਸ ਅਈਅਰ, ਮੁਹੰਮਦ ਸਿਰਾਜ, ਸੂਰਿਆ ਕੁਮਾਰ ਯਾਦਵ, ਸ਼ੁਭਮਨ ਗਿੱਲ

ਸੀ ਗ੍ਰੇਡ ਦੇ ਖਿਡਾਰੀ : ਉਮੇਸ਼ ਯਾਦਵ, ਸ਼ਿਖਰ ਧਵਨ, ਸ਼ਾਰਦੁਲ ਠਾਕੁਰ, ਈਸ਼ਾਨ ਕਿਸ਼ਨ, ਦੀਪਕ ਹੁੱਡਾ, ਯੁਜਵੇਂਦਰ ਚਹਿਲ, ਕੁਲਦੀਪ ਯਾਦਵ, ਵਾਸ਼ਿੰਗਟਨ ਸੁੰਦਰ, ਸੰਜੂ ਸੈਮਸਨ, ਅਰਸ਼ਦੀਪ ਸਿੰਘ ਅਤੇ ਕੇਐਸ ਭਰਤ

## ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨ ਰਿਹਾਅ

ਸਿੱਖ ਵਿਰੋਧੀ ਚਿਹਰੇ ਨੂੰ ਨੰਗਾ ਕਰੇਗੀ। ਉਹਨਾਂ ਕਿਹਾ ਕਿ ਇਹ ਵਹੀਰ ਸਿਰਫ਼ ਪੰਜਾਬ ਵਿੱਚ ਹੀ ਨਹੀਂ ਸਗੋਂ ਦੇਸ਼ ਭਰ ਵਿੱਚ ਚਲਾਈ ਜਾਵੇਗੀ। ਲਗਭਗ ਤਿੰਨ ਘੰਟੇ ਚੱਲੀ ਮੀਟਿੰਗ ਵਿਚ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਇਸ ਮੁੱਦੇ 'ਤੇ ਆਪਣੇ ਸੁਝਾਅ ਦਿੱਤੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਕਿ ਉਹ ਗ੍ਰਿਫ਼ਤਾਰ ਕੀਤੇ ਗਏ ਸਾਰੇ ਬੇਕਸੂਰ ਸਿੱਖ ਨੌਜਵਾਨਾਂ ਨੂੰ 24 ਘੰਟਿਆਂ ਵਿੱਚ ਰਿਹਾਅ ਕਰੇ, ਸਿੱਖ ਨੌਜਵਾਨਾਂ 'ਤੇ ਲਾਏ ਗਏ ਕੌਮੀ ਸੁਰੱਖਿਆ ਐਕਟ ਨੂੰ ਤੁਰੰਤ ਹਟਾਇਆ ਜਾਵੇ, ਹਰੀਕੇ ਹੈੱਡ ਵਰਕਸ 'ਤੇ ਸ਼ਾਂਤਮਈ ਧਰਨਾ ਦੇ ਰਹੇ ਸਿੱਖਾਂ ਦੇ ਜ਼ਬਤ ਕੀਤੇ ਵਾਹਨ ਤੁਰੰਤ ਛੱਡੇ ਜਾਣ ਅਤੇ ਬੰਦ ਕੀਤੇ ਗਏ ਵੈੱਬ ਚੈਨਲ ਤੇ ਸੋਸ਼ਲ ਮੀਡੀਆ ਖਾਤੇ ਵੀ ਤੁਰੰਤ ਚਾਲੂ ਕੀਤੇ ਜਾਣ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਸ੍ਰੀ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ ਨੂੰ ਨਾਲ ਲੈ ਕੇ ਖ਼ਾਲਸਾ ਵਹੀਰ ਆਰੰਭ ਕੀਤੀ ਜਾਵੇਗੀ।

**ਦਾਦੂਵਾਲ ਮੀਟਿੰਗ ਵਿੱਚ ਸ਼ਾਮਲ ਨਾ ਹੋ ਸਕੇ**

ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਹਰਿਆਣਾ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਬਲਜੀਤ ਸਿੰਘ ਦਾਦੂਵਾਲ ਵੀ ਪੁੱਜੇ ਪਰ ਮੀਟਿੰਗ ਵਿੱਚ ਚੋਣਵੇਂ ਪ੍ਰਤੀਨਿਧ ਹੀ ਸ਼ਾਮਲ ਕੀਤੇ ਗਏ ਅਤੇ ਦਾਦੂਵਾਲ ਮੀਟਿੰਗ ਵਿੱਚ ਸ਼ਾਮਲ ਨਾ ਹੋ ਸਕੇ। ਇਸ ਮਾਮਲੇ 'ਤੇ ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਨਾਲ ਨਾਰਾਜ਼ਗੀ ਵੀ ਜਤਾਈ।

**ਸਿੱਖ ਨੌਜਵਾਨਾਂ ਦੇ ਪਰਿਵਾਰਾਂ ਵੱਲੋਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ**

ਜਿਸ ਸਮੇਂ ਇਹ ਮੀਟਿੰਗ ਚੱਲ ਰਹੀ ਸੀ, ਉਸ ਸਮੇਂ ਸ੍ਰੀ ਅਕਾਲ ਤਖ਼ਤ ਦੇ ਜ਼ਮੀਨਦੋਜ਼ ਹਾਲ ਦੇ ਬਾਹਰ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਤੇ ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨਾਂ ਦੇ ਰਿਸ਼ਤੇਦਾਰ ਪਹੁੰਚੇ ਹੋਏ ਸਨ, ਜਿਨ੍ਹਾਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਰੋਸ ਜਤਾਇਆ।

***

## ਆਓ ਰਲ ਮਿਲ ਕੇ ਪੰਜਾਬ ਨੂੰ ਬਚਾਈਏ : ਗਿ. ਹਰਪ੍ਰੀਤ ਸਿੰਘ

ਤੰਦੂਰ ਵਾਂਗ ਮਘਦਾ ਰੱਖਣ ਲਈ ਆਪ ਜੀ ਵਰਗੇ ਰਾਜਨੀਤਕ ਲੋਕਾਂ ਨੂੰ ਰਾਜਨੀਤਕ ਲੋਕ ਵਰਤ ਨਾ ਜਾਣ।" ਉਹਨਾਂ ਮੁੱਖ ਮੰਤਰੀ ਨੂੰ ਕਿਹਾ ਕਿ " ਰਾਜਨੀਤੀ ਲਈ ਸੰਵਾਦ ਬਾਅਦ ਵਿੱਚ ਕਰਾਂਗੇ, ਪਹਿਲਾਂ ਆਓ ਰਲ ਕੇ ਪੰਜਾਬ ਨੂੰ ਬਚਾਈਏ ਤੇ ਘਰ ਉਡੀਕ ਰਹੀਆਂ ਮਾਵਾਂ ਨੂੰ ਉਹਨਾਂ ਦੇ ਜੇਲ੍ਹਾਂ ਵਿੱਚ ਡੱਕੇ ਨਿਰਦੋਸ਼ ਪੁੱਤਰਾਂ ਨਾਲ ਮਿਲਾਈਏ ਅਤੇ ਅਸੀਸ ਲਈਏ।"

## ਐਨ.ਐਸ.ਏ. ਵਰਗੀਆਂ ਧਾਰਾਵਾਂ ਖ਼ਤਮ ਕਰਾਉਣ ਲਈ

ਲਗਾਈ ਗਈ ਉਨ੍ਹਾਂ ਦਾ ਕੋਈ ਐਸਾ ਸੰਗੀਨ ਜੁਰਮ ਨਹੀਂ ਹੈ ਅਤੇ ਨਾ ਹੀ ਕੋਈ ਐਸੀ ਬਰਾਮਦਗੀ ਹੋਈ ਹੈ। ਉਨ੍ਹਾਂ ਦੀ ਇਸ ਧਾਰਾ ਨੂੰ ਖਤਮ ਕਰਵਾਕੇ ਉਹਨਾਂ ਦੀ ਕਾਨੂੰਨੀ ਸਹਾਇਤਾ ਲਈ ਇਕ ਕਮੇਟੀ ਦਾ ਗਠਨ ਕੀਤਾ ਜਾਵੇ ਜਿਸ ਵਿੱਚ ਮਾਹਿਰ ਵਕੀਲਾਂ ਅਤੇ ਕਾਨੂੰਨੀ ਮਾਹਿਰਾਂ ਦੀ ਸ਼ਮੂਲੀਅਤ ਕਰਵਾਈ ਜਾ ਸਕਦੀ ਹੈ। ਅਜੇ ਤਾਂ ਪੰਜਾਬ ਤੋਂ ਬਾਹਰ ਦੀਆਂ ਜੇਲ੍ਹਾਂ ਵਿੱਚ ਬੰਦ ਪਹਿਲੇ ਕੈਦੀ ਪੰਜਾਬ ਨਹੀਂ ਲਿਆਂਦੇ ਗਏ

ਪਰ ਹੁਣ ਇਸ ਵਰਤਾਰੇ ਦਾ ਅਗਲਾ ਰੂਪ ਸਾਹਮਣੇ ਆ ਗਿਆ ਹੈ ਜਿਸ ਦੇ ਬਾਰੇ ਸਾਰਥਿਕ ਕਦਮ ਚੁੱਕਣ ਦੀ ਜਰੂਰਤ ਹੈ।

4:-ਜਿਹੜੇ ਨੌਜਵਾਨ ਪੁਲਿਸ ਹਿਰਾਸਤ ਵਿੱਚ ਲਏ ਗਏ ਹਨ ਜਾਂ ਜੇਲ੍ਹਾਂ ਵਿੱਚ ਭੇਜ ਦਿੱਤੇ ਗਏ ਹਨ ਅਤੇ ਉਹ ਆਰਥਿਕ ਤੌਰ 'ਤੇ ਕਮਜ਼ੋਰ ਹਨ ਉਨ੍ਹਾਂ ਦੀ ਆਰਥਿਕ ਮਦਦ ਸ਼੍ਰੋਮਣੀ ਕਮੇਟੀ ਵਲੋਂ ਕੀਤੀ ਜਾਵੇ ਅਤੇ ਕਾਨੂੰਨੀ ਸਹਾਇਤਾ ਵੀ ਕੀਤੀ ਜਾਵੇ।

5:-ਜਥੇਦਾਰ ਅਕਾਲ ਤਖਤ ਸਾਹਿਬ ਨੂੰ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ ਕਿ ਉਹ ਸਪੱਸ਼ਟ ਕਰਨ ਕਿ ਕੀ ਅੰਮ੍ਰਿਤਪਾਲ ਸਿੰਘ ਖਾਲਸਾ ਉਨ੍ਹਾਂ ਦੀ ਹਿਰਾਸਤ ਵਿੱਚ ਤਾਂ ਨਹੀਂ ਜਾਂ ਫਿਰ ਉਸ ਉੱਪਰ ਕੋਈ ਐਸਾ ਤਸ਼ੱਦਦ ਤਾਂ ਨਹੀਂ ਕੀਤਾ ਜਾ ਰਿਹਾ ਕਿ ਉਸ ਦੀ ਜਾਨ ਨੂੰ ਕੋਈ ਖਤਰਾ ਹੋਵੇ। ਉਸ ਦੀ ਹਿਰਾਸਤ ਵਿੱਚ ਹੋਣ ਜਾਂ ਫ਼ਰਾਰ ਹੋ ਜਾਣ ਦੀਆਂ ਖ਼ਬਰਾਂ ਬਾਰੇ ਪੁਲਿਸ ਅਧਿਕਾਰੀਆਂ ਨੂੰ ਸਪੱਸ਼ਟ ਦਿਸ਼ਾ ਨਿਰਦੇਸ਼ ਦਿੱਤੇ ਜਾਣ ਕਿ ਜੇਕਰ ਕਿਸੇ ਨੌਜਵਾਨ ਦਾ ਜਾਨੀ ਨੁਕਸਾਨ ਹੋਇਆ ਤਾਂ ਸਰਕਾਰ ਅਤੇ ਪ੍ਰਸ਼ਾਸਨ ਉਸ ਦਾ ਜ਼ਿੰਮੇਵਾਰ ਹੋਵੇਗਾ।

7:-ਜੇਕਰ ਭਾਈ ਅੰਮ੍ਰਿਤਪਾਲ ਸਿੰਘ ਪੁਲਿਸ ਹਿਰਾਸਤ ਵਿੱਚ ਨਹੀਂ ਹਨ ਤਾਂ ਉਨ੍ਹਾਂ ਦੀ ਸੁਰੱਖਿਅਤ ਅਤੇ ਬਾਇੱਜਤ ਪੰਥ ਅਤੇ ਪਰਿਵਾਰ ਵਿੱਚ ਵਾਪਸੀ ਬਾਰੇ ਕਾਨੂੰਨੀ ਅਤੇ ਪੰਥਕ ਉਪਰਾਲੇ ਕੀਤੇ ਜਾਣ ਅਤੇ ਇਸ ਬਾਰੇ ਕੋਈ ਵੱਡਾ ਪੰਥਕ ਪ੍ਰੋਗ੍ਰਾਮ ਅਕਾਲ ਤਖਤ ਸਾਹਿਬ ਵੱਲੋਂ ਦਿੱਤਾ ਜਾਵੇ।

8:-ਸੋਸ਼ਲ ਮੀਡੀਏ ਉੱਪਰ ਇੱਕ ਵਿਅੰਗ ਕਰਤਾ, ਜਿਸ ਨੂੰ ਪ੍ਰਧਾਨ ਮੰਤਰੀ ਬਾਜੇ ਕੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਉਸ ਉੱਪਰ ਇਕ ਪਾਸੇ ਸਖ਼ਤ ਕਾਨੂੰਨ ਲੱਗਾ ਕੇ ਅਸਾਮ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਹੈ ਅਤੇ ਦੂਸਰਾ ਉਸ ਬਾਰੇ ਗੋਦੀ ਮੀਡੀਆ ਪ੍ਰਚਾਰ ਕਰ ਰਿਹਾ ਹੈ ਕਿ ਖਾਲਿਸਤਾਨ ਦਾ ਆਪੇ ਬਣਿਆ ਪ੍ਰਧਾਨ ਮੰਤਰੀ ਗ੍ਰਿਫ਼ਤਾਰ ਕੀਤਾ ਗਿਆ। ਇਸ ਬਾਰੇ ਜਿਥੇ ਉਸ ਦੀ ਅਤੇ ਉਸ ਦੇ ਪਰਿਵਾਰ ਦੀ ਆਰਥਿਕ ਅਤੇ ਕਾਨੂੰਨੀ ਮਦਦ ਦੀ ਲੋੜ ਹੈ ਉੱਥੇ ਗੋਦੀ ਮੀਡੀਏ ਨੂੰ ਵੀ ਅਜਿਹੀਆਂ ਖ਼ਬਰਾਂ ਨੂੰ ਪ੍ਰਕਾਸ਼ਿਤ ਕਰਨ ਬਾਰੇ ਸਖ਼ਤ ਚਿਤਾਵਨੀ ਦਿੱਤੀ ਜਾਵੇ।

ਡਾ. ਸੁਖਪ੍ਰੀਤ ਸਿੰਘ ਉਦੋਕੇ ਵੱਲੋਂ ਦਿੱਤੇ ਸੁਝਾਅ ਨੂੰ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਤਕਰੀਬਨ ਪ੍ਰਵਾਨ ਕਰ ਲਿਆ।

## 'ਕਹੀਂ ਯੇ ਅੰਮ੍ਰਿਤਪਾਲ ਤੋ ਨਹੀਂ' ?

ਮੁੱਖ ਮਸਲੇ ਰੁਲ ਗਏ ਹਨ।

**ਪੰਜਾਬ ਸਰਕਾਰ ਲੋਕਾਂ ਦਾ ਭਰੋਸਾ ਜਿੱਤਣ ਵਿੱਚ ਅਸਫਲ ਹੋਈ** : ਪੰਜਾਬ ਦੀ ਆਪ ਸਰਕਾਰ ਅਪਰੇਸ਼ਨ ਅੰਮ੍ਰਿਤਪਾਲ ਕਰਕੇ ਆਮ ਲੋਕਾਂ ਦਾ ਭਰੋਸਾ ਜਿੱਤਣ ਵਿੱਚ ਅਸਫਲ ਹੋ ਗਈ ਹੈ। ਇਸ ਕਾਰਵਾਈ ਨਾਲ ਪੰਜਾਬੀ ਆਪ ਸਰਕਾਰ ਨਾਲ ਨਾਰਾਜ਼ ਹੋ ਗਏ ਹਨ ਅਤੇ ਵੱਡੀ ਗਿਣਤੀ ਲੋਕਾਂ ਵਿੱਚ ਪੰਜਾਬ ਸਰਕਾਰ ਸਬੰਧੀ ਬੇਭਰੋਸਗੀ ਪੈਦਾ ਹੋ ਗਈ ਹੈ, ਜੋ ਕਿ ਆਉਣ ਵਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਕਾਫੀ ਮਹਿੰਗੀ ਪੈ ਸਕਦੀ ਹੈ ਅਤੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਉਸਦੀਆਂ ਵੋਟਾਂ ਦਾ ਨੁਕਸਾਨ ਹੋ ਸਕਦਾ ਹੈ।

ਰਾਸ਼ਟਰੀ ਤੇ ਪੰਜਾਬੀ ਮੀਡੀਆ ਦਾ ਪ੍ਰਚਾਰ : ਅਪਰੇਸ਼ਨ ਅੰਮ੍ਰਿਤਪਾਲ ਨੂੰ ਬਹਾਨਾ ਬਣਾ ਕੇ ਜਿਥੇ ਰਾਸ਼ਟਰੀ ਮੀਡੀਆ ਵੱਲੋਂ ਸਿੱਖ ਵਿਰੋਧੀ ਪ੍ਰਚਾਰ ਕਈ ਢੰਗਾਂ ਨਾਲ ਕੀਤਾ ਜਾ ਰਿਹਾ ਹੈ ਅਤੇ ਹਰ ਸਿੱਖ ਨੂੰ ਸ਼ੱਕ ਨਾਲ ਵੇਖਿਆ ਜਾ ਰਿਹਾ ਹੈ। ਉਥੇ ਰਾਸ਼ਟਰੀ ਮੀਡੀਆ ਵੱਲੋਂ ਕੀਤੇ ਜਾ ਰਹੇ ਭਰਮਾਊ ਪ੍ਰਚਾਰ ਦਾ ਜਵਾਬ ਦੇਣ ਵਿੱਚ ਪੰਜਾਬੀ ਮੀਡੀਆ ਵੀ ਅਸਫਲ ਰਿਹਾ ਹੈ। ਚੇਤੇ ਰਹੇ ਇਕ ਪੱਤਰਕਾਰ ਖ਼ਿਲਾਫ ਸਰਕਾਰ ਵੱਲੋਂ ਐਫ ਆਈ ਆਰ ਦਰਜ ਕੀਤੀ ਗਈ ਸੀ ਤਾਂ ਉਹ ਪੱਤਰਕਾਰ ਹਰ ਦਿਨ ਉਸ ਐਫ ਆਈ ਆਰ ਵਿਰੁੱਧ ਲਾਈਵ ਹੋ ਕੇ ਬੈਠ ਜਾਂਦਾ ਸੀ ਪਰ ਹੁਣ ਜਦੋਂ ਪੰਜਾਬ ਵਿੱਚ ਸੈਂਕੜੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ ਅਤੇ ਹਜ਼ਾਰਾਂ ਸਿੱਖ ਨੌਜਵਾਨਾਂ ਖਿਲਾਫ ਐਫ ਆਈ ਆਰ ਦਰਜ ਕੀਤੀਆਂ ਗਈਆਂ ਹਨ ਤਾਂ ਉਸ ਪੱਤਰਕਾਰ ਸਮੇਤ ਹੋਰ ਪੱਤਰਕਾਰ ਚੁੱਪ ਕਰਕੇ ਬੈਠ ਗਏ ਹਨ। ਹੁਣ ਇਹਨਾਂ ਬੇਕਸੂਰ ਸਿੱਖ ਨੌਜਵਾਨਾਂ ਦੇ ਪੱਖ ਵਿੱਚ ਨਾ ਤਾਂ ਕੋਈ ਪੱਤਰਕਾਰ ਬੋਲ ਰਿਹਾ ਹੈ ਅਤੇ ਨਾ ਹੀ ਕੋਈ ਚੈਨਲ। ਜਿਸ ਕਰਕੇ ਇਹ ਸਿੱਖ ਨੌਜਵਾਨ ਅਤੇ ਉਹਨਾਂ ਦੇ ਮਾਪੇ ਆਪਣੇ ਆਪ ਨੂੰ ਪੰਜਾਬ ਵਿੱਚ ਹੀ ਇਕਲੇ ਅਤੇ ਬੇਗਾਨੇ ਮਹਿਸੂਸ ਕਰ ਰਹੇ ਹਨ।

***

## ਸੈਕਰਾਮੈਂਟੋ, ਕੈਲੀਫੋਰਨੀਆ ਵਿੱਚ ਸਜਾਏ ਗਏ ਨਗਰ ਕੀਰਤਨ

ਵੀ ਅਸਲਾ ਬਰਾਮਦ ਹੋ ਚੁੱਕਾ ਹੈ ਤੇ ਉਸਦੇ ਪਹਿਲਾਂ ਹੀ ਲੱਤ ਵਿੱਚ ਕੜਾ ਪਾਇਆ ਹੋਇਆ ਸੀ ਭਾਵ ਉਹ ਪਹਿਲਾਂ ਹੀ ਆਪਣਾ ਏਰੀਆ ਛੱਡ ਕੇ ਦੂਜੀ ਜਗ੍ਹਾ ਨਹੀਂ ਜਾ ਸਕਦਾ ਸੀ ਪਰ ਪਤਾ ਲੱਗਾ ਉਹ ਝਗੜੇ ਤੋਂ ਸਿਰਫ 10 ਮਿੰਟ ਪਹਿਲਾਂ ਹੀ ਗੁਰਦੁਆਰਾ ਸਾਹਿਬ ਵਿੱਚ ਆਇਆ ਸੀ। ਜਾਣਕਾਰੀ ਅਨੁਸਾਰ ਦੋਨੋਂ ਧਿਰਾਂ ਦੀ ਆਪਸ ਵਿੱਚ ਬਹਿਸ ਹੋਈ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਆਪਣੀਆਂ ਗੱਡੀਆਂ ਵਿਚੋਂ ਗੰਨਾਂ ਲਿਆਦੀਆਂ। ਮਿਲੇ ਸਬੂਤਾਂ ਤੋਂ ਇਸ ਮੌਕੇ ਚਾਰ ਗੋਲੀਆਂ ਦੇ ਖੋਲ ਮਿਲੇ ਜੋ ਫ਼ਰੰਜੀਵਲ (fmj) ਦੇ ਫਾਇਰ ਸਨ। ਇਹ ਵੀ ਜਣਕਾਰੀ ਮਿਲੀ ਹੈ ਜਿਨ੍ਹਾਂ ਨੇ ਉਥੇ ਗੋਲਾਬਾਰੀ ਕੀਤੀ ਉਹਨਾਂ ਵਿਚੋਂ ਦੋ ਤੋਂ ਵੱਧ ਮੁਜ਼ਰਮ ਫਰਾਰ ਹਨ ਭਾਵੇਂ ਕਿ ਪੁਲਿਸ ਨੇ ਸ਼ੱਕੀ ਮੁੰਡੀਆਂ ਨੂੰ ਫੜ ਲਿਆ ਸੀ। ਉਹਨਾਂ ਵਿਚੋਂ ਇਕ ਲੜਕਾ (ਨਾਮ ਨਸ਼ਰ ਨਹੀਂ ਕਰ ਰਹੇ) ਜੋ ਮਹਿਜ਼ 15 ਸਾਲ ਦਾ ਹੈ, ਫੜਿਆ ਗਿਆ। ਉਸ ਤੋਂ ਇਲਾਵਾ ਚਾਰ ਹੋਰ ਲੜਕਿਆਂ ਨੂੰ ਫੜਿਆ ਤੇ ਤਫ਼ਤੀਸ਼ ਕਰਨ ਤੋਂ ਬਾਅਦ ਛੱਡ ਦਿੱਤਾ। ਘਟਨਾ ਵਾਲੀ ਥਾਂ ਉਤੇ ਕਾਫ਼ੀ ਖ਼ੂਨ ਡੁਲਿਆ ਹੋਇਆ ਸੀ ਅਤੇ ਬਹੁਤ ਸਾਰਾ ਸਮਾਨ ਤੇ ਜੁੱਤੀਆਂ ਖਿੱਲਰੀਆਂ ਪਈਆਂ ਸਨ। ਜੋ ਕਿ ਪੁਲਿਸ ਤਫਤੀਸ਼ ਤੋਂ ਬਾਅਦ ਪ੍ਰਬੰਧਕਾਂ ਵੱਲੋਂ ਸਾਫ਼ ਕੀਤਾ ਗਿਆ। ਇਸ ਘਟਨਾ ਦੀ ਸੋਸ਼ਲ ਮੀਡੀਆ ਉਤੇ ਵਿਸ਼ਵ ਵਿਆਪੀ ਨਿੰਦਾ ਕੀਤੀ ਗਈ ਹੈ ਕਿਉਂਕਿ ਕੁਝ ਕੁ ਸ਼ਰਾਰਤੀ ਅਨਸਰ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਪੂਰੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਦੇ ਹਨ। ਸਥਾਨਕ ਅੰਗਰੇਜ਼ੀ ਮੀਡੀਆ ਨੇ ਵੀ ਇਸ ਘਟਨਾ ਨੂੰ ਨਗਰ ਕੀਰਤਨ ਤੋਂ ਅਲੱਗ ਦਸਿਆ। ਇਸ ਘਟਨਾ ਤੋਂ ਬਾਅਦ ਪੁਲਿਸ ਵੱਲੋਂ ਗੁਰਦੁਆਰਾ ਸਾਹਿਬ ਦੀ ਹਦੂਦ ਨੂੰ ਕੁਝ ਘੰਟਿਆਂ ਲਈ ਬੰਦ ਕਰ ਦਿੱਤਾ ਗਿਆ ਤੇ ਪੁਲਿਸ ਵੱਲੋਂ ਸੰਗਤ ਨੂੰ ਹੈਲੀਕਾਪਟਰ ਤੋਂ ਅਨਾਊਂਸ ਕਰ ਕੇ ਘਰੇ ਜਾਣ ਲਈ ਕਿਹਾ ਪਰ ਕੁਝ ਸਮੇਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਦੇਹ ਨੂੰ ਮੁੜ ਗੁਰੂ ਘਰ ਲਿਆਉਣ ਦੀ ਇਜਾਜ਼ਤ ਦੇ ਦਿੱਤੀ ਗਈ। ਬਿਨਾਂ ਸ਼ੱਕ ਇਸ ਘਟਨਾ ਤੋਂ ਬਾਅਦ ਸਾਰੀ ਸੰਗਤ ਅਤੇ ਪ੍ਰਬੰਧਕਾਂ ਦੀਆਂ ਅੱਖਾਂ ਵਿੱਚੋਂ ਹੰਝੂ ਵਗਦੇ ਦੇਖੇ ਗਏ ਜਿਨ੍ਹਾਂ ਨੇ ਹਰ ਦੇਖਣ ਵਾਲੇ ਦੇ ਸੀਨੇ ਨੂੰ ਪਸੀਜ ਕੇ ਰੱਖ ਦਿੱਤਾ।

## ***ਆਰਥਿਕ ਮੰਦੀ ਨੇ ਤਬਾਹ ਕੀਤਾ ਪਾਕਿਸਤਾਨ

ਜਨਤਾ ਨੂੰ ਜਵਾਬ ਵੀ ਨਹੀਂ ਦੇਣਾ ਪਵੇਗਾ, ਪਰ ਜਦੋਂ ਪਾਕਿਸਤਾਨ ਅਮਰੀਕਾ ਦੀ ਆੜ ਵਿੱਚ ਆਪਣਾ ਫਾਇਦਾ ਵੇਖਣ ਲਗਿਆ ਤਾਂ ਅਮਰੀਕਾ ਲਈ ਖਤਰਾ ਬਣ ਗਿਆ। ਜਦੋਂ ਟਰੰਪ ਨੇ ਪੈਸਾ ਦੇਣ ਤੋਂ ਹੱਥ ਪਿੱਛੇ ਖਿਚਿਆ ਤਾਂ ਚੀਨ ਨੂੰ ਸਮਾਂ ਲਗਿਆ ਅਤੇ ਉਸਨੇ ਪਾਕਿਸਤਾਨ ਵਿੱਚ ਐਂਟਰੀ ਮਾਰ ਦਿਤੀ। ਚੀਨ ਨੇ ਪਾਕਿਸਤਾਨ ਨੂੰ ਕਰਜ਼ਾ ਦੇ ਕੇ ਮਦਦ ਦੇਣੀ ਆਰੰਭ ਕਰ ਦਿਤੀ, ਕਿਉਂਕਿ ਹੁਣ ਅਮਰੀਕਾ ਤੋਂ ਆਉਣ ਵਾਲੀ ਮਦਦ ਅਤੇ ਕਰਜ਼ਾ ਪਾਕਿਸਤਾਨ ਦੀ ਜੀਡੀਪੀ ਦਾ ਹਿਸਾ ਬਣ ਗਏ ਸਨ ਤਾਂ ਪਾਕਿਸਤਾਨ ਨੇ ਵੀ ਚੀਨ ਨਾਲ ਜੁੜਨਾਂ ਠੀਕ ਸਮਝਿਆ ਤਾਂ ਕਿ ਉਹਨਾਂ ਦੀ ਜੀਡੀਪੀ ਨੂੰ ਨੁਕਸਾਨ ਨਾ ਹੋ ਸਕੇ। ਚੀਨ ਪਾਕਿਸਤਾਨ ਦੇ ਨਾਲ ਤਾਂ ਜੁੜਿਆ ਤਾਂ ਜੋ ਉਹ ਭਾਰਤ ਵਿਰੁੱਧ ਪਾਕਿਸਤਾਨ ਨੂੰ ਵਰਤ ਸਕੇ। ਭਾਰਤ ਅਤੇ ਪਾਕਿਸਤਾਨ ਜੇ ਉਲਝੇ ਰਹਿਣਗੇ ਤਾਂ ਚੀਨ ਲਈ ਵਧੀਆ ਗਲ ਹੋਵੇਗੀ। ਚੀਨ ਦੀ ਖਾਸ ਗਲ ਇਹ ਹੈ ਕਿ ਉਹ ਜਿਸ ਦੇਸ਼ ਨੂੰ ਵੀ ਕਰਜ਼ਾ ਦਿੰਦਾ ਹੈ ਤਾਂ ਜਿਸ ਕੰਮ ਲਈ ਦਿੰਦਾ ਹੈ ਤਾਂ ਉਸ ਉਪਰ ਉਹ ਕਬਜ਼ਾ ਕਰ ਲੈਂਦਾ ਹੈ। ਜਿਵੇਂ ਪਰਮਾਣੂ ਅਤੇ ਬਿਜਲੀ ਪਲਾਂਟ ਲਈ ਕਰਜ਼ਾ ਦਿਤਾ ਹੈ ਤੇ ਉਸ ਉਪਰ ਇਕ ਤਰਾਂ ਆਪਣਾ ਕਬਜ਼ਾ ਕਰ ਲਿਆ ਹੈ। ਜੇ ਪਾਕਿਸਤਾਨ ਨੇ ਕਰਜ਼ਾ ਨਾ ਮੋੜਿਆ ਤਾਂ ਚੀਨ ਮਾਲਕ ਬਣ ਜਾਵੇਗਾ। ਚੀਨ ਜਿਸ ਥਾਂ ਲਈ ਕਰਜ਼ਾ ਦਿੰਦਾ ਹੈ ਤਾਂ ਉਸ 'ਤੇ ਮਾਲਕੀ ਵੀ ਕਰਨ ਦਾ ਯਤਨ ਕਰਦਾ ਹੈ, ਇਹ ਇੱਕ ਤਰਾਂ ਟਰੈਪ ਹੁੰਦਾ ਹੈ। ਸ੍ਰੀਲੰਕਾ ਦੇ ਨਾਲ ਵੀ ਚੀਨ ਨੇ ਕੁੱਝ ਇਸੇ ਤਰਾਂ ਕੀਤਾ ਸੀ। ਸ੍ਰੀਲੰਕਾ ਨੂੰ ਚੀਨ ਨੇ ਇੱਕ ਬੰਦਰਗਾਹ ਬਣਾਉਣ ਲਈ ਕਰਜ਼ਾ ਦਿਤਾ, ਕਰਜ਼ਾ ਵਾਪਸ ਨਾ ਮਿਲਣ 'ਤੇ ਬੰਦਰਗਾਹ 'ਤੇ ਕਬਜਾ ਕਰ ਲਿਆ।

ਇਸ ਗਲ ਦਾ ਪਤਾ ਤਾਂ ਪਾਕਿਸਤਾਨ ਨੂੰ ਵੀ ਹੈ ਪਰ ਕਰਜ਼ਾ ਲੈਣਾ ਉਸਦੀ ਮਜ਼ਬੂਰੀ ਬਣ ਗਿਆ ਹੈ, ਕਿਉਂਕਿ ਪਾਕਿਸਤਾਨ ਨੇ ਕੋਈ ਹੋਰ ਸੈਕਟਰ ਮਜ਼ਬੂਤ ਨਹੀਂ ਕੀਤਾ, ਜਿਸ ਨਾਲ ਉਹਨਾਂ ਦੀ ਜੀਡੀਪੀ ਮਜ਼ਬੂਤ ਹੋ ਸਕੇ। ਜਿਵੇਂ ਦੁਬਈ ਦੀ ਜੀਡੀਪੀ ਤੇਲ 'ਤੇ ਨਿਰਭਰ ਹੈ ਪਰ ਉਹਨਾਂ ਨੂੰ ਪਤਾ ਹੈ ਕਿ ਇਕ ਦਿਨ ਇਹ ਖਤਮ ਹੋਵੇਗਾ ਤਾਂ ਉਹਨਾਂ ਨੇ ਆਪਣੇ ਦੇਸ਼ ਨੂੰ ਬਹੁਤ ਵਡੀ ਟੂਰਿਸਟ ਕੰਟਰੀ ਬਣਾ ਲਿਆ। ਭਵਿੱਖ ਦੇ ਲਈ ਉਹਨਾਂ ਦੀ ਪੂਰੀ ਤਿਆਰੀ ਹੈ।

ਕੁਦਰਤੀ ਆਫਤਾਂ : ਪਾਕਿਸਤਾਨ ਦਾ ਮੰਦੀ ਦੀ ਹਾਲਤ ਵਿੱਚ ਆਉਣ ਦੇ ਪਿੱਛੇ ਪਿਛਲੇ ਸਾਲ ਹੜ੍ਹਾਂ ਦਾ ਵੱਡਾ ਕਾਰਨ ਵੀ ਸੀ। ਪਾਕਿਸਤਾਨ ਵਿੱਚ ਉਸ ਸਮੇਂ 30 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਸੀ। ਪਾਕਿਸਤਾਨ ਦੀ ਕੁੱਲ ਜ਼ਮੀਨ ਦਾ ਤੀਜਾ ਹਿੱਸਾ ਹੜ੍ਹਾਂ ਦੀ ਲਪੇਟ ਵਿੱਚ ਆਇਆ ਸੀ।

ਕਰਜ਼ੇ ਕਾਰਨ ਸਮੱਸਿਆ: ਪਾਕਿਸਤਾਨ ਨੂੰ ਆਈ ਐਮ ਐਫ ਤੋਂ 13 ਵਾਰ ਕਰਜ਼ਾ ਲਿਆ ਪਰ ਇਕ ਵਾਰ ਵੀ ਵਾਪਸ ਨਹੀਂ ਕੀਤਾ। ਆਈ ਐਮ ਐਫ ਕਿਸੇ ਵੀ ਦੇਸ਼ ਨੂੰ ਮੁਸੀਬਤ ਸਮੇਂ ਕਰਜ਼ਾ ਦਿੰਦੀ ਹੈ ਅਤੇ ਪਾਕਿਸਤਾਨ ਆਈ ਐਮ ਐਫ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰ ਸਕਿਆ, ਜਿਸ ਕਰਕੇ ਆਈ ਐਮ ਐਫ ਨੇ ਹੁਣ 1.1 ਬਿਲੀਅਨ ਡਾਲਰ ਦੀ ਰਕਮ ਕੁਝ ਸਾਲ ਲਈ ਰੋਕ ਦਿਤੀ ਹੈ।

ਇਕ ਰਿਪੋਰਟ ਦੇ ਮੁਤਾਬਕ ਪਾਕਿਸਤਾਨ 'ਤੇ 3.1 ਬਿਲੀਅਨ ਡਾਲਰ ਹੀ ਕਰਜ਼ਾ ਰਹਿ ਗਿਆ ਹੈ, ਉਸ ਨਾਲ ਉਹ ਜੁਲਾਈ 2023 ਤਕ ਹੀ ਕੰਮ ਚਲਾ ਸਕੇਗਾ। ਉਧਰ ਆਈ ਐਮ ਐਫ ਨੇ ਕਰਜ਼ੇ 'ਤੇ ਵਿਚਾਰ ਚਰਚਾ 2024 ਵਿੱਚ ਕਰਨ ਲਈ ਕਹਿ ਦਿਤਾ ਹੈ। ਸੋ ਇਹ ਸਮਾਂ ਪਾਕਿਸਤਾਨ ਲਈ ਕਾਫੀ ਔਖਾ ਹੋਵੇਗਾ। ਜਦੋਂ ਆਈ ਐਮ ਐਫ ਅਤੇ ਵਰਲਡ ਬੈਂਕ ਦੇ ਕੁਝ ਨਿਯਮ ਤੇ ਸ਼ਰਤਾਂ ਪੂਰੀਆਂ ਨਾ ਹੋਈਆਂ ਤਾਂ ਪਾਕਿਸਤਾਨ ਨੇ ਚੀਨ ਵਰਗੇ ਦੇਸ਼ ਤੋਂ ਕਰਜ਼ਾ ਲਿਆ, ਜੋ ਕਿ ਉਸਦੀ ਬਰਬਾਦੀ ਦਾ ਕਾਰਨ ਬਣਿਆ। ਇਸਦਾ ਅਸਰ ਭਾਰਤ 'ਤੇ ਵੀ ਪਵੇਗਾ ਕਿਉਂਕਿ ਪਾਕਿਸਤਾਨ ਭਾਰਤ ਦੇ ਗੁਆਂਢ ਵਿੱਚ ਹੈ। ਭਾਵੇਂ ਕਿ ਪਾਕਿਸਤਾਨ ਨਾਲ ਭਾਰਤ ਦਾ ਦਰਾਮਦ ਤੇ ਬਰਾਮਦ ਵਪਾਰ ਨਹੀਂ ਹੁੰਦਾ, ਅਸਲ ਵਿੱਚ ਜਦੋਂ ਵੀ ਦੋਵਾਂ ਦੇਸ਼ਾਂ ਦਾ ਮਾਹੌਲ ਸੁਖਾਵਾਂ ਹੁੰਦਾ ਹੈ ਤਾਂ ਅੱਤਵਾਦ ਹਮਲੇ ਵਰਗੀਆਂ ਘਟਨਾਂਵਾਂ ਵਾਪਰ ਜਾਂਦੀਆਂ ਹਨ।

2008 ਵਿੱਚ ਜਦੋਂ ਪਾਕਿਸਤਾਨ ਦਾ ਵਿਦੇਸ਼ ਮੰਤਰੀ ਦਿੱਲੀ ਆਇਆ ਤਾਂ ਮੁੰਬਈ ਹਮਲਾ ਹੋ ਗਿਆ ਸੀ। 2016 ਵਿੱਚ ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਪਾਕਿਸਤਾਨ ਗਿਆ ਤਾਂ ਪਠਾਨਕੋਟ ਵਿੱਚ ਹਮਲਾ ਹੋਇਆ। 1999 ਵਿੱਚ ਜਦੋਂ ਕਿਸੇ ਸੰਧੀ ਨੂੰ ਸਹੀਬੱਧ ਕਰਨ ਲਈ ਵਾਜਪਾਈ ਅਤੇ ਨਵਾਬ ਸ਼ਰੀਫ ਮਿਲੇ ਸਨ ਤਾਂ ਕਾਰਗਿਲ ਦਾ ਹਮਲਾ ਹੋ ਗਿਆ ਸੀ। ਜ਼ਰੂਰੀ ਨਹੀਂ ਕਿ ਇਸ ਲਈ ਪਾਕਿਸਤਾਨ ਜਿੰਮੇਵਾਰ ਹੋਵੇ। ਹੋ ਸਕਦਾ ਹੈ ਕਿ ਕੋਈ ਹੋਰ ਤਾਕਤ ਅਜਿਹਾ ਨਹੀਂ ਚਾਹੁੰਦੀ ਹੋਵੇ।

***

## ਵਰਲਡ ਬੈਂਕ ਦਾ ਯੋਗਦਾਨ

ਇਲਾਵਾ ਆਈਵੀ ਆਰਡੀ ਪੂਰੀ ਦੁਨੀਆਂ ਦੇ ਸ਼ੇਅਰ ਬਾਜ਼ਾਰਾਂ ਵਿੱਚ ਨਿਵੇਸ਼ ਕਰਦਾ ਹੈ ਅਤੇ ਵਰਲਡ ਬੈਂਕ ਨੂੰ ਪੈਸਾ ਦਿੰਦਾ ਹੈ। ਇਸ ਦਾ ਮੁੱਖ ਦਫਤਰ ਅਮਰੀਕਾ ਵਿੱਚ ਹੈ। ਇੱਕਲਾ ਪਾਕਿਸਤਾਨ ਹੀ ਵਰਲਡ ਬੈਂਕ ਦਾ ਕਰਜ਼ਾਈ ਨਹੀਂ ਹੈ, ਸਗੋਂ ਇਕ ਰਿਪੋਰਟ ਦੇ ਮੁਤਾਬਿਕ ਭਾਰਤ ਦੇ ਸਿਰ 155 ਲੱਖ ਕਰੋੜ ਕਰਜ਼ਾ ਹੈ। ਹਿਸਾਬ ਲਗਾਈਏ ਤਾਂ ਹਰ ਭਾਰਤੀ ਦੇ ਸਿਰ 98,776 ਰੁਪਏ ਕਰਜ਼ਾ ਬਣਦਾ ਹੈ। ਚੀਨ ਤੇ 13 ਹਜਾਰ ਬਿਲੀਅਨ ਡਾਲਰ ਦਾ ਕਰਜਾ ਹੈ। ਹੁਣ ਸਿੱਖ ਸਰਦਾਰ ਅਜੈ ਬੰਗਾ ਦਾ ਨਾਮ ਵਰਲਡ ਬੈਂਕ ਦੇ ਨਵੇਂ ਪ੍ਰਧਾਨ ਵਜੋਂ ਆ ਰਿਹਾ ਹੈ। ਪਾਕਿਸਤਾਨ ਨੇ ਅਗਲੇ ਇਕ ਸਾਲ ਵਿੱਚ 22 ਬਿਲੀਅਨ ਡਾਲਰ ਦਾ ਕਰਜ਼ਾ ਉਤਾਰਨਾ ਹੈ ਅਤੇ ਇਹਨਾਂ ਵਿਚੋਂ 3.95 ਬਿਲੀਅਨ ਡਾਲਰ ਅਗਲੇ ਇਕ ਮਹੀਨੇ ਵਿੱਚ ਉਤਾਰਨਾ ਹੈ ਤਾਂ ਹੀ ਉਹਨਾਂ ਨੂੰ ਭਵਿੱਖ ਵਿੱਚ ਦਰਾਮਦ ਕੀਤੀਆਂ ਚੀਜ਼ਾਂ ਮਿਲਣਗੀਆਂ।

***

## ਮੋਦੀ ਸਰਕਾਰ ਨੇ ਹਾਲੇ ਤੱਕ ਨਾ ਦਿਖਾਈ

(1930) ਅਖ਼ਬਾਰ ਦੀ ਉਹ ਕਾਪੀ ਵੀ ਮੌਜੂਦ ਹੈ, ਜਿਸ ਵਿੱਚ ਬਰਤਾਨਵੀ ਸਰਕਾਰ ਵਿਰੁੱਧ ਵਿਦਰੋਹ ਲਈ ਭਗਤ ਸਿੰਘ ਦੇ ਯਤਨਾਂ ਦੀ ਹਮਾਇਤ ਕੀਤੀ ਗਈ ਸੀ।

ਫ਼ੈਸਲਾਬਾਦ ਦੇ ਪਿੰਡ ਬੰਗਾ ਦੇ ਬਦਲੇ ਨਾਂਅ ਭਗਤਪੁਰਾ ਨੂੰ ਅਜੇ ਤਕ ਸਰਕਾਰੀ ਮਾਨਤਾ ਨਹੀਂ ਮਿਲੀ

ਪਾਕਿਸਤਾਨ ਦੇ ਜ਼ਿਲ੍ਹਾ ਫ਼ੈਸਲਾਬਾਦ ਦੇ ਪਿੰਡ ਬੰਗਾ ਦੇ ਬਦਲੇ ਨਾਂਅ ਭਗਤਪੁਰਾ ਨੂੰ ਅਜੇ ਤਕ ਸਰਕਾਰੀ ਮਾਨਤਾ ਨਹੀਂ ਦਿੱਤੀ ਗਈ ਹੈ ਅਤੇ ਸ਼ਹੀਦ ਭਗਤ ਸਿੰਘ ਦੇ ਸਰਹੱਦ ਪਾਰ ਰਹਿੰਦੇ ਪ੍ਰਸ਼ੰਸਕ ਉਕਤ ਪਿੰਡ ਦਾ ਨਾਂਅ ਸ਼ਹੀਦ ਦੇ ਨਾਂਅ 'ਤੇ ਰੱਖਣ ਲਈ ਲੰਬੇ ਸਮੇਂ ਤੋਂ ਜੱਦੋ-ਜ਼ਹਿਦ ਕਰ ਰਹੇ ਹਨ। ਜਾਣਕਾਰੀ ਅਨੁਸਾਰ ਪਿੰਡ ਬੰਗਾ ਦੇ ਚੱਕ ਨੰਬਰ 105 ਜੀ. ਬੀ. ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਹੋਇਆ ਅਤੇ ਇਸੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਉਨ੍ਹਾਂ ਆਪਣੀ ਸ਼ੁਰੂਆਤੀ ਪੜ੍ਹਾਈ ਦੀ ਸ਼ੁਰੂਆਤ ਕੀਤੀ ਸੀ। ਦੱਸਿਆ ਜਾ ਰਿਹਾ ਹੈ ਕਿ ਸਰਬਸੰਮਤੀ ਨਾਲ ਪਿੰਡ ਬੰਗਾ ਦਾ ਨਾਂਅ ਬਦਲ ਕੇ ਭਗਤਪੁਰਾ ਅਤੇ ਪਿੰਡ ਦੇ ਚੌਕ ਦਾ ਨਾਂ ਚੌਕ ਭਗਤ ਸਿੰਘ ਵਾਲਾ ਰੱਖਿਆ ਗਿਆ ਹੈ, ਪਰ ਇਨ੍ਹਾਂ ਨਾਵਾਂ ਨੂੰ ਅਜੇ ਤਕ ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ ਮਾਨਤਾ ਨਹੀਂ ਦਿੱਤੀ ਗਈ ਹੈ। ਹਾਲਾਂਕਿ, ਪਿੰਡ ਨੂੰ ਆਉਂਦੀ ਮੁੱਖ ਸੜਕ 'ਤੇ ਗੁਰਮੁਖੀ, ਸ਼ਾਹਮੁਖੀ ਅਤੇ ਅੰਗਰੇਜ਼ੀ ਵਿੱਚ ਪਿੰਡ ਵਿਚਲੀ ਸ਼ਹੀਦ ਭਗਤ ਸਿੰਘ ਦੀ ਜੱਦੀ ਹਵੇਲੀ ਬਾਰੇ ਸੂਚਿਤ ਕਰਨ ਲਈ ਇਤਿਹਾਸਕ ਹਵੇਲੀ ਸਰਦਾਰ ਭਗਤ ਸਿੰਘ ਲਿਖ ਕੇ ਜ਼ਰੂਰ ਲਗਾ ਦਿੱਤਾ ਗਿਆ ਹੈ।

***

## ਮੈਕਸੀਕੋ-ਅਮਰੀਕਾ ਸਰਹੱਦ ਨੇੜੇ ਪ੍ਰਵਾਸੀ ਨਜ਼ਰਬੰਦੀ ਕੇਂਦਰ

ਗੁਆਟੇਮਾਲਾ ਦੇ ਪ੍ਰਵਾਸ ਸੰਸਥਾਨ ਨੇ ਪੁਸ਼ਟੀ ਕੀਤੀ ਕਿ ਮਰਨ ਵਾਲਿਆਂ ਵਿੱਚ ਘੱਟੋ ਘੱਟ 28 ਗੁਆਟੇਮਾਲਾ ਦੇ ਨਾਗਰਿਕ ਸਨ।

ਮੈਕਸੀਕੋ ਦੇ ਰਾਸ਼ਟਰਪਤੀ ਆਂਡਰੇਸ ਮੈਨੂਅਲ ਲੋਪੇਜ਼ ਓਬਰਾਡੋਰ ਨੇ ਕਿਹਾ ਕਿ ਕੇਂਦਰ ਵਿੱਚ ਨਜ਼ਰਬੰਦ ਕੀਤੇ ਗਏ ਵਿਅਕਤੀ ਅਧਿਕਾਰੀਆਂ 'ਤੇ ਨਾਰਾਜ਼ ਸਨ, ਅਤੇ ਉਨ੍ਹਾਂ ਦੇ ਦੇਸ਼ ਨਿਕਾਲੇ ਵਿਰੁੱਧ ਪ੍ਰਦਰਸ਼ਨ ਕਰ ਰਹੇ ਸਨ।

ਲੋਪੇਜ਼ ਓਬਰਾਡੋਰ ਨੇ ਕਿਹਾ ਕਿ ਅਸੀਂ ਹੁਣ ਤੱਕ ਜੋ ਜਾਣਦੇ ਹਾਂ ਉਹ ਇਹ ਹੈ ਕਿ ਮੱਧ ਅਮਰੀਕਾ ਅਤੇ ਵੈਨੇਜ਼ੁਏਲਾ ਦੇ ਕੁਝ ਪ੍ਰਵਾਸੀ ਉਸ ਪਨਾਹਗਾਹ ਵਿੱਚ ਸਨ। ਸਾਨੂੰ ਅਜੇ ਵੀ ਉਨ੍ਹਾਂ ਲੋਕਾਂ ਦੇ ਨਾਮ ਅਤੇ ਕੌਮੀਅਤਾਂ ਦਾ ਸਹੀ ਪਤਾ ਨਹੀਂ ਹੈ ਜਿਨ੍ਹਾਂ ਨੇ ਬਦਕਿਸਮਤੀ ਨਾਲ ਆਪਣੀਆਂ ਜਾਨਾਂ ਗੁਆ ਦਿੱਤੀਆਂ।

ਤ੍ਰਾਸਦੀ ਦੇ ਸਥਾਨ 'ਤੇ ਰਿਕਾਰਡ ਕੀਤੇ ਗਏ ਵੀਡੀਓ ਵਿਚ ਦਿਖਾਇਆ ਗਿਆ ਹੈ ਕਿ ਪਹਿਲੇ ਜਵਾਬ ਦੇਣ ਵਾਲੇ ਬਚੇ ਲੋਕਾਂ ਦੀ ਮਦਦ ਕਰਦੇ ਹਨ, ਉਨ੍ਹਾਂ ਨੂੰ ਸਟਰੈਚਰ 'ਤੇ ਅਤੇ ਐਂਬੂਲੈਂਸਾਂ ਵਿਚ ਰੱਖਣ ਤੋਂ ਪਹਿਲਾਂ ਉਨ੍ਹਾਂ ਨੂੰ ਚਾਂਦੀ, ਥਰਮਲ ਕੰਬਲਾਂ ਵਿਚ ਲਪੇਟਦੇ ਹਨ।

ਅੱਗ ਬੁਝਾਊ ਅਮਲੇ ਨੇ ਇਮਾਰਤ ਵਿੱਚੋਂ ਬੇਜਾਨ ਲਾਸ਼ਾਂ ਨੂੰ ਬਾਹਰ ਕੱਢਿਆ। ਕੁਝ ਪੀੜਤਾਂ ਦੀਆਂ ਲਾਸ਼ਾਂ ਨੂੰ ਕਾਲੇ ਸੂਟ ਨਾਲ ਢੱਕਿਆ ਹੋਇਆ ਸੀ ਤੇ ਇਕ ਕਤਾਰ ਵਿੱਚ ਇੱਕ ਦੂਜੇ ਦੇ ਕੋਲ ਰੱਖਿਆ ਗਿਆ ਸੀ। ਸਿਉਦਾਦ ਜੁਆਰੇਜ਼ ਦੇ ਸੰਘੀ ਡਿਪਟੀ, ਐਂਡਰੀਆ ਸ਼ਾਵੇਜ਼ ਨੇ ਪ੍ਰਵਾਸੀਆਂ ਦੇ ਪਰਿਵਾਰਾਂ ਨਾਲ ਆਪਣੀ ਸੰਵੇਦਨਾ ਸਾਂਝੀ ਕੀਤੀ ਅਤੇ ਕਿਹਾ ਕਿ ਮੈਕਸੀਕਨ ਅਧਿਕਾਰੀਆਂ ਨੇ ਇਹ ਪਤਾ ਲਗਾਉਣ ਲਈ ਜਾਂਚ ਸ਼ੁਰੂ ਕੀਤੀ ਹੈ ਕਿ ਦੁਖਾਂਤ ਲਈ ਕੌਣ ਜ਼ਿੰਮੇਵਾਰ ਸੀ। ਉਸਨੇ ਟਵਿੱਟਰ 'ਤੇ ਕਿਹਾ ਕਿ ਇਹ ਡੂੰਘੇ ਉਦਾਸੀ ਅਤੇ ਸੋਗ ਦੇ ਨਾਲ ਹੈ ਕਿ ਸਾਨੂੰ ਸਿਉਦਾਦ ਜੁਆਰੇਜ਼ ਵਿੱਚ ਆਈਐਨਐਮ ਦੇ ਅੰਦਰ ਅੱਗ ਲੱਗਣ ਬਾਰੇ ਪਤਾ ਲੱਗਿਆ ਹੈ।

ਅੱਗ ਦੀ ਚਸ਼ਮਦੀਦ ਗਵਾਹ, ਇੱਕ ਵੈਨੇਜ਼ੁਏਲਾ ਔਰਤ ਜਿਸਦਾ ਪਤੀ ਇਮਾਰਤ ਦੇ ਅੰਦਰ ਫਸਿਆ ਹੋਇਆ ਸੀ ਅਤੇ ਅੱਗ ਵਿੱਚ ਜ਼ਖਮੀ ਹੋ ਗਿਆ ਸੀ, ਨੇ ਰਾਇਟਰਜ਼ ਨਿਊਜ਼ ਏਜੰਸੀ ਨਾਲ ਨਮ ਅੱਖਾਂ ਨਾਲ ਗੱਲ ਕਰਦਿਆਂ ਮੈਕਸੀਕਨ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਅਤੇ ਦਾਅਵਾ ਕੀਤਾ ਕਿ ਨਜ਼ਰਬੰਦੀ ਕੇਂਦਰ ਦੇ ਦਰਵਾਜ਼ੇ ਨਹੀਂ ਖੋਲ੍ਹੇ ਗਏ ਸਨ।31-ਸਾਲ ਵੈਨੇਜ਼ੁਏਲਾ ਦੇ ਨਾਗਰਿਕ ਵਿਆਂਗਲੀ ਇਨਫੈਂਟੇ ਨੇ ਦੱਸਿਆ ਕਿ ਰਾਤ 10 ਵਜੇ, ਸਾਨੂੰ ਹਰ ਪਾਸੇ ਤੋਂ ਧੂੰਆਂ ਉੱਠਦਾ ਦਿਖਾਈ ਦੇਣ ਲੱਗਾ ਤੇ ਹਰ ਕੋਈ ਭੱਜ ਰਿਹਾ ਸੀ ਪਰ ਉਨ੍ਹਾਂ ਨੇ ਬੰਦਿਆਂ ਨੂੰ ਅੰਦਰ ਛੱਡ ਦਿੱਤਾ। ਅੱਗ ਵਾਲੇ ਇਲਾਕੇ ਵਿੱਚੋਂ ਲੋਕਾਂ ਨੂੰ ਹਟਾ ਦਿੱਤਾ ਗਿਆ, ਪਰ ਉਨ੍ਹਾਂ ਨੇ ਬੰਦਿਆਂ ਨੂੰ ਅੰਦਰ ਬੰਦ ਕਰ ਦਿੱਤਾ। ਉਨ੍ਹਾਂ ਨੇ ਕਦੇ ਦਰਵਾਜ਼ਾ ਨਹੀਂ ਖੋਲ੍ਹਿਆ।

ਉਸ ਦਾ ਪਤੀ, 27 ਸਾਲਾ ਐਡੁਆਰਡ ਕਾਰਾਬਲੋ, ਨਜ਼ਰਬੰਦੀ ਕੇਂਦਰ ਦੇ ਅੰਦਰ ਸੀ ਅਤੇ ਆਪਣੇ ਆਪ 'ਤੇ ਪਾਣੀ ਦਾ ਛਿੜਕਾਅ ਕਰਕੇ ਬਚ ਗਿਆ, ਇਨਫੈਂਟੇ ਦੇ ਅਨੁਸਾਰ, ਜਿਸ ਨੇ ਕਿਹਾ ਕਿ ਉਸਨੇ ਬਹੁਤ ਸਾਰੀਆਂ ਲਾਸ਼ਾਂ ਦੇਖੀਆਂ ਹਨ। ਉਸ ਨੂੰ ਸਾਹ ਲੈਣ ਵਿੱਚ ਤਕਲੀਫ਼ ਦੇ ਨਾਲ ਹਸਪਤਾਲ ਲਿਜਾਇਆ ਗਿਆ। ਇੱਕ ਹੋਰ ਵੈਨੇਜ਼ੁਏਲਾ ਪ੍ਰਵਾਸੀ, ਐਮਿਲਿਓ ਜੋਸ, ਜੋ ਆਪਣੀ ਪਤਨੀ ਦੀ ਭਾਲ ਕਰ ਰਿਹਾ ਸੀ ਉਸਨੇ ਕਿਹਾ ਕਿ ਉਸਨੂੰ ਉਸਦੇ ਠਿਕਾਣੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਹੈ। ਭਾਵੇਂ ਅਸੀਂ ਗੈਰ-ਕਾਨੂੰਨੀ ਜਾਂ ਗੈਰ-ਦਸਤਾਵੇਜ਼ੀ ਹਾਂ, ਅਸੀਂ ਇਨਸਾਨ ਹਾਂ ਜੋ ਮਹਿਸੂਸ ਕਰਦੇ ਹਾਂ। ਬਾਅਦ ਵਿੱਚ ਮੰਗਲਵਾਰ ਨੂੰ, ਏਜੰਸੀ ਨੇ ਕਿਹਾ ਕਿ ਅੱਗ ਵਿੱਚ ਜ਼ਖਮੀ ਹੋਏ ਪ੍ਰਵਾਸੀਆਂ ਨੂੰ ਵਿਜ਼ਿਟਰ ਕਾਰਡ ਦਿੱਤੇ ਜਾਣਗੇ, ਜੋ ਉਹਨਾਂ ਨੂੰ ਇੱਕ ਸਾਲ ਲਈ ਮੈਕਸੀਕੋ ਵਿੱਚ ਕਾਨੂੰਨੀ ਇਮੀਗ੍ਰੇਸ਼ਨ ਦਰਜਾ ਪ੍ਰਾਪਤ ਕਰਨ ਦੀ ਇਜਾਜ਼ਤ ਦੇਵੇਗਾ।

## 1985 ਤੋਂ ਫੰਡ ਤਾਂ ਵਹਿ ਰਹੇ ਹਨ

ਦੇਸ਼ ਦੇ ਕਈ ਰਾਜਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਕੁਝ ਥਾਵਾਂ 'ਤੇ 40 ਮੀਟਰ ਤੱਕ ਹੇਠਾਂ ਚਲਾ ਗਿਆ ਹੈ। ਚੇਨਈ 'ਚ ਪਾਣੀ ਦੀ ਗੰਭੀਰ ਕਮੀ ਦੇ ਮੱਦੇਨਜ਼ਰ ਦੇਸ਼ ਭਰ 'ਚ ਪਾਣੀ ਦੀ ਸਥਿਤੀ 'ਤੇ ਭਾਸਕਰ ਦੀ ਜਾਂਚ 'ਚ ਇਹ ਗੱਲਾਂ ਸਾਹਮਣੇ ਆਈਆਂ ਹਨ। ਜ਼ਿਕਰਯੋਗ ਹੈ ਕਿ ਨੀਤੀ ਆਯੋਗ ਦੀ ਤਾਜ਼ਾ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਸਾਲ 2030 ਤੱਕ ਲਗਭਗ 40 ਫੀਸਦੀ ਲੋਕਾਂ ਕੋਲ ਪੀਣ ਵਾਲਾ ਪਾਣੀ ਨਹੀਂ ਹੋਵੇਗਾ।

ਮੈਗਸੇਸੇ ਅਵਾਰਡ ਜੇਤੂ ਅਤੇ ਜਲਪੁਰਸ਼ ਵਜੋਂ ਮਸ਼ਹੂਰ ਰਾਜੇਂਦਰ ਸਿੰਘ ਨੇ ਦੱਸਿਆ ਕਿ 10 ਸਾਲ ਪਹਿਲਾਂ ਦੇਸ਼ ਭਰ ਵਿੱਚ ਲਗਭਗ 15 ਹਜ਼ਾਰ ਨਦੀਆਂ ਸਨ। ਇਸ ਦੌਰਾਨ ਕਰੀਬ 30 ਫੀਸਦੀ ਨਦੀਆਂ ਯਾਨੀ ਸਾਢੇ ਚਾਰ ਹਜ਼ਾਰ ਦੇ ਕਰੀਬ ਸੁੱਕ ਗਈਆਂ ਹਨ, ਜੋ ਬਰਸਾਤ ਦੇ ਦਿਨਾਂ ਵਿੱਚ ਹੀ ਵਗਦੀਆਂ ਹਨ। ਉਹ ਦੱਸਦਾ ਹੈ ਕਿ ਕੁਝ ਸਾਲ ਪਹਿਲਾਂ ਉਨ੍ਹਾਂ ਦੀ ਟੀਮ ਨੇ ਦੇਸ਼ ਭਰ ਵਿੱਚ ਇੱਕ ਸਰਵੇਖਣ ਕੀਤਾ ਸੀ, ਜਿਸ ਵਿੱਚ ਇਹ ਸਾਹਮਣੇ ਆਇਆ ਸੀ ਕਿ ਆਜ਼ਾਦੀ ਤੋਂ ਬਾਅਦ ਹੁਣ ਤੱਕ ਦੇਸ਼ ਵਿੱਚ ਦੋ ਤਿਹਾਈ ਤਲਾਬ, ਖੂਹ, ਝੀਲਾਂ, ਛੱਪੜ, ਝਰਨੇ ਆਦਿ ਖਤਮ ਹੋ ਚੁੱਕੇ ਹਨ। ਭਾਵ, ਉਹ ਪੂਰੀ ਤਰ੍ਹਾਂ ਸੁੱਕ ਚੁੱਕੇ ਹਨ।ਉਹ ਦੱਸਦੇ ਹਨ ਕਿ ਆਜ਼ਾਦੀ ਦੇ ਸਮੇਂ ਦੇਸ਼ ਵਿੱਚ 7 ਲੱਖ ਪਿੰਡ ਸਨ। ਇੱਕ ਲੱਖ ਪਿੰਡ ਪਾਕਿਸਤਾਨ ਚਲੇ ਜਾਣ ਤੋਂ ਬਾਅਦ 6 ਲੱਖ ਪਿੰਡ ਰਹਿ ਗਏ। ਇੱਥੇ ਹਰ ਪਿੰਡ ਵਿੱਚ ਔਸਤਨ 5 ਪਾਣੀ ਦੇ ਢਾਂਚੇ ਸਨ। ਮਤਲਬ ਦੇਸ਼ ਭਰ ਵਿੱਚ 30 ਲੱਖ। ਪਰ ਪਿਛਲੇ ਸਾਲਾਂ ਦੌਰਾਨ 20 ਲੱਖ ਜਲਘਰ ਪੂਰੀ ਤਰ੍ਹਾਂ ਸੁੱਕ ਗਏ ਹਨ। ਹੁਣ ਦੇਸ਼ ਵਿੱਚ ਪਾਣੀ ਹਰ ਸਾਲ 3 ਮੀਟਰ ਹੇਠਾਂ ਜਾ ਰਿਹਾ ਹੈ। ਅਸੀਂ 72% ਪਾਣੀ ਦੀ ਜ਼ਿਆਦਾ ਦੁਰਵਰਤੋਂ ਕਰ ਰਹੇ ਹਾਂ।

**ਮੱਧ ਪ੍ਰਦੇਸ਼: ਡੈਮਾਂ ਵਿੱਚ 90% ਤੋਂ ਵੱਧ ਪਾਣੀ ਖਤਮ:** ਪਿਛਲੇ ਸਾਲ ਮੱਧ ਪ੍ਰਦੇਸ਼ ਸੂਬੇ ਵਿੱਚ ਘੱਟ ਮੀਂਹ ਪੈਣ ਕਾਰਨ ਜ਼ਿਆਦਾਤਰ ਡੈਮਾਂ ਵਿੱਚ ਪਾਣੀ ਕਾਫੀ ਘੱਟ ਗਿਆ ਹੈ। ਜਬਲਪੁਰ ਦੇ ਨਰਮਦਾ ਨਦੀ 'ਤੇ ਬਣੇ ਤਿੰਨ ਵੱਡੇ ਡੈਮਾਂ ਇੰਦਰਾ ਸਾਗਰ, ਓਮਕਾਰੇਸ਼ਵਰ ਅਤੇ ਬਰਗੀ 'ਚੋਂ ਕਿਸੇ ਵੀ ਡੈਮ 'ਚ 50 ਫੀਸਦੀ ਤੋਂ ਵੱਧ ਪਾਣੀ ਨਹੀਂ ਬਚਿਆ ਹੈ। ਓਮਕਾਰੇਸ਼ਵਰ ਡੈਮ ਵਿੱਚ ਦਸ ਫੀਸਦੀ ਤੋਂ ਵੀ ਘੱਟ ਪਾਣੀ ਬਚਿਆ ਹੈ। ਖਾਸ ਗੱਲ ਇਹ ਹੈ ਕਿ ਮੱਧ ਪ੍ਰਦੇਸ਼ ਸੂਬੇ ਦੇ ਬਾਕੀ ਡੈਮਾਂ ਦੀ ਹਾਲਤ ਵੀ ਘੱਟ ਜਾਂ ਘੱਟ ਇਹੀ ਹੈ। ਕਈ ਡੈਮ ਅਜਿਹੇ ਹਨ ਜਿਨ੍ਹਾਂ ਵਿੱਚ ਪਾਣੀ ਦੀ ਕੁੱਲ ਸਮਰੱਥਾ ਦਾ ਦਸ ਫੀਸਦੀ ਤੋਂ ਵੀ ਘੱਟ ਬਚਿਆ ਹੈ। ਸੂਬੇ ਦੀ ਨਰਮਦਾ ਨਦੀ ਵਿੱਚ ਵੀ ਪਾਣੀ ਅੱਧਾ ਰਹਿ ਗਿਆ ਹੈ। 1979 ਵਿੱਚ, ਇਹ ਅਨੁਮਾਨ ਲਗਾਇਆ ਗਿਆ ਸੀ ਕਿ ਨਰਮਦਾ ਬੇਸਿਨ ਵਿੱਚ ਕੁੱਲ 28 ਮਿਲੀਅਨ ਏਕੜ ਫੁੱਟ ਪਾਣੀ ਹੈ। ਇਹ 2017-18 ਵਿੱਚ 15.4 ਮਿਲੀਅਨ ਏਕੜ ਫੁੱਟ ਤੱਕ ਪਹੁੰਚ ਗਿਆ ਹੈ।

**ਝਾਰਖੰਡ ਦੀਆਂ 95% ਨਦੀਆਂ ਸੁੱਕੀਆਂ** : ਝਾਰਖੰਡ ਵਿੱਚ 16 ਵੱਡੀਆਂ ਅਤੇ 24 ਤੋਂ ਵੱਧ ਛੋਟੀਆਂ ਨਦੀਆਂ ਹਨ। ਹੁਣ 95 ਫੀਸਦੀ ਤੋਂ ਵੱਧ ਨਦੀਆਂ ਗਰਮੀਆਂ ਦੌਰਾਨ ਸੁੱਕ ਜਾਂਦੀਆਂ ਹਨ ਜਾਂ ਇਨ੍ਹਾਂ ਵਿੱਚ ਪਾਣੀ ਦਾ ਵਹਾਅ ਇੰਨਾ ਘੱਟ ਹੋ ਜਾਂਦਾ ਹੈ ਕਿ ਇਹ ਲਗਭਗ ਨਾ-ਮਾਤਰ ਹੀ ਹੈ। ਸਰਕਾਰ ਦੇ ਅੰਕੜਿਆਂ ਮੁਤਾਬਕ ਪੂਰੇ ਰਾਂਚੀ ਜ਼ਿਲ੍ਹੇ ਵਿੱਚ 900 ਦੇ ਕਰੀਬ ਤਾਲਾਬ ਸਨ। ਜਿਸ ਵਿੱਚ ਸਿਰਫ਼ 280 ਬਚੇ ਹਨ। ਇਸੇ ਤਰ੍ਹਾਂ ਪੂਰੇ ਸੂਬੇ ਵਿੱਚ 10,000 ਦੇ ਕਰੀਬ ਛੱਪੜ ਸਨ, ਜਿਨ੍ਹਾਂ ਵਿੱਚੋਂ ਸਿਰਫ਼ 7,860 ਛੱਪੜ ਹੀ ਬਚੇ ਹਨ। ਇਨ੍ਹਾਂ ਵਿੱਚ ਮਈ-ਜੂਨ ਵਿੱਚ ਅੱਧੇ ਛੱਪੜਾਂ ਦਾ ਪਾਣੀ ਸੁੱਕ ਜਾਂਦਾ ਹੈ। ਹਾਲਾਂਕਿ ਝਾਰਖੰਡ ਬਣਨ ਤੋਂ ਬਾਅਦ ਹਰ ਪਿੰਡ ਅਤੇ ਪੰਚਾਇਤ ਵਿੱਚ ਨਵੇਂ ਛੱਪੜ ਪੁੱਟੇ ਜਾ ਰਹੇ ਹਨ।

**ਰਾਜਸਥਾਨ: ਛੱਪੜਾਂ 'ਤੇ ਕਬਜ਼ੇ** : ਰਾਜਸਥਾਨ ਦੇ ਸ਼ਹਿਰੀ ਖੇਤਰ ਵਿੱਚ ਤਾਲਾਬਾਂ ਅਤੇ ਢਾਬਾਂ ਦੀ ਗਿਣਤੀ 772 ਹੈ। ਇਨ੍ਹਾਂ ਵਿੱਚੋਂ 443 ਵਿੱਚ ਪਾਣੀ ਹੈ, ਜਦੋਂ ਕਿ ਬਾਕੀ 329 ਪੌੜੀਆਂ ਵਾਲੇ ਖੂਹ, ਛੱਪੜ ਸੁੱਕ ਚੁੱਕੇ ਹਨ ਜਾਂ ਉਨ੍ਹਾਂ 'ਤੇ ਕਬਜ਼ੇ ਹੋ ਚੁੱਕੇ ਹਨ। ਰਾਜਸਥਾਨ ਵਿੱਚ 11 ਵੱਡੀਆਂ ਨਦੀਆਂ ਹਨ, ਜੋ ਪੀਣ ਵਾਲੇ ਪਾਣੀ ਜਾਂ ਸਿੰਚਾਈ ਦੇ ਉਦੇਸ਼ਾਂ ਲਈ ਵਰਤੀਆਂ ਜਾਂਦੀਆਂ ਹਨ।

***

## ਵਿਸ਼ਵ 'ਚ ਗਲੋਬਲ ਆਰਥਿਕ ਮੰਦੀ

ਸਾਲ 2008 ਵਿੱਚ ਵੀ ਗਲੋਬਲ ਪੱਧਰ 'ਤੇ ਆਈ ਆਰਥਿਕ ਮੰਦੀ ਦੀ ਸ਼ੁਰੂਆਤ ਅਮਰੀਕਾ ਤੋਂ ਹੋਈ ਸੀ। ਸਾਲ 2008 ਵਿੱਚ ਅਮਰੀਕਾ ਦੀ ਪ੍ਰਸਿੱਧ ਵਿੱਤੀ ਕੰਪਨੀ ਲੇਹਮਨ ਬ੍ਰਦਰਜ਼ ਦਿਵਾਲੀਆ ਹੋ ਗਈ ਸੀ ਤਾਂ ਦੁਨੀਆ ਵਿੱਚ ਉਥਲ ਪੁਥਲ ਮੱਚ ਗਈ ਸੀ। ਉਸ ਸਮੇਂ ਨਿਵੇਸ਼ਕਾਂ ਨੂੰ ਜਿੰਨਾ ਨੁਕਸਾਨ ਹੋਇਆ, ਉਹ ਰਾਸ਼ੀ ਭਾਰਤ ਦੇ ਸਕਲ ਘਰੇਲੂ ਉਤਪਾਦਨ ਦੇ ਬਰਾਬਰ ਸੀ।

ਸਾਲ 2008 ਵਿੱਚ ਗਲੋਬਲ ਪੱਧਰ 'ਤੇ ਆਈ ਆਰਥਿਕ ਮੰਦੀ ਦਾ ਅਸਰ ਭਾਰਤ 'ਤੇ ਵੀ ਪਿਆ ਸੀ, ਪਰ ਭਾਰਤ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਬਚਤ ਦੀ ਆਦਤ ਹੋਣ ਅਤੇ ਭਾਰਤ ਦੀਆਂ ਘਰੇਲੂ ਔਰਤਾਂ ਵੱਲੋਂ ਰਸੋਈ ਦੇ ਕਿਸੇ ਡੱਬੇ ਵਿੱਚ ਪੈਸੇ ਸਾਂਭ ਕੇ ਰੱਖਣ ਦੀ ਆਦਤ ਕਾਰਨ ਵੱਡੀ ਗਿਣਤੀ ਲੋਕ ਇਸ ਆਰਥਿਕ ਮੰਦੀ ਦੌਰਾਨ ਵੀ ਆਪਣੇ ਲਈ ਦਾਲ ਰੋਟੀ ਦਾ ਜੁਗਾੜ ਕਰਨ ਵਿੱਚ ਸਫਲ ਰਹੇ ਸਨ।

ਭਾਰਤ ਦੇ ਲੋਕਾਂ ਨੂੰ ਅੱਜ ਦੇ ਸਮੇਂ ਵਿੱਚ ਵੀ ਬਚਤ ਕਰਨ ਦੀ ਆਦਤ ਹੈ ਅਤੇ ਭਾਰਤ ਦੀਆਂ ਘਰੇਲੂ ਔਰਤਾਂ ਪਹਿਲਾਂ ਵਾਂਗ ਹੀ ਰਸੋਈ ਦੇ ਕਿਸੇ ਬਰਤਨ ਵਿੱਚ ਕੁਝ ਪੈਸੇ ਸਾਂਭ ਕੇ ਰਖਦੀਆਂ ਹਨ ਪਰ ਭਾਰਤ ਸਮੇਤ ਦੁਨੀਆ ਦੇ ਵੱਡੀ ਗਿਣਤੀ ਲੋਕਾਂ ਵਿੱਚ ਕਰਜ਼ਾ ਲੈ ਕੇ ਸੁਖ ਸੁਵਿਧਾਵਾਂ ਅਤੇ ਵਾਹਨ ਖਰੀਦਣ ਦੀ ਪ੍ਰਵਿਰਤੀ ਵਿੱਚ ਵਾਧਾ ਹੋਇਆ ਹੈ। ਭਾਰਤ ਵਿੱਚ ਵੀ ਹੁਣ ਵੱਡੀ ਗਿਣਤੀ ਲੋਕ ਕਰਜ਼ਾ ਲੈ ਕੇ ਸੁੱਖ ਸੁਵਿਧਾਵਾਂ ਅਤੇ ਵਾਹਨ ਖਰੀਦ ਰਹੇ ਹਨ। ਇਸ ਤਰਾਂ ਦੁਨੀਆ ਵਿੱਤੀ ਸੰਸਥਾਵਾਂ ਦੇ ਕਰਜ਼ੇ ਦੇ ਜਾਲ ਵਿੱਚ ਫਸਦੀ ਜਾ ਰਹੀ ਹੈ। ਹੁਣ ਜੇ ਪ੍ਰਸਿੱਧ ਅਮਰੀਕੀ ਬੈਂਕਾਂ ਦੇ ਡੁੱਬਣ ਤੇ ਹੋਰ ਵਿੱਤੀ ਸੰਸਥਾਵਾਂ ਦੇ ਘਾਟੇ ਵਿੱਚ ਜਾਣ ਨਾਲ ਗਲੋਬਲ ਪੱਧਰ 'ਤੇ ਆਰਥਿਕ ਮੰਦੀ ਆਉਂਦੀ ਹੈ ਤਾਂ ਇਸਦਾ ਭਾਰਤ 'ਤੇ ਵੀ ਕੁਝ ਨਾ ਕੁਝ ਪ੍ਰਭਾਵ ਜ਼ਰੂਰ ਪਵੇਗਾ।

***

## ਭਾਰਤ ਦੀ ਸਿਆਸਤ 'ਚ ਉਥਲ

ਅਤੇ ਸੰਵਿਧਾਨ ਵੱਲੋਂ ਭਾਰਤ ਵਿਚ ਬੋਲਣ ਦੀ ਆਜ਼ਾਦੀ ਵੀ ਦਿੱਤੀ ਗਈ ਹੈ ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਜੋ ਮੂੰਹ ਵਿੱਚ ਆਇਆ ਉਹ ਬੋਲ ਦਿਤਾ ਜਾਵੇ ਅਤੇ ਇਸ ਆਜ਼ਾਦੀ ਦੇ ਨਿਯਮਾਂ ਦੀ ਉਲੰਘਣਾ ਕੀਤੀ ਜਾਵੇ ਪਰ ਇਥੇ ਇਹ ਵੀ ਧਿਆਨ ਰਖਣਾ ਚਾਹੀਦਾ ਹੈ ਕਿ ਬੋਲਣ ਦੀ ਆਜ਼ਾਦੀ ਦੀ ਉਲੰਘਣਾ ਜਾਂ ਮਾਣਹਾਨੀ ਮਾਮਲੇ ਵਿੱਚ ਸਿਰਫ ਇਕ ਵਿਅਕਤੀ ਜਾਂ ਇਕ ਵਿਰੋਧੀ ਸਿਆਸੀ ਨੇਤਾ ਵਿਰੁੱਧ ਹੀ ਕਾਰਵਾਈ ਨਹੀਂ ਹੋਣੀ ਚਾਹੀਦੀ ਸਗੋਂ ਬੋਲਣ ਦੀ ਆਜ਼ਾਦੀ ਦੀ ਮਰਿਆਦਾ ਦੀ ਉਲੰਘਣਾਂ ਕਰਨ ਵਾਲੇ ਹਰ ਸਿਆਸੀ ਆਗੂ ਵਿਰੁੱਧ ਵੀ ਕਾਰਵਾਈ ਹੋਣੀ ਚਾਹੀਦੀ ਹੈ। ਲੋਕਤੰਤਰੀ ਪ੍ਰਨਾਲੀ ਵਿੱਚ ਭਾਰਤ ਵਿੱਚ ਸਾਰੇ ਨਾਗਰਿਕਾਂ ਨੂੰ ਇਕ ਸਮਾਨ ਅਧਿਕਾਰ ਦਿਤੇ ਗਏ ਹਨ ਅਤੇ ਹਰ ਨਾਗਰਿਕ ਦੇ ਮੌਲਿਕ ਅਧਿਕਾਰਾਂ ਦੀ ਸੁਰਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਇਸ ਤਰਾਂ ਕਿਹਾ ਜਾ ਸਕਦਾ ਹੈ ਕਿ ਸੂਰਤ ਦੀ ਇਕ ਅਦਾਲਤ ਵੱਲੋਂ ਰਾਹੁਲ ਗਾਧੀ ਨੂੰ ਦੋ ਸਾਲ ਦੀ ਸਜ਼ਾ ਅਤੇ ਇਸ ਸਜ਼ਾ ਨੂੰ ਆਧਾਰ ਬਣਾ ਕੇ ਰਾਹੁਲ ਗਾਂਧੀ ਨੂੰ ਸੰਸਦ ਮੈਂਬਰੀ ਤੋਂ ਅਯੋਗ ਠਹਿਰਾਉਣ ਦੇ ਕਈ ਮਾਇਨੇ ਹਨ।

***

## ਕਾਂਗਰਸ ਵੱਲੋਂ ਰਾਜਘਾਟ 'ਤੇ ਸੱਤਿਆਗ੍ਰਹਿ

ਸਰਕਾਰ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਸਮਾਂ ਆ ਗਿਆ ਹੈ। ਜੇਕਰ ਰਾਹੁਲ ਗਾਂਧੀ ਨੂੰ ਅੱਠ ਸਾਲਾਂ ਲਈ ਚੋਣ ਲੜਨ ਤੋਂ ਰੋਕਿਆ ਜਾ ਸਕਦਾ ਹੈ, ਤਾਂ ਇਹ ਦੇਸ਼ ਜਾਂ ਇਸ ਦੇ ਲੋਕਤੰਤਰ ਲਈ ਚੰਗਾ ਨਹੀਂ ਹੈ।

ਉਹਨਾਂ ਪ੍ਰਧਾਨ ਮੰਤਰੀ ਮੋਦੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਦੇਸ਼ ਦਾ ਪ੍ਰਧਾਨ ਮੰਤਰੀ ਕਾਇਰ ਹੈ। ਮੈਨੂੰ ਜੇਲ੍ਹ ਲੈ ਜਾਓ ਪਰ ਸੱਚਾਈ ਇਹ ਹੈ ਕਿ...ਉਹ ਕਾਇਰ ਹੈ...ਆਪਣੀ ਤਾਕਤ ਪਿੱਛੇ ਛੁਪਿਆ ਹੋਇਆ ਹੈ ਅਤੇ ਹੰਕਾਰੀ ਹੈ। ਪਰ ਇਸ ਦੇਸ਼ ਦੀ ਪਰੰਪਰਾ ਹੈ ਕਿ ਲੋਕ ਹੰਕਾਰੀ ਰਾਜੇ ਨੂੰ ਜਵਾਬ ਦਿੰਦੇ ਹਨ।

ਇਸ ਮੌਕੇ ਕਾਂਗਰਸ ਪ੍ਰਧਾਨ ਮੱਲਕਾਰਗੁਨ ਖੜਗੇ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਨੀਰਵ ਮੋਦੀ ਅਤੇ ਲਲਿਤ ਮੋਦੀ ਨੂੰ ਭਗੌੜੇ ਕਿਹਾ। ਇਹ ਲੋਕ ਦੇਸ਼ ਦਾ ਪੈਸ ਲੁੱਟ ਕੇ ਫਰਾਰ ਹੋ ਗਏ। ਇਹ ਭਗੌੜੇ ਹਨ, ਰਾਹੁਲ ਨੇ ਇਹਨਾਂ ਨੂੰ ਭਗੌੜਾ ਬੋਲਿਆ ਤਾਂ ਫਿਰ ਭਾਜਪਾ ਆਗੂਆਂ ਨੂੰ ਦਰਦ ਕਿਉਂ ਹੋਇਆ। ਉਹਨਾਂ ਕਿਹਾ ਕਿ ਰਾਹੁਲ ਨੇ ਭਾਸ਼ਣ ਵਿੱਚ ਇਹ ਸਭ ਕਿਹਾ ਤਾਂ ਉਸ ਨੂੰ 2 ਸਾਲ ਦੀ ਸਜ਼ਾ ਹੋਈ ਪਰ ਪ੍ਰਧਾਨ ਮੰਤਰੀ ਮੋਦੀ ਨੇ ਬਹੁਤ ਸਾਰੇ ਭਾਸ਼ਣਾਂ ਵਿੱਚ ਗਾਂਧੀ ਪਰਿਵਾਰ ਅਤੇ ਕਾਂਗਰਸ ਦੇ ਖਿਲਾਫ਼ ਬਹੁਤ ਕੁਝ ਬੋਲਿਆ ਹੈ ਤਾਂ ਉਹਨਾਂ ਖਿਲਾਫ਼ ਕਦੋਂ ਮਾਣਹਾਨੀ ਦਾ ਦੋਸ਼ ਲਗਾ ਕੇ ਸਜ਼ਾ ਦਿਤੀ ਜਾਵੇਗੀ?

ਖੜਗੇ ਨੇ ਭਾਜਪਾ ਦੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਕਿ ਰਾਹੁਲ ਨੇ ਓਬੀਸੀ ਦਾ ਅਪਮਾਨ ਕੀਤਾ ਹੈ।ਉਹਨਾਂ ਕਿਹਾ ਕੀ ਲਲਿਤ ਮੋਦੀ ਓਬੀਸੀ ਹੈ? ਕੀ ਨੀਰਵ ਮੋਦੀ ਓ.ਬੀ.ਸੀ. ਹੈ, ਕੀ ਮੇਹੁਲ ਚੋਕਸੀ ਓ.ਬੀ.ਸੀ. ਹੈ, ਉਹ ਲੋਕਾਂ ਦੇ ਪੈਸੇ ਲੈ ਕੇ ਭੱਜ ਗਏ। ਜੇ ਉਨ੍ਹਾਂ ਦੀ ਆਲੋਚਨਾ ਕੀਤੀ ਜਾਂਦੀ ਹੈ ਤਾਂ ਤੁਸੀਂ ਇੰਨੇ ਦੁਖੀ ਕਿਉਂ ਹੋ? ਤੁਸੀਂ (ਭਾਜਪਾ) ਉਸ ਵਿਅਕਤੀ ਨੂੰ ਸਜ਼ਾ ਦਿੰਦੇ ਹੋ ਜੋ ਦੇਸ਼ ਨੂੰ ਬਚਾਉਣ ਅਤੇ ਲੁਟੇਰਿਆਂ ਨੂੰ ਭੱਜਣ ਵਿੱਚ ਮਦਦ ਕਰਦਾ ਹੈ? ਖੜਗੇ ਨੇ ਰਾਹੁਲ ਦੇ ਬਚਾਅ 'ਚ ਕਈ 'ਸਤਿਆਗ੍ਰਹਿ' ਕਰਨ ਦਾ ਵਾਅਦਾ ਕੀਤਾ।

***

## ਦਿੱਲੀ 'ਚ ਮੋਦੀ ਵਿਰੁੱਧ ਪੋਸਟਰ

ਅਮਿਤ ਸ਼ਾਹ ਜੇਲ੍ਹ ਭੇਜਣ ਵਾਲੇ ਸਨ, ਅੱਜ ਭਾਜਪਾ ਵੱਲੋਂ ਅਸਾਮ ਦੇ ਮੁੱਖ ਮੰਤਰੀ ਤੇ ਅਮਿਤ ਸ਼ਾਹ ਦੇ ਚਹੇਤੇ ਬਣੇ ਹੋਏ ਹਨ। ਜ਼ਮੀਨੀ ਘੁਟਾਲੇ ਵਿੱਚ ਚੱਕੀ ਪੀਹਣ ਵਾਲੇ ਅਜੀਤ ਪਵਾਰ ਦੇ ਭਾਜਪਾ ਨਾਲ ਮਿਲ ਕੇ ਸਰਕਾਰ ਬਣਾ ਲੈਣ ਬਾਅਦ ਸਭ ਗੁਨਾਹ ਮਾਫ਼ ਹੋ ਜਾਂਦੇ ਹਨ।

ਇੱਕ ਪਾਸੇ ਦਿੱਲੀ ਵਿੱਚ ਕੇਜਰੀਵਾਲ ਦੇ ਸਭ ਤੋਂ ਭਰੋਸੇਮੰਦ ਮਨੀਸ਼ ਸਿਸੋਦੀਆ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਤੇ ਦੂਜੇ ਪਾਸੇ ਬਿਹਾਰ ਵਿੱਚ ਲਾਲੂ ਪ੍ਰਸਾਦ ਯਾਦਵ ਦੇ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ।ਪਿਛਲੇ ਸਮੇਂ ਦੌਰਾਨ ਭਾਜਪਾ ਉੱਤਰ ਪ੍ਰਦੇਸ਼, ਗੁਜਰਾਤ ਤੇ ਉੱਤਰਾਖੰਡ ਦੀਆਂ ਵਿਧਾਨ ਸਭਾ ਚੋਣਾਂ ਹੀ ਆਪਣੇ ਦਮ ਉੱਤੇ ਜਿੱਤ ਸਕੀ ਹੈ ਅਤੇ ਹਰਿਆਣਾ, ਗੋਆ, ਤ੍ਰਿਪੁਰਾ ਵਿੱਚ ਵਿਰੋਧੀ ਪਾਰਟੀਆਂ ਦੀ ਫੁੱਟ ਦਾ ਲਾਭ ਲੈ ਕੇ ਉਹ ਸੱਤਾ ਵਿੱਚ ਆਈ ਸੀ।ਮੱਧ ਪ੍ਰਦੇਸ਼, ਕਰਨਾਟਕ ਤੇ ਮਹਾਰਾਸ਼ਟਰ ਵਿੱਚ ਉਹਨੇ ਦਲਬਦਲੀ ਰਾਹੀਂ ਅਪ੍ਰੇਸ਼ਨ ਕਮਲ ਨਾਲ ਸੱਤਾ ਹਥਿਆਈ ਹੈ, ਪਰ ਭਾਜਪਾ ਦਾ 'ਅਪ੍ਰੇਸ਼ਨ ਕਮਲ' ਦਿੱਲੀ ਤੇ ਬਿਹਾਰ ਵਿੱਚ ਆ ਕੇ ਦਮ ਤੋੜ ਦਿੰਦਾ ਹੈ।

ਅੱਜ ਮੋਦੀ ਆਪਣੇ ਆਪ ਨੂੰ ਭਾਰਤ ਐਲਾਨ ਚੁੱਕੇ ਹਨ। ਮੋਦੀ ਦੀ ਨੁਕਤਾਚੀਨੀ ਦੇਸ਼ ਧ੍ਰੋਹ ਬਣ ਚੁੱਕੀ ਹੈ। ਇਸ ਸਮੇਂ ਦੇਸ਼ ਅਣਐਲਾਨੀ ਐਮਰਜੈਂਸੀ ਦੀ ਹਾਲਤ ਵਿੱਚੋਂ ਲੰਘ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ 1974 ਵਾਂਗ ਹੀ ਸਭ ਵਿਰੋਧੀ ਧਿਰਾਂ ਨੂੰ ਇੱਕਮੁੱਠ ਹੋ ਕੇ ਮਜ਼ਬੂਤੀ ਨਾਲ ਚੋਣਾਂ ਦੇ ਮੈਦਾਨ ਵਿੱਚ ਨਿੱਤਰਨਾ ਚਾਹੀਦਾ ਹੈ।ਇਸ ਗੱਲ ਦਾ ਕੋਈ ਮਤਲਬ ਨਹੀਂ ਕਿ ਪ੍ਰਧਾਨ ਮੰਤਰੀ ਕੌਣ ਬਣੇਗਾ।ਜ਼ਰੂਰੀ ਹੈ ਫਾਸ਼ੀਵਾਦ ਨੂੰ ਹਰਾਉਣਾ ਤੇ ਜਮਹੂਰੀਅਤ ਨੂੰ ਲਾਗੂ ਕਰਾਉਣਾ।

***

## ਭਾਜਪਾ ਤੇ 'ਆਪ' ਦੀ ਸਾਂਝੀ ਰਣਨੀਤੀ

ਅੰਮ੍ਰਿਪਾਲ ਸਿੰਘ ਮਾਮਲੇ ਵਿੱਚ ਜਿਸ ਤਰ੍ਹਾਂ ਸਿੱਖ ਨੌਜਵਾਨਾਂ ਨੂੰ ਐਨ.ਐਸ.ਏ ਅਧੀਨ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ ਅਤੇ ਸਿੱਖਾਂ ਨੂੰ ਖ਼ਾਲਿਸਤਾਨ ਨਾਲ ਜੋੜਿਆ ਜਾ ਰਿਹਾ ਹੈ। ਇਹ ਅਸਲ ਵਿੱਚ ਕੇਂਦਰ ਦੀ ਭਾਜਪਾ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਿਸਾਨ ਮੋਰਚੇ ਵਿੱਚ ਹੋਈ ਜਿੱਤ ਤੋਂ ਬਾਅਦ ਸਿੱਖਾਂ ਦੀ ਚੜ੍ਹਤ ਅਤੇ ਉਨ੍ਹਾਂ ਦੇ ਅਮਨ ਪਸੰਦ ਹੋਣ ਦੀ ਗੱਲ ਨੂੰ ਖ਼ਤਮ ਕਰਨ ਦੀ ਸਾਜਿਸ਼ ਜਾਪਦੀ ਹੈ।ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਨੂੰ ਕਾਲੇ ਪਾਣੀ ਵਾਂਗ ਦੂਰ ਦੁਰਾਡੇ ਦੀਆਂ ਜੇਲ੍ਹਾਂ ਵਿੱਚ ਭੇਜਣਾ ਕਾਨੂੰਨ ਅਤੇ ਇਨਸਾਫ਼ ਨਾਲ ਖਿਲਵਾੜ ਹੈ। ਉਨ੍ਹਾਂ ਕਿਹਾ ਕਿ ਇਹ ਸਾਜ਼ਿਸ਼ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਕੀਤੀ ਜਾ ਰਹੀ ਹੈ।

ਇਸ ਵਰਤਾਰੇ ਵਿੱਚ ਭਾਜਪਾ ਦੀ ਆਪ ਨਾਲ ਸਾਂਝ 'ਆਪ' ਮੁਖੀ ਅਰਵਿੰਦ ਕੇਜਰੀਵਾਲ ਦੇ ਬਿਆਨ ਤੋਂ ਸਮਝ ਆਉਂਦੀ ਹੈ, ਜਦੋਂ ਉਹ ਇਸ ਦਾ ਸਿਹਰਾ 'ਆਪ' ਦੀ ਪੰਜਾਬ ਸਰਕਾਰ ਤੇ ਇਸ ਦੇ ਮੁਖੀ ਭਗਵੰਤ ਮਾਨ ਦੇ ਸਿਰ ਬੰਨ੍ਹ ਰਹੇ ਹਨ ਤੇ ਕੇਂਦਰ ਸਰਕਾਰ ਦੇ ਸਹਿਯੋਗ ਦੀਆਂ ਤਾਰੀਫ਼ਾਂ ਵੀ ਕਰ ਰਹੇ ਹਨ। ਅਜਿਹਾ ਜਾਪਦਾ ਹੈ ਕਿ ਭਾਜਪਾ ਨੂੰ ਸ਼ਾਇਦ ਇਹ ਜਾਪ ਰਿਹਾ ਹੈ ਕਿ 2024 ਦੀਆਂ ਆਮ ਚੋਣਾਂ ਵਿੱਚ ਇਕੱਲਾ ਮੁਸਲਿਮ ਵਿਰੋਧ ਸ਼ਾਇਦ ਬਹੁਗਿਣਤੀ ਨੂੰ ਭਾਜਪਾ ਪਿੱਛੇ ਇੱਕਮੁੱਠ ਨਾ ਕਰ ਸਕੇ, ਇਸ ਲਈ ਉਨ੍ਹਾਂ ਨੂੰ ਮੁਸਲਮਾਨਾਂ ਅਤੇ ਖਾਲਿਸਤਾਨੀਆਂ ਦੋਵਾਂ ਦਾ ਹਊਆ ਦਿਖਾਕੇ ਚੋਣਾਂ ਜਿਤਣ ਦੀ ਰਣਨੀਤੀ ਅਪਨਾਈ ਜਾ ਰਹੀ ਹੈ।ਪੰਜਾਬ ਦੇ ਰਾਜਨੀਤਕ ਮਾਹਿਰ ਭਾਜਪਾ ਨੂੰ ਸੰਘ ਪਰਿਵਾਰ ਦੀ ਏ ਟੀਮ ਤੇ ਆਪ ਨੂੰ ਬੀ ਟੀਮ ਕਹਿ ਰਹੇ ਹਨ। ਦੂਜੇ ਪਾਸੇ ਆਮ ਆਦਮੀ ਪਾਰਟੀ ਵੀ ਹਰ ਗੱਲ ਵਿੱਚ ਭਾਜਪਾ ਦੀ ਨਕਲ ਕਰਦੀ ਹੈ ਤੇ ਉਸ ਤੋਂ ਇਕ ਕਦਮ ਅੱਗੇ ਹੋ ਕੇ ਰਾਸ਼ਟਰਵਾਦ ਦਾ ਹੋਕਾ ਦੇ ਰਹੀ ਹੈ ਤੇ ਕਾਂਗਰਸ ਦੀ ਜਗ੍ਹਾ ਲੈਣ ਲਈ ਕਾਹਲੀ ਹੈ, ਉਸ ਦੀ ਟੇਕ ਹਿੰਦੂ ਰਾਸ਼ਟਰਵਾਦ ਦੀਆਂ ਵੋਟਾਂ ਉਤੇ ਹੈ।

## ਪੰਜਾਬ 'ਚ 7,000 ਕਰੋੜ ਰੁਪਏ ਸਲਾਨਾ ਤੋਂ

ਵਿਧਾਨ ਸਭਾ ਵਿੱਚ ਦੱਸਿਆ ਗਿਆ ਹੈ ਕਿ ਸੂਬੇ ਵਿੱਚ ਕਰੀਬ 10 ਲੱਖ ਵਿਅਕਤੀ ਨਸ਼ਿਆਂ ਦੇ ਆਦੀ ਹਨ ਜਿਨ੍ਹਾਂ ਵਿਚੋਂ 2.62 ਲੱਖ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ ਜਦੋਂਕਿ 6.12 ਲੱਖ ਨਿੱਜੀ ਖੇਤਰ ਦੇ ਹਸਪਤਾਲਾਂ ਦੀਆਂ ਸੇਵਾਵਾਂ ਲੈ ਰਹੇ ਹਨ। ਸਿਹਤ ਮੰਤਰੀ ਮੁਤਾਬਿਕ ਨਸ਼ੇ ਦੇ ਆਦੀ ਵਿਅਕਤੀਆਂ ਦੀ ਅਸਲ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੈ। ਇਸ ਤੋਂ ਇਹ ਚਿੰਤਾ ਪੈਦਾ ਹੁੰਦੀ ਹੈ ਕਿ ਇਲਾਜ ਕਰਵਾਉਣ ਦੇ ਬਾਵਜੂਦ ਨਸ਼ਿਆਂ ਤੋਂ ਛੁਟਕਾਰਾ ਪਾਉਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ। ਪੰਜਾਬ ਵਿੱਚ 528 ਆਊਟ ਪੇਸ਼ੈਂਟ ਓਪੀਓਇਡ ਅਸਿਸਟਡ ਟਰੀਟਮੈਂਟ ਸੈਂਟਰ (ਓਟ ਕਲੀਨਿਕ) ਅਤੇ 36 ਸਰਕਾਰੀ ਤੇ 185 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੇ ਬਾਵਜੂਦ ਨਸ਼ੇ ਕਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਇਸ ਵਿੱਚ ਕਮੀ ਨਹੀਂ ਆ ਰਹੀ। ਇਨ੍ਹਾਂ ਤੋਂ ਇਲਾਵਾ 19 ਸਰਕਾਰੀ ਅਤੇ ਨਿੱਜੀ ਖੇਤਰ ਦੇ 74 ਮੁੜ ਵਸੇਬਾ ਸੈਂਟਰ ਹਨ। ਇਹ ਦੇਖਿਆ ਗਿਆ ਹੈ ਕਿ ਮੁੱਢਲੇ ਇਲਾਜ ਤੋਂ ਬਾਅਦ ਜ਼ਿਆਦਾਤਰ ਮਰੀਜ਼ ਮੁੜ ਨਸ਼ੇ ਕਰਨ ਦੇ ਰਾਹ ਪੈ ਜਾਂਦੇ ਹਨ।

ਸਿਹਤ ਮੰਤਰੀ ਨੇ ਕਿਹਾ ਸੀ ਕਿ ਨਸ਼ਿਆਂ ਕਾਰਨ ਲੋਕ ਮਰਦੇ ਹਨ ਪਰ ਗ਼ਲਤ ਸਰਕਾਰੀ ਨੀਤੀਆਂ ਉਸ ਤੋਂ ਵੀ ਵੱਧ ਲੋਕਾਂ ਦੀ ਜਾਨ ਲੈ ਲੈਂਦੀਆਂ ਹਨ। ਨਸ਼ਿਆਂ ਦੇ ਆਦੀ ਵਿਅਕਤੀਆਂ ਨੂੰ ਜੇਲ੍ਹ ਨਹੀਂ ਭੇਜਿਆ ਜਾਣਾ ਚਾਹੀਦਾ ਸਗੋਂ ਉਨ੍ਹਾਂ ਦਾ ਸਹੀ ਢੰਗ ਨਾਲ ਇਲਾਜ ਕਰਵਾਉਣ ਦੀ ਜ਼ਰੂਰਤ ਹੈ। ਸਰਕਾਰ ਦੁਆਰਾ ਇਹ ਸਵੀਕਾਰ ਕੀਤੇ ਜਾਣਾ ਹੀ ਉਹ ਸਹੀ ਕਦਮ ਹੈ ਜਿਸ ਦੇ ਆਧਾਰ 'ਤੇ ਭਰੋਸੇਯੋਗ ਨੀਤੀ ਬਣਾਈ ਜਾ ਸਕਦੀ ਹੈ। ਪਰ ਸਰਕਾਰ ਬਿਆਨਬਾਜ਼ੀ ਤਕ ਸੀਮਤ ਹੈ।ਉਹ ਨਸ਼ਿਆਂ ਤੇ ਅਪਰਾਧ ਨੂੰ ਅਜੇ ਤਕ ਕੰਟਰੋਲ ਨਹੀਂ ਕਰ ਸਕੀ।

## ਕਿਸੇ ਪਾਬੰਦੀਸ਼ੁਦਾ ਸੰਗਠਨ ਦਾ ਮੈਂਬਰ

ਸਮੀਖਿਆ ਦੀ ਅਪੀਲ ਕਰਨ ਵਾਲੀਆਂ ਕੇਂਦਰ ਤੇ ਅਸਾਮ ਸਰਕਾਰਾਂ ਦੀਆਂ ਪਟੀਸ਼ਨਾਂ ਨੂੰ ਸਵੀਕਾਰ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਕਿ ਸੰਸਦ ਵੱਲੋਂ ਬਣਾਏ ਗਏ ਕਾਨੂੰਨ ਦੀ ਇਕ ਮੱਦ ਦੀ ਵਿਵਸਥਾ ਦੇ ਮੱਦੇਨਜ਼ਰ ਕੇਂਦਰ ਸਰਕਾਰ ਦਾ ਪੱਖ ਸੁਣਨਾ ਜ਼ਰੂਰੀ ਹੈ। ਬੈਂਚ ਨੇ ਕਿਹਾ ਕਿ 2011 ਦੇ ਫ਼ੈਸਲੇ ਅਮਰੀਕੀ ਅਦਾਲਤ ਦੇ ਫ਼ੈਸਲਿਆਂ 'ਤੇ ਭਰੋਸਾ ਕਰਦੇ ਹੋਏ ਪਾਸ ਕੀਤੇ ਗਏ ਸਨ, ਪਰ ਭਾਰਤ ਦੀ ਸਥਿਤੀ 'ਤੇ ਵਿਚਾਰ ਕੀਤੇ ਬਿਨਾਂ ਇਸ ਤਰ੍ਹਾਂ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਕਿਹਾ, 'ਭਾਰਤ ਵਿੱਚ ਬੋਲਣ ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਾ ਅਧਿਕਾਰ ਪੂਰਨ ਨਹੀਂ ਹੈ ਤੇ ਇਹ ਉਚਿਤ ਜਾਇਜ਼ ਪਾਬੰਦੀਆਂ ਦੇ ਅਧੀਨ ਹੈ। ਹਾਲਾਂਕਿ, ਅਮਰੀਕੀ ਅਦਾਲਤ ਦੇ ਫ਼ੈਸਲੇ ਮਾਰਗ ਦਰਸ਼ਨ ਕਰ ਸਕਦੇ ਹਨ।'

ਨੌਂ ਫਰਵਰੀ ਨੂੰ ਰੀਵਿਊ ਪਟੀਸ਼ਨਾਂ 'ਤੇ ਆਪਣਾ ਫ਼ੈਸਲਾ ਸੁਰੱਖਿਅਤ ਰੱਖਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜਦੋਂ ਤਿੰਨ ਫਰਵਰੀ, 2011 ਦਾ ਫ਼ੈਸਲਾ ਸੁਣਾਇਆ ਗਿਆ ਸੀ ਤਾਂ ਉਸ ਦੇ ਦੋ ਜੱਜਾਂ ਦੇ ਬੈਂਚ ਨੇ ਕੇਂਦਰ ਸਰਕਾਰ ਦਾ ਪੱਖ ਨਹੀਂ ਸੁਣਿਆ ਸੀ। ਇਸ ਫ਼ੈਸਲੇ ਵਿੱਚ ਸੁਪਰੀਮ ਕੋਰਟ ਦੀ ਜਸਟਿਸ ਮਾਰਕੰਡੇ ਕਾਟਜੂ ਤੇ ਜਸਟਿਸ ਗਿਆਨ ਸੁਧਾ ਮਿਸ਼ਰਾ ਦੇ ਬੈਂਚ ਨੇ ਅੱਤਵਾਦੀ ਸੰਗਠਨ ਉਲਫਾ ਦੇ ਸ਼ੱਕੀ ਮੈਂਬਰ ਅਰੂਪ ਭੂਈਆਂ ਨੂੰ ਬਰੀ ਕਰ ਦਿੱਤਾ ਸੀ ਜਿਸ ਨੂੰ ਟਾਡਾ ਅਦਾਲਤ ਨੇ ਪੁਲਿਸ ਸੁਪਰਡੈਂਟ ਸਾਹਮਣੇ ਕਥਿਤ ਇਕਬਾਲੀਆ ਬਿਆਨ ਦੇ ਆਧਾਰ 'ਤੇ ਦੋਸ਼ੀ ਠਹਿਰਾਇਆ ਸੀ। ਸੁਪਰੀਮ ਕੋਰਟ ਦਾ ਕਹਿਣਾ ਸੀ ਕਿ ਪਾਬੰਦੀ ਸ਼ੁਦਾ ਸੰਗਠਨ ਦਾ ਮੈਂਬਰ ਹੋਣ ਨਾਲ ਹੀ ਕੋਈ ਵਿਅਕਤੀ ਅਪਰਾਧੀ ਨਹੀਂ ਬਣ ਜਾਂਦਾ ਜਦੋਂ ਤੱਕ ਕਿ ਉਹ ਹਿੰਸਾ ਵਿੱਚ ਸ਼ਾਮਲ ਨਾ ਹੋਵੇ ਜਾਂ ਲੋਕਾਂ ਨੂੰ ਹਿੰਸਾ ਲਈ ਉਕਸਾਉਂਦਾ ਨਾ ਹੋਵੇ ਜਾਂ ਹਿੰਸਾ ਜ਼ਰੀਏ ਜਾਂ ਹਿੰਸਾ ਲਈ ਉਕਸਾ ਕੇ ਗੜਬੜੀ ਪੈਦਾ ਨਾ ਕਰਦਾ ਹੋਵੇ।

***

## ਕਿਸਾਨਾਂ ਨੂੰ ਕਣਕ ਝੋਨੇ ਦੇ ਫ਼ਸਲੀ

ਫਸਲਾਂ ਦਾ ਸਹੀ ਭਾਅ ਨਹੀਂ ਮਿਲਦਾ, ਜਿਸ ਕਰਕੇ ਕਿਸਾਨ ਕਣਕ ਅਤੇ ਝੋਨਾ ਬੀਜਣ ਲਈ ਮਜਬੂਰ ਹੁੰਦੇ ਹਨ। ਕਿਸਾਨਾਂ ਨੂੰ ਵੀ ਧਰਤੀ ਹੇਠਲੇ ਪਾਣੀ ਦੀ ਘਾਟ ਆਉਣ ਬਾਰੇ ਪਤਾ ਹੈ, ਪਰ ਉਹ ਝੋਨੇ ਦੀ ਫਸਲ ਬੀਜਣ ਲਈ ਮਜਬੂਰ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਅਕਸਰ ਕਿਸਾਨਾਂ ਨੂੰ ਝੋਨਾ ਘੱਟ ਬੀਜਣ ਦੀ ਸਲਾਹ ਦਿੰਦੀਆਂ ਹਨ ਪਰ ਜਦੋਂ ਕਿਸਾਨ ਹੋਰਨਾਂ ਫਸਲਾਂ ਦੀ ਬਿਜਾਈ ਨਹੀਂ ਕਰਦੇ ਤਾਂ ਸਰਕਾਰ ਵੱਲੋਂ ਅਕਸਰ ਉਹਨਾਂ ਫਸਲਾਂ ਦਾ ਸਹੀ ਭਾਅ ਨਹੀਂ ਦਿੱਤਾ ਜਾਂਦਾ, ਜਿਸ ਕਰਕੇ ਕਿਸਾਨਾਂ ਨੂੰ ਆਰਥਿਕ ਘਾਟਾ ਝੱਲਣਾ ਪੈਂਦਾ ਹੈ। ਇਸ ਵਾਰ ਕਿਸਾਨਾਂ ਦੇ ਆਲੂ ਮੰਡੀਆਂ ਵਿੱਚ ਰੁਲਦੇ ਵੇਖੇ ਗਏ, ਜਿਸ ਕਰਕੇ ਕਿਸਾਨਾਂ ਨੂੰ ਆਲੂਆਂ ਦੀ ਫਸਲ ਦਾ ਲਾਗਤ ਮੁੱਲ ਵੀ ਨਹੀਂ ਮੁੜਿਆ। ਇਸੇ ਕਰਕੇ ਕਿਸਾਨਾਂ ਦਾ ਆਲੂਆਂ ਦੀ ਫਸਲ ਤੋਂ ਮੋਹ ਭੰਗ ਹੋ ਰਿਹਾ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੇ ਫਸਲੀ ਚੱਕਰ ਵਿਚੋਂ ਕਢਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਕਿਸਾਨਾਂ ਨੂੰ ਘੱਟ ਪਾਣੀ ਪੀਣ ਵਾਲੀਆਂ ਫਸਲਾਂ ਬੀਜਣ ਲਈ ਉਤਸ਼ਾਹਿਤ ਕੀਤਾ ਜਾਵੇ ਅਤੇ ਕਿਸਾਨਾਂ ਦੀਆਂ ਸਾਰੀਆਂ ਫਸਲਾਂ ਦਾ ਉਚਿਤ ਭਾਅ ਦਿਤਾ ਜਾਵੇ।

***

## ਆਸਟ੍ਰੇਲੀਆ 'ਚ ਲੱਗਾ ਪਹਿਲੇ ਸਿੱਖ ਫ਼ੌਜੀ ਦਾ ਬੁੱਤ

ਕੌਂਸਲਰ ਕੁਸ਼ਪਿੰਦਰ ਕੌਰ ਆਦਿ ਨੇ ਕਿਹਾ ਕਿ ਸਿੱਖ ਕੌਮ ਦੇ ਯੋਗਦਾਨ ਨੂੰ ਬਿਆਨ ਕਰਦਾ ਇਹ ਬੁੱਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਇਤਿਹਾਸ ਤੋਂ ਜਾਣੂ ਕਰਵਾਏਗਾ।

ਫ਼ਤਿਹ ਫਾਊਂਡੇਸ਼ਨ ਤੋਂ ਹਰਕੀਰਤ ਸਿੰਘ ਸੰਧਰ ਨੇ ਦੱਸਿਆ ਕਿ ਪਹਿਲੀ ਕਿਤਾਬ ਲਿਖਦਿਆਂ ਉਹਨਾਂ ਨੇ ਪੂਰੇ ਆਸਟ੍ਰੇਲੀਆ ਨੂੰ ਘੁੰਮਿਆ ਅਤੇ ਮਹਿਸੂਸ ਕੀਤਾ ਕਿ ਸਿੱਖਾਂ ਦੀ ਹੋਂਦ ਨੂੰ ਦਰਸਾਉਂਦਾ ਕੋਈ ਸਥਾਨ ਨਹੀਂ ਹੈ। 2018 ਤੋਂ ਲਿਆ ਹੋਇਆ ਸੁਫ਼ਨਾ ਅੱਜ ਸਾਕਾਰ ਹੋਇਆ ਹੈ। ਸੰਧਰ ਨੇ ਇਹ ਵੀ ਦੱਸਿਆ ਕਿ ਸੰਸਾਰ ਜੰਗ ਵੇਲੇ 12 ਲੱਖ ਤੋਂ ਉੱਪਰ ਜਿੱਥੇ ਭਾਰਤੀ ਇਸ ਜੰਗ ਦਾ ਹਿੱਸਾ ਬਣੇ, ਉੱਥੇ ਬ੍ਰਿਟਿਸ਼ ਫ਼ੌਜ ਵਿੱਚ 22% ਪੰਜਾਬੀ ਸਨ।

## ਨਹੀਂ ਮਿਲਦੀਆਂ ਸਿਹਤ ਸਹੂਲਤਾਂ

ਕਰੋਨਾ ਕਾਲ 'ਚ ਇੱਕ ਵਿਸ਼ੇਸ਼ ਵਰਗ ਨੇ ਸਿਹਤ ਸਹੂਲਤਾਂ ਪ੍ਰਦਾਨ ਕਰਦਿਆਂ ਇੰਨੀ ਲੁੱਟ ਮਚਾਈ ਕਿ ਅਰਬਾਂ ਪਤੀ, ਖਰਬਾਂ ਪਤੀ ਲੋਕਾਂ ਦੀ ਗਿਣਤੀ ਵਧ ਗਈ ਅਤੇ ਵੱਡੀ ਗਿਣਤੀ ਲੋਕ ਗਰੀਬੀ ਰੇਖਾ ਤੋਂ ਹੋਰ ਥੱਲੇ ਖਿਸਕ ਗਏ। ਚਾਹੀਦਾ ਤਾਂ ਇਹ ਹੈ ਕਿ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਮੁਫ਼ਤ ਹੋਵੇ ਹਰ ਨਾਗਰਿਕ ਲਈ, ਬਰਾਬਰ ਦੀ ਸਿੱਖਿਆ ਹੋਵੇ ਸਭ ਲਈ, ਚੰਗੀਆਂ ਸਿਹਤ ਸਹੂਲਤਾਂ ਤੋਂ ਵੀ ਕੋਈ ਵਿਰਵਾ ਨਾ ਰਹੇ। ਪਰ ਸਰਕਾਰੀ ਤੰਤਰ ਵੱਲੋਂ ਜਾਰੀ ਸਿਹਤ ਸਹੂਲਤ "ਆਯੂਸ਼ਮਾਨ ਭਾਰਤ" ਯੋਜਨਾ ਦਾ ਦੇਸ਼ 'ਚ ਕੀ ਹਾਲ ਹੋਇਆ? ਇਸ ਯੋਜਨਾ ਦਾ ਉਦੇਸ਼ 50 ਕਰੋੜ ਲੋਕਾਂ ਨੂੰ ਸਿਹਤ ਸੁਰੱਖਿਆ ਪ੍ਰਦਾਨ ਕਰਨਾ ਹੈ। ਪਰ ਇਹ ਯੋਜਨਾ ਵੀ ਭੈੜੇ ਪ੍ਰਬੰਧਨ, ਪੈਸੇ ਦੀ ਘਾਟ ਕਾਰਨ ਅਤੇ ਸਿਹਤ ਕਾਮਿਆਂ ਦੀ ਕਮੀ ਕਾਰਨ ਹਫ਼ਦੀ ਹੋਈ ਨਜ਼ਰ ਆਈ।

ਦੇਸ਼ ਦਾ ਪਿੰਡ ਰੁਜ਼ਗਾਰ ਵਿਹੂਣਾ ਹੈ। ਦੇਸ਼ ਦਾ ਪਿੰਡ ਸਿੱਖਿਆ ਸਹੂਲਤਾਂ ਤੋਂ ਊਣਾ ਹੈ। ਦੇਸ਼ ਦੇ ਪਿੰਡਾਂ ਲਈ ਅੱਛੀਆਂ ਸੜਕਾਂ ਨਹੀਂ, ਸਾਫ ਸੁਥਰੇ ਪਾਣੀ ਅਤੇ ਟਾਇਲਟਾਂ ਦੀ ਕਮੀ ਹੈ। ਦੇਸ਼ ਦੇ ਪਿੰਡਾਂ 'ਚ ਸਰਕਾਰਾਂ ਹਰਾ, ਹਰਾ, ਗੁਲਾਬੀ, ਗੁਲਾਬੀ ਲੱਖ ਵੇਰ ਲੋਕਾਂ ਨੂੰ ਦਿਖਾਉਣ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਅੱਜ ਵੀ ਪਿੰਡ ਬੀਮਾਰ ਹੈ ।ਸਿਹਤ ਸਹੂਲਤਾਂ 'ਚ ਘਾਟ ਅਤੇ ਵਖਰੇਵੇਂ ਕਾਰਨ ਖਾਸ ਕਰਕੇ ਪੇਂਡੂ ਖਿੱਤਾ ਬਦਹਾਲੀ ਝੱਲ ਰਿਹਾ ਹੈ। ਇਹ ਸਮੱਸਿਆ ਕਿਸੇ ਇੱਕ ਹੀ ਸੂਬੇ ਦੀ ਕਮੀ ਨਹੀਂ ਹੈ, ਸਗੋਂ ਸਮੁੱਚੇ ਭਾਰਤ ਦੀ ਇਹ ਹਾਲਤ ਹੈ। ਭਾਵੇਂ ਕਿ ਕੁਝ ਸੂਬੇ ਸਿਹਤ ਸਹੂਲਤਾਂ ਦੇਣ ਲਈ ਹੰਭਲੇ ਮਾਰ ਰਹੇ ਹਨ, ਪਰ ਪੈਸੇ ਦੀ ਥੁੜ ਆੜੇ ਆ ਰਹੀ ਹੈ ਅੱਜ ਵੀ ਸਿਹਤ ਸਹੂਲਤਾਂ ਦੀ ਘਾਟ ਦੀ ਮਾਰ ਗਰੀਬ ਆਦਮੀ ਹੀ ਸਹਿ ਰਿਹਾ ਹੈ। ਪਰ ਸਿਆਸੀ ਆਗੂ ਲੋਕਤੰਤਰ ਅਤੇ ਸੰਵਿਧਾਨ ਦੀ ਦੁਹਾਈ ਦੇਕੇ ਆਪਣਾ ਉਲੂ ਸਿੱਧਾ ਕਰ ਰਹੇ ਹਨ ਅਤੇ ਵੱਡੀਆਂ-ਵੱਡੀਆਂ ਯੋਜਨਾਵਾਂ ਬਣਾਕੇ, ਫਿਰ ਉਹਨਾ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।ਸੰਵਿਧਾਨ ਦੀ ਧਾਰਾ-21 ਅਨੁਸਾਰ ਹਰ ਭਾਰਤੀ ਨਾਗਰਿਕ ਨੂੰ ਜੀਵਨ ਜੀਊਣ ਦਾ ਹੱਕ ਹੈ। ਪਰ ਜਿਥੇ ਸਿਹਤ ਸਹੂਲਤਾਂ ਦਾ ਮੰਦਾ ਹਾਲ ਹੋਵੇ, ਖਾਸ ਕਰਕੇ ਪੇਂਡੂ ਖਿੱਤੇ 'ਚ ਉਥੇ ਚੰਗਾ ਜੀਵਨ ਕਿਵੇਂ ਚਿਤਵਿਆ ਜਾ ਸਕਦਾ ਹੈ?ਅਸਲ ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਮੁਫਤ ਸਿਹਤ, ਸਿੱਖਿਆ ਸਹੂਲਤਾਂ ਦੇਵੇ, ਪਰ ਪਿਛਲੇ ਸਾਲਾਂ 'ਚ ਸਰਕਾਰਾਂ ਇਸ ਫਰਜ਼ ਤੋਂ ਆਪਣਾ ਹੱਥ ਪਿੱਛੇ ਖਿੱਚ ਰਹੀਆਂ ਹਨ ਅਤੇ ਸਿਹਤ ਸੇਵਾਵਾਂ ਦਾ ਨਿਜੀਕਰਨ ਵਧਦਾ ਜਾ ਰਿਹਾ ਹੈ।ਡਰ ਤਾਂ ਇਹ ਬਣਦਾ ਜਾ ਰਿਹਾ ਹੈ ਕਿ ਸਰਕਾਰ ਆਉਣ ਵਾਲੇ ਸਮੇਂ 'ਚ ਸਿਹਤ ਖੇਤਰ 'ਚ ਨਾਗਰਿਕਾਂ ਨੂੰ ਆਪਣੀ ਸਿਹਤ ਦੇ ਸਬੰਧ 'ਚ ਆਤਮ ਨਿਰਭਰ ਹੋਣ ਦੀ ਗੱਲ ਨਾ ਕਹਿ ਦੇਵੇ, ਤਾਂ ਫਿਰ ਗਰੀਬ ਲੋਕਾਂ ਖਾਸ ਕਰਕੇ ਪੇਂਡੂਆਂ ਦਾ ਕੀ ਬਣੇਗਾ?

***

## ਭਾਜਪਾ ਦੀਆਂ ਫ਼ਿਰਕੂ ਧਰੁਵੀਕਰਨ

ਇਹ ਹੈ ਕਿ ਹਿੰਦੂ ਵੋਟਰ ਹਿੰਦੂਆਂ ਦੇ ਹੱਕ ਵਿੱਚ ਅਤੇ ਮੁਸਲਮਾਨਾਂ ਦੇ ਵਿਰੁੱਧ ਵੋਟਾਂ ਪਾਉਣ। ਮੈਂ ਇਹ ਦ੍ਰਿੜਾਉਣਾ ਚਾਹੁੰਦਾ ਹਾਂ ਕਿ ਇਹ ਮਹਿਜ਼ ਪੈਂਤੜੇ (ਆਪਣੀ ਮੰਦੀ ਕਾਰਗੁਜ਼ਾਰੀ ਨੂੰ ਛੁਪਾਉਣ) ਦਾ ਸਵਾਲ ਨਹੀਂ ਹੈ ਸਗੋਂ ਵਿਸ਼ਵਾਸ ਦਾ ਮਾਮਲਾ ਹੈ। ਹਿੰਦੂ ਸ੍ਰੇਸ਼ਠਤਾ ਅਤੇ ਮੁਸਲਮਾਨਾਂ ਨੂੰ ਬਦਨਾਮ ਕਰਨਾ ਤੇ ਸ਼ੈਤਾਨ ਵਜੋਂ ਪੇਸ਼ ਕਰਨਾ ਹਿੰਦੁਤਵੀ ਵਿਚਾਰਧਾਰਾ ਦਾ ਮੂਲ ਮੰਤਵ ਹੈ।

ਉੱਤਰ ਪ੍ਰਦੇਸ਼ ਅਤੇ ਅਸਾਮ ਦੀ ਤਰ੍ਹਾਂ ਹੀ ਕਰਨਾਟਕ ਵਿੱਚ ਵੀ ਭਾਜਪਾ ਫ਼ਿਰਕੂ ਧਰੁਵੀਕਰਨ ਦੇ ਆਧਾਰ 'ਤੇ ਇਸ ਅਹਿਮ ਸੂਬੇ ਦੀ ਚੋਣ ਜਿੱਤਣ ਦੀ ਆਸਵੰਦ ਹੈ। ਉਨ੍ਹਾਂ ਦਾ ਗਣਿਤ ਇਹ ਹੈ ਕਿ ਤਿੰਨ ਧਿਰੀ ਮੁਕਾਬਲੇ ਵਿੱਚ ਜੇ ਅੱਧ ਜਾਂ ਇਸ ਤੋਂ ਵੱਧ ਹਿੰਦੂ ਖ਼ਾਸ ਤੌਰ 'ਤੇ ਸਿਰਫ਼ ਹਿੰਦੂਆਂ ਲਈ ਵੋਟਾਂ ਪਾਉਣ ਤਾਂ ਪਾਰਟੀ ਝੰਡੀ ਲੈ ਜਾਵੇਗੀ। ਜੇ ਇਹ ਰਣਨੀਤੀ ਕਾਮਯਾਬ ਹੋ ਗਈ ਤਾਂ ਇਸ ਨਾਲ ਕਰਨਾਟਕ ਵਿੱਚ ਅਮਨ ਤੇ ਖ਼ੁਸ਼ਹਾਲੀ ਦੇ ਆਸਾਰ ਹੋਰ ਮੱਧਮ ਪੈ ਜਾਣਗੇ।

***

## ਧਰਤੀ ਦਾ ਸਵਰਗ ਕੈਨੇਡਾ,

ਬੜਾ ਆਸਾਨ ਹੁੰਦਾ ਹੈ। ਕੈਂਸਰ ਦੀ ਬਿਮਾਰੀ ਕੈਨੇਡਾ ਵਿੱਚ ਸਭ ਤੋਂ ਵੱਧ ਹੈ ਬਲਕਿ ਦੁਨੀਆ ਵਿੱਚ ਕੈਨੇਡਾ ਕੈਂਸਰ ਦੀ ਹੱਬ ਹੈ। ਇਸ ਦਾ ਕਾਰਨ ਸ਼ਾਇਦ ਕਾਰੋਬਾਰੀ ਘਰਾਣਿਆਂ ਦਾ ਮੁਨਾਫ਼ਾ ਹੈ।

ਸਾਡੇ ਦੇਸ਼ ਨਾਲੋਂ ਉੱਥੇ ਲੋਕਾਂ ਦਾ ਮਦਦ ਕਰਨ ਦਾ ਤਰੀਕਾ ਬਹੁਤ ਕਾਰਗਰ ਹੈ। ਸਾਡੇ ਲੋਕ ਮਦਦ ਦੀ ਰਕਮ ਇਕੱਠੀ ਕਰਨ ਲਈ ਪ੍ਰਚਾਰ ਬਹੁਤ ਕਰਦੇ ਹਨ। ਕਈਆਂ ਦੇ ਆਪਣੇ ਕਾਰੋਬਾਰ ਹੀ ਮਦਦ ਦੇ ਨਾਮ 'ਤੇ ਚੱਲਦੇ ਹਨ, ਪਰ ਕੈਨੇਡਾ ਵਿੱਚ ਮਦਦ ਕਰਕੇ ਬਹੁਤਾ ਪ੍ਰਚਾਰ ਨਹੀਂ ਕੀਤਾ ਜਾਂਦਾ। ਬਹੁਤ ਸਾਰੀਆਂ ਸੰਸਥਾਵਾਂ ਗਰੀਬ ਲੋਕਾਂ ਦੀਆਂ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਛੁਪੇ ਹੋਏ ਤਰੀਕੇ ਨਾਲ ਕੰਮ ਕਰਦੀਆਂ ਹਨ। ਅਸਲ ਸੇਵਾ ਭਾਵਨਾ ਉਨ੍ਹਾਂ ਲੋਕਾਂ ਵਿੱਚ ਹੋਰਨਾਂ ਨਾਲੋਂ ਜ਼ਿਆਦਾ ਹੈ। ਧਰਮ ਦੇ ਮਾਮਲੇ ਵਿੱਚ ਕੈਨੇਡਾ ਸਾਰੇ ਧਰਮਾਂ ਦਾ ਦੇਸ਼ ਹੈ। ਇੱਥੇ ਬੋਲਣ ਦੀ ਪੂਰਨ ਆਜ਼ਾਦੀ ਹੈ। ਬਹੁਤ ਸਾਰੀਆਂ ਚੈਰਿਟੀ ਸੰਸਥਾਵਾਂ ਕੈਂਸਰ ਤੇ ਹੋਰ ਨਾਮੁਰਾਦ ਬਿਮਾਰੀਆਂ ਦਾ ਮੁਫ਼ਤ ਇਲਾਜ ਆਪਣਾ ਨਾਮ ਜ਼ਾਹਰ ਕੀਤੇ ਬਿਨਾਂ ਕਰਾਉਂਦੀਆਂ ਹਨ। ਜੋ ਲੋਕ ਦਾਨ ਦਿੰਦੇ ਹਨ, ਉਹ ਆਪਣਾ ਨਾਮ ਗੁਪਤ ਰੱਖਦੇ ਹਨ। ਇਸ ਵਕਤ ਕੈਨੇਡਾ ਆਰਥਿਕ ਮੰਦੇ ਨਾਲ ਜੂਝ ਰਿਹਾ ਹੈ। ਇਹ ਧਰਤੀ ਦਾ ਸਵਰਗ ਦੂਰ ਬੈਠਿਆਂ ਸਭ ਨੂੰ ਲਲਚਾਉਂਦਾ ਹੈ। ਇਹ ਧਰਤੀ ਕੁਦਰਤ ਦੇ ਬਹੁਤ ਨੇੜੇ ਹੈ। ਕੈਨੇਡਾ ਦੇ ਬਹੁਤ ਸਾਰੇ ਹਿੱਸੇ ਅਜੇ ਤੱਕ ਅਣਛੂਹੇ ਹਨ ਜਿੱਥੇ ਅਜੇ ਤੱਕ ਬਾਹਰੀ ਇਨਸਾਨ ਨਹੀਂ ਪਹੁੰਚਿਆ। ਸਾਫ਼ ਸੁਥਰਾ ਵਾਤਾਵਰਨ ਮਨ ਮੋਹ ਲੈਂਦਾ ਹੈ। ਦੁਨੀਆ ਵਿੱਚ ਰਹਿਣ ਲਈ ਸੋਹਣੀਆਂ ਥਾਵਾਂ ਵਿੱਚੋਂ ਕੈਨੇਡਾ ਇੱਕ ਹੈ। ਕੋਈ ਵੀ ਦੇਸ਼ ਸਮੱਸਿਆਵਾਂ ਤੋਂ ਪੂਰਨ ਤੌਰ 'ਤੇ ਮੁਕਤ ਨਹੀਂ ਹੁੰਦਾ, ਪਰ ਕੈਨੇਡਾ ਦੇ ਸਾਫ਼ ਸੁਥਰੇ ਪ੍ਰਦੂਸ਼ਣ ਰਹਿਤ ਤੇ ਕੁਦਰਤੀ ਵਾਤਾਵਰਨ ਸਾਹਮਣੇ ਇਹ ਸਮੱਸਿਆਵਾਂ ਤੁੱਛ ਹਨ।

***

## ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦੀ

ਵਿੱਚ ਕੈਨੇਡਾ ਤੋਂ ਆਏ ਵਫ਼ਦ ਨੇ ਮੁਲਾਕਾਤ ਕੀਤੀ ਅਤੇ ਇਮੀਗ੍ਰੇਸ਼ਨ ਦੀਆਂ ਕਾਲੀਆਂ ਨੀਤੀਆਂ, ਨਸਲੀ ਵਿਤਕਰੇ, ਧੱਕੇਸ਼ਾਹੀਆਂ ਅਤੇ ਜਬਰ- ਜ਼ੁਲਮ ਬਾਰੇ ਨਿਡਰਤਾ ਨਾਲ ਵਿਚਾਰ ਰੱਖੇ।

ਚਾਹੇ ਉਸ ਵੇਲੇ ਪੰਜਾਬ ਦੇ ਜਾਗਰੂਕ ਲੋਕਾਂ, ਲੋਕ ਪੱਖੀ ਮੀਡੀਆ ਅਤੇ ਆਮ ਵਿਅਕਤੀਆਂ ਨੇ ਭਾਈ ਬਲਵੰਤ ਸਿੰਘ ਦਾ ਸਾਥ ਦਿੱਤਾ, ਪਰ ਅਖੌਤੀ ਰਾਸ਼ਟਰਵਾਦੀ ਅਤੇ ਫਰੰਗੀਆਂ ਦੇ ਝੋਲੀ ਚੁੱਕਾਂ ਨੇ ਵਿਰੋਧ ਹੀ ਕੀਤਾ। ਗਦਰੀ ਸੂਰਮਿਆਂ ਦੇ ਅਖ਼ਬਾਰ ਕਿਰਤੀ 1926 ਦੇ ਅੰਕ ਦੇ ਪੰਨਾ 14 ਉੱਪਰ ਲਿਖਿਆ ਹੈ ਕਿ ਰਾਸ਼ਟਰਵਾਦੀ ਆਗੂ ਲਾਲਾ ਲਾਜਪਤ ਰਾਏ ਨੇ ਭਾਈ ਬਲਵੰਤ ਸਿੰਘ ਹੁਰਾਂ ਵੱਲੋਂ ਅੰਗਰੇਜ਼ਾਂ ਖ਼ਿਲਾਫ਼ ਕੀਤੇ ਸੰਘਰਸ਼ ਨੂੰ ਕੇਵਲ ਸਿੱਖਾਂ ਦਾ ਮਸਲਾ ਕਹਿਕੇ ਉਹਨਾਂ ਦਾ ਸਾਥ ਦੇਣੋਂ ਨਾਂਹ ਕਰ ਦਿੱਤੀ। ਦੂਜੇ ਪਾਸੇ ਚੀਫ ਖ਼ਾਲਸਾ ਦੀਵਾਨ ਵਿਚਲੇ ਅੰਗਰੇਜ਼ਾਂ ਦੇ ਪਿੱਠੂਆਂ ਨੇ ਵੀ ਭਾਈ ਸਾਹਿਬ ਦੇ ਇਤਿਹਾਸਕ ਯਤਨਾਂ ਦਾ ਵਿਰੋਧ ਕਰਕੇ ਕੌਮ ਦੀ ਪਿੱਠ 'ਚ ਛੁਰਾ ਮਾਰਿਆ।

ਇਸੇ ਕਾਰਨ ਹੀ ਕੁਝ ਸਮਾਂ ਮਗਰੋਂ ਸਿੱਖ ਸੰਗਤਾਂ ਵੱਲੋਂ ਗੁਰਮਤਾ ਕਰਕੇ ਅਜਿਹੇ ਵਿਅਕਤੀਆਂ ਨੂੰ ਪੰਥ ਅਤੇ ਕੌਮ ਦੇ ਗ਼ੱਦਾਰ ਐਲਾਨਿਆ ਗਿਆ। ਇਤਿਹਾਸਕ ਸਰੋਤਾਂ ਅਨੁਸਾਰ ਇਨ੍ਹਾਂ ਗੁਰਮਤਿਆਂ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕਰਦਿਆਂ ਗ਼ਦਰੀ ਯੋਧਿਆਂ, ਕਾਮਾਗਾਟਾ ਮਾਰੂ ਦੇ ਮੁਸਾਫਰਾਂ, ਕੈਨੇਡਾ ਤੋਂ ਆਏ ਸਿੱਖ ਜੱਥਿਆਂ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਹੋਰਨਾਂ ਸ਼ਖ਼ਸੀਅਤਾਂ ਦੀ ਬਹਾਦਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਨਾਲ ਹੀ ਸੁੰਦਰ ਸਿੰਘ ਮਜੀਠੀਏ, ਅਰੂੜ ਸਿੰਘ ਸਰਬਰਾਹ ਅਤੇ ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਵਰਗਿਆਂ ਨੂੰ ਤਨਖਾਹੀਏ ਕਰਾਰ ਦੇ ਕੇ, ਉਨ੍ਹਾਂ ਨੂੰ ਭਾਈ ਜਾਂ ਸਰਦਾਰ ਸ਼ਬਦ ਨਾਲ ਸੰਬੋਧਨ ਨਾ ਕਰਨ ਵਾਸਤੇ ਕਿਹਾ ਗਿਆ।

ਭਾਈ ਬਲਵੰਤ ਸਿੰਘ ਖੁਰਦਪੁਰ ਨੇ ਕੈਨੇਡਾ ਵਾਪਸ ਪਰਤਦਿਆਂ ਆਪਣੇ ਮਿੱਤਰ ਭਾਈ ਹਰਚੰਦ ਸਿੰਘ ਲਾਇਲਪੁਰੀ ਨੂੰ ਪੱਤਰ ਲਿਖਕੇ ਚੀਫ਼ ਖ਼ਾਲਸਾ ਦੀਵਾਨ ਨਾਲੋਂ ਨਾਤਾ ਤੋੜਨ ਅਤੇ ਅੰਗਰੇਜ਼ ਹਕੂਮਤ ਦਾ ਡਟਵਾਂ ਵਿਰੋਧ ਕਰਨ ਦੀ ਹਦਾਇਤ ਕੀਤੀ ਸੀ। ਕੈਨੇਡਾ ਵਾਪਸੀ ਦੌਰਾਨ ਆਪ ਕਾਮਾਗਾਟਾ ਮਾਰੂ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਅਤੇ ਮੁਖੀ ਭਾਈ ਗੁਰਦਿੱਤ ਸਿੰਘ ਸਰਹਾਲੀ ਨੂੰ ਵੀ ਮਿਲੇ ਅਤੇ ਜਹਾਜ਼ ਦੇ ਕੈਨੇਡਾ ਪੁੱਜਣ ਤੋਂ ਦੋ ਦਿਨ ਪਹਿਲਾਂ ਵੈਨਕੂਵਰ ਪਹੁੰਚ ਗਏ। ਮੁਸਾਫ਼ਰਾਂ ਦੀ ਸਹਾਇਤਾ ਲਈ ਬਣੀ ਸ਼ੋਅਰ ਕਮੇਟੀ ਵਿੱਚ ਭਾਈ ਸਾਹਿਬ ਆਗੂ ਸਨ। ਜਦੋਂ ਜਬਰੀ ਜਹਾਜ਼ ਭਾਰਤ ਵਾਪਸ ਮੁੜਨ ਦਾ ਫ਼ੈਸਲਾ ਕੀਤਾ ਗਿਆ, ਤਾਂ ਭਾਈ ਸਾਹਿਬ ਆਪਣੇ ਸਾਥੀਆਂ ਸਮੇਤ 23 ਜੁਲਾਈ 1914 ਨੂੰ ਅਮਰੀਕਾ ਤੋਂ ਹਥਿਆਰ ਖ਼ਰੀਦਣ ਵਾਸਤੇ ਗਏ, ਤਾਂ ਕਿ ਜਹਾਜ਼ ਰਾਹੀਂ ਗ਼ਦਰ ਪਾਰਟੀ ਦੇ ਲੀਡਰਾਂ ਤੱਕ ਪਹੁੰਚਾਏ ਜਾ ਸਕਣ, ਪਰ ਸੁਮਸ ਬਾਰਡਰ 'ਤੇ ਇਨ੍ਹਾਂ ਗਦਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜਹਾਜ਼ ਪਰਤਣ ਤੋਂ ਬਾਅਦ ਰਿਹਾਅ ਕੀਤਾ ਗਿਆ।ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫ਼ੈਸਲੇ ਅਧੀਨ ਸਿੰਘ ਸਾਹਿਬ ਨੇ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫ਼ੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ ਚੰਦ ਨਵਾਂ ਨਾਲ ਸਾਨ-ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ। ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ 'ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ 'ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ। ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ 'ਤੇ ਭਾਰੀ ਤਸ਼ੱਦਦ ਕੀਤਾ। ਜੁਲਾਈ 1916 ਵਿੱਚ ਆਪ ਨੂੰ ਪੰਜਾਬ ਲਿਜਾ ਕੇ ਲਾਹੌਰ ਸੈਕਿੰਡ ਸਪਲੀਮੈਂਟਰੀ ਸਾਜ਼ਿਸ਼ ਮੁਕੱਦਮੇ ਅਧੀਨ ਪੇਸ਼ ਕੀਤਾ ਗਿਆ। ਬੇਲਾ ਜਿਆਣ ਗ਼ੱਦਾਰ ਵੈਨਕੂਵਰ ਦੇ ਸਾਥੀ ਟਾਊਟ ਗੰਗਾ ਰਾਮ ਦੇ ਭਰਾ ਅਮਨ ਸਹੋਤਾ, ਮੰਗਲ ਜਿਆਣ ਅਤੇ ਬੇਅੰਤ ਸਿੰਘ ਨਾਲ ਮਿਲ ਕੇ ਝੂਠੀਆਂ ਗਵਾਹੀਆਂ ਦਿੱਤੀਆਂ, ਜਿਨ੍ਹਾਂ ਦੇ ਆਧਾਰ 'ਤੇ ਭਾਈ ਸਾਹਿਬ ਨੂੰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਾਉਣ ਅਤੇ ਗ਼ਦਰ ਮਚਾਉਣ ਵਾਲੇ ਲੋਕਾਂ ਦੇ ਆਗੂ ਵਜੋਂ ਭਾਰਤ ਚ ਬਗਾਵਤ ਤੇ ਕਤਲ ਕਰਵਾਉਣ ਦਾ ਜ਼ਿੰਮੇਵਾਰ ਕਰਾਰ ਦਿੰਦਿਆਂ, ਇੰਡੀਅਨ ਪੈਨਲ ਕੋਡ ਅਨੁਸਾਰ ਸਜ਼ਾ- ਏ-ਮੌਤ ਸੁਣਾਈ ਗਈ ਅਤੇ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ। ਸਿੰਘ ਸਾਹਿਬ ਸ਼ਹਾਦਤ ਪਾਉਣ ਤੱਕ ਚੜ੍ਹਦੀ ਕਲਾ ਵਿੱਚ ਰਹੇ। 29 ਮਾਰਚ 1917 ਨੂੰ ਜਦੋਂ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ ਸੀ, ਉਸ ਤੋਂ ਇੱਕ ਰਾਤ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ ਲਾਹੌਰ ਜੇਲ੍ਹ ਵਿੱਚ ਆਖ਼ਰੀ ਮੁਲਾਕਾਤ ਲਈ ਪਹੁੰਚੀ, ਤਦ ਉਸ ਨੂੰ ਦੱਸਿਆ ਗਿਆ ਕਿ ਕੱਲ੍ਹ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਉਸ ਮੌਕੇ 'ਤੇ ਜੇਲਰ ਨੇ ਬੀਬੀ ਕਰਤਾਰ ਕੌਰ ਨੂੰ ਭਾਈ ਸਾਹਿਬ ਜੀ ਦੇ ਨਿੱਜੀ ਸਾਮਾਨ ਵਿੱਚ ਜੋ ਕੁਝ ਸੌਂਪਿਆ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਸਾਹਿਬ। ਭਾਈ ਸਾਹਿਬ ਦੇ ਜੀਵਨ ਦਾ ਹਰ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਜਬਰ- ਜ਼ੁਲਮ ਤਸ਼ੱਦਦ, ਗ਼ੁਲਾਮੀ ਅਤੇ ਅਣ-ਮਨੁੱਖੀ ਵਰਤਾਰੇ ਖ਼ਿਲਾਫ਼ ਲੜ-ਮਰਨ ਦਾ ਸੀ।

***

## 2023 ਦੌਰਾਨ ਲੋਕ ਅੰਦੋਲਨਾਂ ਨੂੰ ਕੁਚਲਣ

ਨਵੀਂਆਂ ਨੌਕਰੀਆਂ ਪੈਦਾ ਹੋਣਗੀਆਂ। ਨਵੀਆਂ ਭਰਤੀਆਂ ਹੋਣਗੀਆਂ, ਲੋਕਾਂ ਨੂੰ ਤਨਖ਼ਾਹ ਮਿਲੇਗੀ, ਉਨ੍ਹਾਂ ਦੀ ਖ਼ਰੀਦ ਸ਼ਕਤੀ ਵਧੇਗੀ, ਇਸ ਦੇ ਨਾਲ ਹੀ ਮੰਗ ਵਧਣ ਨਾਲ ਉਤਪਾਦਨ ਵਧੇਗਾ ਅਤੇ ਸਮਾਜ ਨੂੰ ਮਹਿੰਗਾਈ ਅਤੇ ਬੇਰੁਜ਼ਗਾਰੀ ਤੋਂ ਮੁਕਤੀ ਮਿਲੇਗੀ। ਇਸ ਦੇ ਉਲਟ ਮੋਦੀ ਸਰਕਾਰ ਵੱਲੋਂ ਜਨਤਕ ਅਦਾਰਿਆਂ ਵਿੱਚ ਨਿਵੇਸ਼ ਕਰਨ ਦੀ ਬਜਾਏ ਉਦਯੋਗਪਤੀਆਂ ਨੂੰ ਵੇਚਿਆ ਜਾ ਰਿਹਾ ਹੈ। ਭਾਰਤ ਸਰਕਾਰ ਨੇ ਉਦਯੋਗਪਤੀਆਂ ਦੇ ਟੈਕਸਾਂ ਵਿੱਚ ਭਾਰੀ ਕਟੌਤੀ ਕੀਤੀ ਹੈ ਅਤੇ ਸਿੱਧੇ ਟੈਕਸਾਂ ਵਿੱਚ ਵਾਧਾ ਕੀਤਾ ਹੈ ਜਿਸ ਕਾਰਨ ਅਮੀਰ ਹੋਰ ਅਮੀਰ ਹੋ ਰਿਹਾ ਹੈ ਜਦੋਂ ਕਿ ਗ਼ਰੀਬ ਹੋਰ ਗ਼ਰੀਬ ਹੋ ਰਿਹਾ ਹੈ। ਇਹੋ ਸਥਿਤੀ ਲਗਭਗ ਸਾਰੀ ਦੁਨੀਆ ਵਿਚ ਹੈ। ਬੇਰੁਜ਼ਗਾਰੀ, ਊਰਜਾ, ਖੁਰਾਕੀ ਵਸਤਾਂ, ਟਰਾਂਸਪੋਰਟ, ਸਿੱਖਿਆ, ਦਵਾਈਆਂ ਦੀਆਂ ਵਧਦੀਆਂ ਕੀਮਤਾਂ ਕਾਰਨ ਲੋਕਾਂ ਦਾ ਜੀਵਨ ਪੱਧਰ ਡਿੱਗ ਰਿਹਾ ਹੈ। ਇਸ ਦੇ ਵਿਰੋਧ ਵਿੱਚ ਭਾਰਤ ਸਮੇਤ ਦੁਨੀਆ ਦੇ ਸਾਰੇ ਦੇਸ਼ਾਂ ਦੀਆਂ ਜਨਤਕ ਅਤੇ ਮਜ਼ਦੂਰ ਜਥੇਬੰਦੀਆਂ ਲਗਾਤਾਰ ਰੈਲੀਆਂ, ਮੁਜ਼ਾਹਰੇ ਅਤੇ ਹੜਤਾਲਾਂ ਕਰ ਰਹੀਆਂ ਹਨ।

ਹਿੰਦ ਮਹਾਸਾਗਰ ਵਿੱਚ ਸਥਿਤ ਇੱਕ ਟਾਪੂ ਦੇਸ਼ ਸ੍ਰੀਲੰਕਾ ਭੁੱਖ ਮਰੀ ਤੇ ਆਰਥਿਕ ਸੰਕਟ ਦਾ ਸ਼ਿਕਾਰ ਹੈ।ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭਾਰਤ ਤੋਂ ਉਸਨੇ 20 ਲੱਖ ਅੰਡੇ ਮੰਗਵਾਏ ਹਨ। ਇਸੇ ਤਰ੍ਹਾਂ ਕੁਝ ਹੋਰ ਖਾਣ-ਪੀਣ ਦੀਆਂ ਵਸਤੂਆਂ ਵੀ ਖਰੀਦੀਆਂ ਗਈਆਂ ਹਨ।

ਇਸ ਸਮੇਂ ਬ੍ਰਿਟੇਨ ਵਿਚ ਰਹਿਣਾ ਕਿੰਨਾ ਮੁਸ਼ਕਿਲ ਹੋ ਗਿਆ ਹੈ, ਬ੍ਰਿਟੇਨ ਦੇ ਇਕ ਖਪਤਕਾਰ ਸਮੂਹ ਵਿੱਚ ਨੇ ਤਿੰਨ ਹਜ਼ਾਰ ਲੋਕਾਂ 'ਤੇ ਇਕ ਸਰਵੇ ਕੀਤਾ। ਸਰਵੇਖਣ ਵਿੱਚ ਪਾਇਆ ਗਿਆ ਕਿ ਯੂਕੇ ਦੇ ਲਗਭਗ ਅੱਧੇ ਪਰਿਵਾਰ ਇੱਕ ਸਮੇਂ ਦਾ ਭੋਜਨ ਛੱਡ ਰਹੇ ਹਨ। ਖਪਤਕਾਰ ਸਮੂਹ ਦੇ ਮੁਖੀ ਸੁਦਰੇਵਿਸ ਦਾ ਕਹਿਣਾ ਹੈ ਕਿ ਰੋਜ਼ੀ-ਰੋਟੀ ਦੇ ਇਸ ਸੰਕਟ ਕਾਰਨ ਲੱਖਾਂ ਲੋਕਾਂ ਨੂੰ ਜਾਂ ਤਾਂ ਆਪਣਾ ਭੋਜਨ ਛੱਡਣਾ ਪੈ ਰਿਹਾ ਹੈ ਜਾਂ ਉਨ੍ਹਾਂ ਦੀ ਪਲੇਟ ਵਿੱਚੋਂ ਪੌਸ਼ਟਿਕ ਭੋਜਨ ਗਾਇਬ ਹੋ ਰਿਹਾ ਹੈ। ਸਰਵੇਖਣ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਬਰਤਾਨੀਆ ਵਿੱਚ 80 ਫ਼ੀਸਦੀ ਪਰਿਵਾਰ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ। ਇੰਗਲਿਸ਼ ਕਲੈਕਟਿਵ ਆਫ ਪ੍ਰੋਸਟੀਟਿਊਸ਼ਨ ਨਾਂ ਦੀ ਸੰਸਥਾ ਦੀ ਰਿਪੋਰਟ ਮੁਤਾਬਕ ਵਧਦੀ ਮਹਿੰਗਾਈ ਕਾਰਨ ਔਰਤਾਂ ਸੈਕਸ ਵਪਾਰ ਕਰਨ ਲਈ ਮਜਬੂਰ ਹਨ।

ਕਰੋਨਾ ਮਹਾਮਾਰੀ ਤੋਂ ਬਾਅਦ ਦੁਨੀਆ ਦੇ ਵੱਡੇ ਅਰਥਚਾਰੇ ਮੰਦੀ ਦੀ ਲਪੇਟ ਵਿੱਚ ਆਏ ਹਨ। ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਬਹੁਤ ਸਾਰੇ ਕਾਰਪੋਰੇਟ ਅਦਾਰਿਆਂ ਦੀ ਆਮਦਨ ਤਾਂ ਵਧੀ ਹੈ ਪਰ ਕੁਝ ਅਦਾਰਿਆਂ ਨੂੰ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਨਾਲ ਵਧ ਰਹੀ ਆਰਥਿਕ ਨਾਬਰਾਬਰੀ ਕਾਰਨ ਮੰਡੀ ਵਿਚ ਮੰਗ ਘਟ ਰਹੀ ਹੈ ਅਤੇ ਅਰਥਚਾਰੇ ਗੰਭੀਰ ਮੰਦੀ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਹੈ । ਲਗਭਗ ਹਰ ਦੇਸ਼ ਵਿੱਚ ਮਹਿੰਗਾਈ ਵਧ ਰਹੀ ਹੈ ਅਤੇ ਹੇਠਲੇ ਦਰਜੇ ਦੇ 50-60 ਫ਼ੀਸਦੀ ਲੋਕਾਂ ਦੀ ਆਮਦਨ ਘਟ ਰਹੀ ਹੈ। ਇਸ ਦੇ ਬਾਵਜੂਦ ਸਰਕਾਰਾਂ ਕਾਰਪੋਰੇਟ ਅਦਾਰਿਆਂ ਅਤੇ ਸਿਖ਼ਰਲੇ ਅਮੀਰਾਂ 'ਤੇ ਟੈਕਸ ਵਧਾਉਣ ਤੋਂ ਇਨਕਾਰ ਕਰ ਰਹੀਆਂ ਹਨ। ਅਜਿਹੇ ਰੁਝਾਨ ਗੰਭੀਰ ਆਰਥਿਕ ਸੰਕਟ ਅਤੇ ਸਮਾਜਿਕ ਕਲੇਸ਼ ਦਾ ਕਾਰਨ ਬਣ ਸਕਦੇ ਹਨ।ਸ੍ਰੀ ਲੰਕਾ ,ਪਾਕਿਸਤਾਨ ਦੀ ਸਥਿਤੀ ਬਹੁਤ ਗੰਭੀਰ ਹੈ।

***

## ਸ਼੍ਰੋਮਣੀ ਕਮੇਟੀ ਲਈ ਇੱਕ ਪਾਰਲੀਮੈਂਟ ਵਾਂਗ ਕੰਮ ਕਰਨ

ਵਿਕਾਸ, ਸਿੱਖ ਸੱਭਿਆਚਾਰ, ਪੰਥਕ ਮੀਡੀਆ, ਸਿੱਖ ਜੁਗਤਿ, ਪ੍ਰਬੰਧ ਅਤੇ ਸਿੱਖ ਖੇਡ ਸੱਭਿਆਚਾਰ, ਵਾਤਾਵਰਨ ਆਦਿ ਵਿਸ਼ਿਆਂ ਬਾਰੇ ਮੁੱਖ ਤੌਰ 'ਤੇ ਵਿਚਾਰ ਕੀਤਾ ਜਾਵੇ ਅਤੇ ਗੁਰਮਤੇ ਸੋਧੇ ਜਾਣ।ਵਿਸਾਖੀ ਸਮੇਂ ਬੁਲਾਏ ਜਾਣ ਵਾਲੇ ਸੈਸ਼ਨ ਵਿੱਚ ਸਿੱਖ ਆਰਥਿਕਤਾ, ਸਿੱਖ ਭੂਗੋਲਿਕ ਵਿਸਥਾਰ, ਬਦਲਦੀਆਂ ਸਿੱਖ ਤੇ ਵਿਸ਼ਵ ਪ੍ਰਸਥਿਤੀਆਂ ਬਾਰੇ ਵਿਚਾਰਾਂ ਕਰਨ ਦੇ ਨਾਲ-ਨਾਲ ਸਮੁੱਚੀ ਸਿੱਖ ਸ਼ਕਤੀ ਦੀਆਂ ਗਲੋਬਲ ਜ਼ਿੰਮੇਵਾਰੀਆਂ ਵਿੱਚ ਆਪਸੀ ਤਾਲਮੇਲ, ਸਹਿਯੋਗ ਤੇ ਨਵੀਆਂ ਚੁਨੌਤੀਆਂ ਦਾ ਸਾਹਮਣਾ ਕਰਨ ਲਈ ਵਿਚਾਰ ਕਰਕੇ ਗੁਰਮਤੇ ਹੋਣ। ਇਹ ਸੈਸ਼ਨ ਜਿੱਥੇ ਸਿੱਖ ਪੰਥ ਦੀਆਂ ਸਮੁੱਚੀਆਂ ਪ੍ਰਾਪਤੀਆਂ ਦੀ ਸਮੀਖਿਆ ਕਰੇ, ਉੱਥੇ ਨਾਲ ਹੀ ਸਿੱਖ ਪੰਥ ਅਤੇ ਮਾਨਵ ਜਾਤੀ ਦੇ ਨਵੇਂ ਭਵਿੱਖ ਅਤੇ ਗੁਰੂ ਪ੍ਰਤੀ ਪ੍ਰਤੀਬੱਧਤਾ ਨੂੰ ਵੀ ਦ੍ਰਿੜ੍ਹ ਕਰੇ। ਕੁਝ ਵਿਸ਼ੇਸ਼ ਪ੍ਰਸਥਿਤੀਆਂ ਵਿੱਚ ਇਹ ਸੈਸ਼ਨ ਉਪਰੋਕਤ ਮੌਕਿਆਂ ਤੋਂ ਬਿਨਾਂ ਵੀ ਬੁਲਾਏ ਜਾ ਸਕਦੇ ਹਨ, ਜਿਸ ਲਈ ਵਿਸ਼ੇਸ਼ ਵਿਧੀ ਅਪਣਾਈ ਜਾਣੀ ਜ਼ਰੂਰੀ ਹੋਵੇਗੀ।

***

## ਏਸ਼ੀਆ ਨੂੰ ਕਿੱਥੇ ਲੈ ਜਾਵੇਗੀ...

ਨਾਲ ਸਰਹੱਦੀ ਵਿਵਾਦਾਂ ਵਿੱਚ ਘਿਰੇ ਏਸ਼ੀਆਈ ਮੁਲਕਾਂ ਨੂੰ ਡਰ ਦਿਖਾ ਕੇ ਮੁਨਾਫ਼ਾ ਕਮਾ ਰਿਹਾ ਹੈ।

ਤਾਜ਼ਾ ਨਿਰਯਾਤ: ਚੀਨ ਪੰਜਵਾਂ ਸਭ ਤੋਂ ਵੱਡਾ ਖਰੀਦਦਾਰ ਅਤੇ ਚੌਥਾ ਸਭ ਤੋਂ ਵੱਡਾ ਬਰਾਮਦਕਾਰ ਵੀ ਹੈ। ਇਹ ਭਾਰਤ ਲਈ ਚਿੰਤਾਜਨਕ ਹੈ। ਭਾਵੇਂ ਭਾਰਤ ਬ੍ਰਹਮੋਸ ਮਿਜ਼ਾਈਲ, ਤੇਜਸ ਲੜਾਕੂ ਜਹਾਜ਼, ਆਕਾਸ਼ ਮਿਜ਼ਾਈਲ, ਪ੍ਰਚੰਡ ਅਤੇ ਰੁਦਰ ਹੈਲੀਕਾਪਟਰ ਵਰਗੇ ਸਵਦੇਸ਼ੀ ਹਥਿਆਰਾਂ ਨੂੰ ਵਿਕਸਤ ਕਰਕੇ ਬਰਾਮਦ ਵੱਲ ਵਧ ਰਿਹਾ ਹੈ, ਫਿਰ ਵੀ ਭਾਰਤੀ ਹਥਿਆਰਾਂ ਦੀ ਬਰਾਮਦ ਦਰ 0.2 ਫੀਸਦੀ ਤੋਂ ਵੱਧ ਨਹੀਂ ਹੈ। ਰੱਖਿਆ ਮੰਤਰਾਲੇ ਨੇ ਸਾਲ 2024-25 ਤੱਕ ਰੱਖਿਆ ਨਿਰਯਾਤ ਨੂੰ 35 ਹਜ਼ਾਰ ਕਰੋੜ ਤੱਕ ਵਧਾਉਣ ਦਾ ਟੀਚਾ ਰੱਖਿਆ ਹੈ। ਭਾਰਤ ਨੂੰ ਹਥਿਆਰਾਂ ਦੀ ਦੌੜ ਵਿੱਚੋਂ ਬਾਹਰ ਆਉਣ ਵਿੱਚ ਬਹੁਤ ਸਮਾਂ ਲੱਗੇਗਾ, ਪਰ ਕੇਂਦਰ ਸਰਕਾਰ ਦੀਆਂ ਨੀਤੀਆਂ ਤੋਂ ਸਾਫ਼ ਹੈ ਕਿ ਆਉਣ ਵਾਲੇ ਦਹਾਕਿਆਂ ਵਿੱਚ ਭਾਰਤ ਇਸ ਵਿੱਚੋਂ ਕਾਫ਼ੀ ਹੱਦ ਤੱਕ ਬਾਹਰ ਆ ਸਕਦਾ ਹੈ। ਇਸ ਦੇ ਨਾਲ ਹੀ, ਹਥਿਆਰਾਂ ਦੀ ਵਿਕਰੀ ਵਿਚ ਇਕੱਲੇ ਅਮਰੀਕਾ ਦੀ ਹਿੱਸੇਦਾਰੀ 40 ਪ੍ਰਤੀਸ਼ਤ ਹੈ, ਜਦੋਂ ਕਿ ਚੀਨ ਸਮੇਤ ਕੁਝ ਹਥਿਆਰ ਉਤਪਾਦਕ ਏਸ਼ੀਆਈ ਦੇਸ਼ਾਂ ਦੀ ਵਿਸ਼ਵ ਹਥਿਆਰਾਂ ਦੀ ਮਾਰਕੀਟ ਵਿਚ ਸਿਰਫ 10 ਪ੍ਰਤੀਸ਼ਤ ਹਿੱਸੇਦਾਰੀ ਹੈ।

### ਭਾਰਤ ਨੇ ਖਰੀਦ ਘਟਾਈ

ਭਾਵੇਂ ਭਾਰਤ ਪਿਛਲੇ ਪੰਜ ਸਾਲਾਂ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਖਰੀਦਦਾਰ ਰਿਹਾ ਹੈ, ਇਸ ਨੇ 2013-17 ਦੇ ਮੁਕਾਬਲੇ ਆਪਣੀ ਖਰੀਦਦਾਰੀ ਵਿੱਚ 11 ਫੀਸਦੀ ਦੀ ਕਮੀ ਕੀਤੀ ਹੈ। ਸਰਹੱਦ 'ਤੇ ਤਣਾਅ ਦੇ ਬਾਵਜੂਦ ਸਿਰਫ਼ ਜ਼ਰੂਰੀ ਰੱਖਿਆ ਸੌਦੇ ਹੀ ਕੀਤੇ ਜਾ ਰਹੇ ਹਨ।ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦਾ ਕਹਿਣਾ ਹੈ ਕਿ ਭਾਰਤ ਦੀ ਹਥਿਆਰਾਂ ਦੀ ਖਰੀਦ ਪ੍ਰਕਿਰਿਆ ਗੁੰਝਲਦਾਰ ਅਤੇ ਹੌਲੀ ਰਹੀ ਹੈ ਅਤੇ ਇਸ ਨੇ ਸਵਦੇਸ਼ੀ ਤਕਨਾਲੋਜੀ ਅਤੇ ਮੇਕ ਇਨ ਇੰਡੀਆ 'ਤੇ ਜ਼ੋਰ ਦਿੱਤਾ ਹੈ। ਇਸ ਤੋਂ ਇਲਾਵਾ ਦਰਾਮਦ ਘਟਾਉਣ ਲਈ ਭਾਰਤ ਵਿੱਚ ਤਿਆਰ ਹਥਿਆਰਾਂ ਲਈ ਵੱਖਰੇ ਬਜਟ ਦੀ ਵਿਵਸਥਾ, ਰੱਖਿਆ ਖੇਤਰ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਸੀਮਾ 49 ਫੀਸਦੀ ਤੋਂ ਵਧਾ ਕੇ 74 ਫੀਸਦੀ ਕਰਨ ਅਤੇ ਕਈ ਹਥਿਆਰਾਂ ਦੀ ਖਰੀਦ 'ਤੇ ਪਾਬੰਦੀ ਲਗਾਉਣ ਵਰਗੇ ਕਦਮ ਸ਼ਾਮਲ ਹਨ ਪਰ ਹਥਿਆਰ ਭਾਵੇਂ ਦੇਸੀ ਹੋਣ ਜਾਂ ਵਿਦੇਸ਼ੀ, ਉਨ੍ਹਾਂ ਦਾ ਮੁਕਾਬਲਾ ਕਿਸੇ ਲਈ ਚੰਗਾ ਨਹੀਂ ਕਿਹਾ ਜਾ ਸਕਦਾ। ਇਹ ਚੰਗੀ ਗੱਲ ਹੈ ਕਿ ਭਾਰਤ ਘੱਟੋ-ਘੱਟ ਸਵਦੇਸ਼ੀਕਰਨ ਰਾਹੀਂ ਵਿਸ਼ਵ ਹਥਿਆਰਾਂ ਦੀ ਰਾਜਨੀਤੀ ਤੋਂ ਬਾਹਰ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ।

***

## ਪੰਜਾਬ 'ਚ ਖ਼ਾਲਿਸਤਾਨੀ ਭਾਵਨਾ ਮੁੜ ਸੁਰਜੀਤ

ਅਤੇ ਪੁਲਿਸ ਤੋਂ ਛੁਪ ਕੇ ਅੰਮ੍ਰਿਤਪਾਲ ਸਿੰਘ ਨੇ ਬਾਗੀ ਵਜੋਂ ਉਸਦਾ ਅਕਸ ਖਰਾਬ ਕੀਤਾ ਹੈ। ਜਿਵੇਂ ਕਿ ਉਸਨੇ ਕਿਹਾ ਕਿ ਬਾਗ਼ੀ ਹੋਣਾ ਮੂਲ ਰੂਪ ਵਿੱਚ ਪੰਜਾਬੀ ਹੈ ਪਰ ਬਾਗੀ ਸਟੈਂਡ ਲੈਂਦੇ ਹਨ ਅਤੇ ਬਾਗੀ ਭੱਜਦੇ ਨਹੀਂ ਹਨ।ਮਨਪ੍ਰੀਤ ਬਾਦਲ ਦਾ ਮੰਨਣਾ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਪਾਕਿਸਤਾਨ ਅਤੇ ਆਈਐਸਆਈ ਵੱਲੋਂ ਪੰਜਾਬ ਵਿੱਚ ਖਾਲਿਸਤਾਨ ਦੀ ਲਾਟ ਨੂੰ ਮੁੜ ਜਗਾਉਣ ਅਤੇ ਪੰਜਾਬ ਨੂੰ ਬਾਕੀ ਦੇਸ਼ ਨਾਲੋਂ ਤੋੜਨ ਦੀ ਕੀਤੀ ਜਾ ਰਹੀ ਇੱਕ ਨਵੀਂ ਕੋਸ਼ਿਸ਼ ਦਾ ਚਿਹਰਾ ਹੈ ਅਤੇ ਉਸ ਦਾ ਸਮਰਥਨ ਕੀਤਾ ਜਾ ਰਿਹਾ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ



ON

jus PUNJABI HD

sling

CREDIBILITY

RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com